# ਨਿਹਕਲੰਕ ਨਰਾਇਣ ਨਰ ਜੋਤ ਪ੍ਰਕਾਸ਼





| ਨੰ | ਤਤਕਰਾ | ਪੰਨਾ |
|---|---|---|
| ੧ | " ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ " ਸਤਿਗੁਰਾਂ ਦੁਆਰਾ ਕੀਤੇ ਅਰਥ | ੧ |
| ੨ | ਭਵਿਖਤ ਭਾਖਿਆ | ੩ |
| | - ਰਿਸ਼ੀ ਵੇਦ ਵਿਆਸ | ੩ |
| | - ਬੌਧ ਧਰਮ, ਹਜ਼ਰਤ ਈਸਾ, ਹਜ਼ਰਤ ਮੂਸਾ | ੪ |
| | - ਮੁਹੰਮਦ ਸਾਹਿਬ | ੫ |
| | - ਗੁਰੂ ਨਾਨਕ ਦੇਵ ਜੀ | ੫ |
| | - ਸ਼੍ਰੀ ਗੁਰੂ ਗ੍ਰੰਥ ਸਾਹਿਬ | ੬ |
| | - ਦਸਮ ਗ੍ਰੰਥ | ੬ |
| ੩ | ਬਾਬਾ ਮਹਤਾਬ ਸਿੰਘ | ੮ |
| ੪ | ਸੰਤ ਮਨੀ ਸਿੰਘ | ੯ |
| ੫ | ਮਹਾਰਾਜ ਸ਼ੇਰ ਸਿੰਘ, ਨਿਹਕਲੰਕ ਨਰਾਇਣ ਨਰ | ੧੧ |
| ੬ | ਮਹਾਰਾਜ ਪੂਰਨ ਸਿੰਘ ਜੀ | ੧੯ |
| ੭ | ਵਿਸ਼ੇਸ਼ | ੫੨ |
| ੮ | ਖਾਸ ਤਿਥੀਆਂ | ੫੭ |

**ਨੌ ਸੌ ਚੌਰਾਨਵੇ ਚੌਕੜੀ ਜੁਗ ਪੂਰਾ ਕਿਸੇ ਨਾ ਦੱਸਿਆ ਨਾਮ, ਹਿੱਸਿਆਂ ਵਿਚ ਸਮਝਾਈਆ ।** ਕਲਜੁਗ ਅੰਤਮ ਹੋ ਮਿਹਰਵਾਨ, ਆਪਣੀ ਦਇਆ ਕਮਾਈਆ । **ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਆਪ ਨਾਮ ਦੇ ਕੇ ਦਾਨ, ਦਾਤੇ ਧਨੀ ਦਿਤੇ ਬਣਾਈਆ ।** (੬ ਅੱਸੂ ੨੦੨੧ ਬਿਕ੍ਰਮੀ)

## " ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ "

ਸਤਿਗੁਰਾਂ ਦੁਆਰਾ ਕੀਤੇ ਅਰਥ

ਅਵਤਾਰ ਪੈਗੰਬਰ ਗੁਰੂ ਸਾਹਿਬਾਨ ਸਚਖੰਡ ਵਿਚ ਅਕਾਲ ਪੁਰਖ ਅੱਗੇ ਬੇਨੰਤੀ ਕਰਦੇ ਹਨ ਕਿ ਐ ਅਕਾਲ ਪੁਰਖ ਅਸੀਂ ਚਾਹੁੰਦੇ ਹਾਂ ਜਿਸ ਤਰ੍ਹਾਂ ਸਚਖੰਡ ਵਿਚ ਤੇਰਾ ਕੋਈ ਮਜ਼੍ਹਬ ਤੇ ਕੋਈ ਜ਼ਾਤ ਤੇ ਵੱਖ-ਵੱਖ ਨਿਯਮ ਨਹੀਂ ਹੈ, ਮਾਤਲੋਕ ਵਿਚ ਏਸੇ ਤਰਾਂ ਸੰਸਾਰ ਤੇ ਇਕ ਵੇਰਾਂ ਸੱਚਾ ਜੁਗ ਲਾ । ਕਿਉਂ ਤੂੰ ਪਿਛਲਿਆਂ ਬੀਤੀਆਂ ਜੁਗਾਂ ਵਿਚ ਸਾਰਿਆਂ ਨੂੰ ਬੋਧ ਕਰ ਦਿਤਾ, ਅਵਤਾਰਾਂ ਨੂੰ ਗੁਰੂਆਂ ਅਤੇ ਪੈਗੰਬਰਾਂ ਨੂੰ ਕਿ ਮੈਂ ਪ੍ਰਮਾਤਮਾ ਸਾਰਿਆਂ ਦਾ ਇਕ ਹਾਂ । ਸਰਵ ਵਿਆਪਕ ਆਤਮਾ ਮੇਰਾ ਜੋਤ ਸਰੂਪ ਇੱਕ ਹੈ । ਪੰਜਾ ਤੱਤਾ ਵਾਲਾ ਸ਼ਰੀਰ ਵੀ ਤੂੰ ਸਾਰਿਆਂ ਇਨਸਾਨਾਂ ਨੂੰ ਇਕੋ ਜਿਹਾ ਦਿੱਤਾ ਹੈ, ਚਾਹੇ ਕੋਈ ਗੋਰਾ ਹੈ ਕਾਲਾ ਹੈ ਇਹ ਇਕ ਵਖਰੀ ਗਲ ਹੈ, ਲੇਕਿਨ ਪ੍ਰਤੱਖ ਸਾਰਿਆਂ ਵਿਚ ਇਕ ਨਜ਼ਰੀ ਆਇਆ । ਪਰ ਤੂੰ ਜਪਣ ਵਾਲਾ ਨਾਮ ਅਜੇ ਤਕ ਇਕ ਨਹੀਂ ਦੱਸਿਆ ਆਪਣਾ ਕਿ ਤੇਰਾ ਅਸਲੀ ਜਪਣ ਵਾਲਾ ਨਾਮ ਕੀ ਹੈ । ਜੇ ਤੂੰ ਆਪਣਾ ਨਾਮ ਇਕ ਜਪਣਵਾਲਾ ਦੱਸ ਦੇਨੋਂ ਤਾਂ ਤੇਰੇ ਵੱਖ ਵੱਖ ਨਾਮ ਨਾ ਹੁੰਦੇ । ਜਿਸ ਨੂੰ ਵੱਖ ਵੱਖ ਨਾ ਪਾਇਆ ਜਾਂਦਾ । ਸਾਡੀ ਅਰਜ਼ੋਈ ਹੈ ਕਿ ਤੂੰ ਆਪਣਾ ਨਾਮ ਸੰਸਾਰ ਵਿਚ ਇਕ ਜੈਸਾ ਪ੍ਰਸਿਧ ਕਰ ਜਿਸ ਵਿਚ ਹਿੰਦੂ ਮੁਸਲਮ ਸਿੱਖ ਇਸਾਈ ਪਾਰਸੀ ਬੋਧੀ ਜੈਨੀ ਨੂੰ ਇਕ ਦੂਜੇ ਨਾਲ ਘਿਰਨਾ ਨਾ ਹੋਵੇ । ਕੋਈ ਸ਼ਰਅ ਵਾਲਾ ਉਠ ਕੇ ਇਸ਼ਾਰਾ ਨਾ ਕਰ ਸਕੇ ।

ਉਪਰੋਤਕ ਬੇਨੰਤੀ ਸੁਣ ਕੇ ਅਕਾਲ ਪੁਰਖ ਨੇ ਆਤਮਾ ਨੂੰ ਸੰਦੇਸ਼ ਦਿੱਤਾ, **ਐ ਆਤਮਾ ਮੈਂ ਤੇਰਾ ਪ੍ਰਮਾਤਮਾ ਹਾਂ । ਤੂੰ ਮੇਰੀ ਆਤਮਾ ਹੈ । ਜੋ ਮੈਂ ਹਾਂ ਸੋ ਤੂੰ ਹੈ ।** ਇਸ ਵਾਸਤੇ ਤੂੰ ਜਦੋਂ ਮਿਲਣਾ ਹੈ ਮੈਨੂੰ ਹੀ ਮਿਲਣਾ ਹੈ । ਫਿਰ ਤੂੰ ਮੇਰੀ ਯਾਦ ਕਰ । ਮੇਰੀ ਯਾਦ ਕਿਉਂ ਕਰ ਕੀਤੀ ਜਾਵੇ ? ਮੇਰੇ ਵਿਚ ਕੁੱਛ ਗੁਣ ਹਨ । ਉਹ ਜਿਹੜੇ ਗੁਣ ਹਨ ਉਹਨਾਂ ਗੁਣਾਂ ਦੇ ਨਾਲ ਮੈਂ ਪ੍ਰਤੀਤ ਤੇ ਪ੍ਰਸਿਧ ਹੁੰਦਾ ਹਾਂ । ਉਹਨਾਂ ਵਿਚ ਸਭ ਤੋਂ ਪਹਿਲਾ ਉਤਮ ਸ੍ਰੇਸ਼ਟ ਤੇ ਵਿਸ਼ੇਸ਼ਤਾ ਦਾ ਗੁਣ ਮੇਰੇ ਵਿਚ ਏਹ ਹੈ ਕਿ **ਮੈਂ ਮਹਾਰਾਜ ਹਾਂ ।** ਸਾਰਿਆਂ ਦਾ ਰਾਜਾ ਤੇ ਸਾਰਿਆਂ ਦਾ ਪਾਤਸ਼ਾਹ ਹਾਂ । ਮੇਰੇ ਤੋਂ ਵਡਾ ਕੋਈ ਹੈ ਹੀ ਨਹੀਂ । ਕਿਉਕਿ **ਸੋ ਹੈ ਪ੍ਰਮਾਤਮਾ ਹੰ ਹੈ ਆਤਮਾ ।**

**ਸੋਹੰ ਆਤਮਾ ਤੇ ਪ੍ਰਮਾਤਮਾ ਦੀ ਧਾਰ ਹੈ ।** ਜਿਸ ਨੂੰ ਵਿਸ਼ਨੂੰ ਬ੍ਰਹਮਾ ਸ਼ਿਵ ਨੇ ਗਾਇਆ । ਜੁਗਾਂ ਤੋਂ ਲੈ ਕੇ ਸਾਰਿਆਂ ਅਵਤਾਰਾਂ ਪੈਗੰਬਰਾਂ ਨੇ, ਹਜ਼ਰਤ ਮੁਹੰਮਦ ਸਾਹਿਬ ਨੇ ਵੀ ਅੱਲਾ ਹੂ ਤੇ ਅੱਨਾ ਹੂ ਕਰਕੇ ਪੁਕਾਰਿਆ । ਅੱਲਾ ਹੂ ਖ਼ੁਦਾ ਹੈ, ਅੱਨਾ ਹੂ ਓਸ ਦੀ ਜਾਤ ਹੈ । ਭਗਤਾਂ ਨੇ ਵੀ ਓਸੇ ਨੂੰ ਗਾਇਆ । ਸੋਹੰ ਦੇ ਸ਼ਬਦ ਨੂੰ ਸ੍ਰੀ ਗੁਰੂ ਨਾਨਕ ਦੇਵ ਨੇ ਵੀ ਗਾਇਆ ਹੈ । ਯਾਨੀ ਸੋਹੰ ਦੇ ਸ਼ਬਦ ਤੋਂ ਬਗੈਰ ਕਿਸੇ ਨੇ ਦੂਸਰੇ ਸ਼ਬਦ ਦਾ ਜਾਪ ਨਹੀਂ ਕੀਤਾ ਨਾ ਕੋਈ ਕਰ ਸਕੇਗਾ ।

ਦੁਜਾ ਮੇਰੇ ਵਿਚ ਗੁਣ ਕੀ ਹੈ ? ਮਹਾਰਾਜ ਦੇ ਅਗੇ ਆਉਂਦਾ ਹੈ **ਸ਼ੇਰ ਸਿੰਘ** । ਮੈਂ ਇਕ ਭੈ ਦੇਣ ਵਾਲੀ ਸਮੱਰਥ ਤਾਕਤ ਹਾਂ, ਜਿਸ ਤਰ੍ਹਾਂ ਬੱਬਰ ਸ਼ੇਰ ਤੋਂ ਸਾਰੀ ਸ੍ਰਿਸ਼ਟੀ ਭੈ ਖਾਂਦੀ ਹੈ । ਸੰਸਾਰ ਦੇ ਵਿਚ ਬੱਬਰ ਸ਼ੇਰ ਇਕ ਭੈ ਦੇਣ ਵਾਲਾ ਮੰਨਿਆ ਗਿਆ ਹੈ । ਭਾਂਵੇ ਕਿ ਓਹ ਮਨੁੱਖ ਜਾਤ ਦੇ ਅਧੀਨ ਹੈ ਲੇਕਿਨ ਆਮ ਉਹਦੀ ਹੀ ਪ੍ਰਚਲਤ ਹੈ ਕਿ ਸਾਰਿਆਂ ਤੋਂ ਤਾਕਤ ਵਾਲਾ ਹੈ । ਲੇਕਿਨ ਮੈਂ ਸ਼ੇਰ ਦੀ ਨਿਆਈ, ਸ਼ੇਰ ਦੀ ਮਿਸਾਲ ਹੈ ਤੇ ਮੇਰੀ ਮਿਸਾਲ ਕੋਈ ਨਹੀਂ ਦੇ ਸਕਦਾ । ਮੈਂ ਸਾਰਿਆਂ ਨੂੰ ਆਪਣੇ ਡਰ ਤੇ ਭੈ ਵਿਚ ਰੱਖਣ ਵਾਲਾ ਸਮਰੱਥ ਪੁਰਖ ਹਾਂ । ਜਿਤਨੇ ਸੂਰਜ ਚੰਦ ਜਿਮੀ ਅਸਮਾਨ ਅਵਤਾਰ ਪੈਗੰਬਰ ਗੁਰੂ ਜੁਗ ਚੌਕੜੀ ਸਾਰੇ ਮੇਰੇ ਡਰ ਤੇ ਭੈ ਵਿਚ ਹਨ । ਇਹ ਮੇਰਾ ਅਸਲੀ ਰੂਪ ਹੈ ।

ਸ਼ੇਰ ਸਿੰਘ ਦੇ ਅਗੇ ਆਉਂਦਾ ਹੈ **ਵਿਸ਼ਨੂੰ** । ਐ ਮੇਰੇ ਆਤਮਾ ਦਾ ਪਾਤਸ਼ਾਹ, ਸਾਰਿਆਂ ਨੂੰ ਹੁਕਮ ਵਿਚ ਚਲਾਣ ਵਾਲਾ, ਡਰ ਚ ਰੱਖਣ ਵਾਲਾ, ਅਤੇ ਵਿਸ਼ਨੂੰ ਰੂਪ ਹੋ ਕੇ ਸਭ ਨੂੰ ਪਾਲਣ ਵਾਲਾ ਵੀ ਮੈਂ ਹੀ ਹਾਂ । ਜਿਥੇ ਵੀ ਗੁਰਸਿਖ ਯਾਦ ਕਰੇ ਉਥੇ ਹੀ ਉਸ ਦੀ ਸਹਾਇਤਾ ਕਰਦਾ ਹਾਂ ।

ਅਗੇ ਹੈ **ਭਗਵਾਨ ਦੀ ਜੈ** । ਅੰਤ ਮੇਰੀ ਹੀ ਜੈ । ਐ ਆਤਮਾ ਆਦਿ ਵਿਚ ਔਰ ਅੰਤ ਵਿਚ ਸ਼ੁਰੂ ਵਿਚ ਔਰ ਅਖੀਰ ਵਿਚ ਜਦ ਤਕ ਵੀ ਹੈ, ਮੈਂ ਹੀ ਸਾਰਿਆਂ ਦਾ ਪਾਤਸ਼ਾਹ ਹਾਂ ਅਤੇ ਸਭ ਨੂੰ ਆਪਣੇ ਹੁਕਮ ਵਿਚ ਤੇ ਭੈ ਵਿਚ ਚਲਾਣ ਵਾਲਾ ਹਾਂ । ਔਰ ਮੈਂ ਹੀ ਸਾਰਿਆਂ ਦੀ ਪਾਲਣਾ ਕਰਨ ਵਾਲਾ ਹਾਂ । ਇਸ ਵਾਸਤੇ ਤੂੰ ਮੇਰੀ ਜੈ ਕਰ । ਅੱਗੇ ਤੇ ਅੱਲਾ ਵਾਹਿਗੁਰੂ ਰਾਮ ਓਮ ਤਤ ਸਤਿ ਅਨੇਕ ਸ਼ਬਦਾਂ ਦੇ ਭਾਵਾਂ ਦੀ ਤੂੰ ਮੇਰੀ ਜੈ ਕਰਦਾ ਰਿਹਾ । ਕਰਦਾ ਤਾਂ ਜੈ ਤੂੰ ਮੇਰੀ ਹੀ ਹੈ ਲੇਕਿਨ ਓਹ ਵੱਖ ਵੱਖ ਤਰੀਕੇ ਤੇ ਢੰਗ ਤੇ ਸਾਧਨ ਹਨ । ਸੰਸਾਰ ਦੇ ਵਿਚ ਓਹ ਮੇਰੇ ਬਣਾਏ ਹਨ, ਅਵਤਾਰ ਪੈਗੰਬਰ ਗੁਰੂਆਂ ਦਾ ਰੂਪ ਧਾਰਨ ਕਰਕੇ । ਲੇਕਿਨ ਤੂੰ ਸਿਧਾ ਇਕ ਸਾਰਾ ਹੀ ਪਿਆਰ ਮੇਰੇ ਨਾਲ ਬੰਧਨ ਵਾਸਤੇ ਇਹ ਜੈਕਾਰਾ ਬੋਲ :

**" ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ "**

ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

ਨਾਨਕ ਸਤਿਗੁਰ ਕਹਿ ਕੇ ਗਿਆ **ਮਹਾਬਲੀ ਉਤਰੇ ਅਵਤਾਰ, ਮਾਤ ਪਿਤ ਨਾ ਕੋਇ ਬਣਾਈਆ । ਮੁਹੰਮਦ ਕਹਿ ਕੇ ਗਿਆ ਆਏ ਅਮਾਮ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਈਸਾ ਕਹੇ ਮੇਰਾ ਪਿਤਾ ਫੇਰਾ ਮਾਰੇ ਪਰਵਰਦਿਗਾਰ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਮੂਸਾ ਕਹੇ ਜਿਸ ਦਾ ਜਲਵਾ ਤਕ ਕੇ ਡਿਗਾ ਮੂੰਹ ਦੇ ਭਾਰ, ਅੰਤਮ ਫੜ ਕੇ ਬਾਂਹੋਂ ਲਏ ਉਠਾਈਆ । ਵੇਦਵਯਾਸਾ ਲਿਖ ਕੇ ਗਿਆ ਅਪਾਰ, ਪੂਤ ਸਪੂਤਾ ਬ੍ਰਾਹਮਣ ਗੌੜਾ ਉੱਚਾ ਟਿੱਲਾ ਪਰਬਤ ਦਏ ਸੁਹਾਈਆ ।** ਪੁਰਖਅਕਾਲ ਦੀਨਦਿਆਲ ਕਹੇ ਮੇਰੀ ਕਿਸੇ ਨਾ ਪਾਈ ਸਾਰ, ਥੋੜ੍ਹੇ ਥੋੜ੍ਹੇ ਇਸ਼ਾਰੇ ਗਿਆ ਜਣਾਈਆ । ਕਲਜੁਗ ਅੰਤਮ ਇਕ ਇਕੱਲਾ ਆਵੇ ਆਪਣੀ ਵਾਰ, ਵਾਰਤਾ ਸਭ ਦੀ ਵੇਖ ਵਖਾਈਆ । ਕਾਗਦ ਕਲਮ ਸਿਆਹੀ ਨਾ ਲਿਖਣਹਾਰ, ਕਾਤਬ ਰੋਵਣ ਜ਼ਾਰੋ ਜ਼ਾਰ, ਤੁਆਕਬ ਕਰੇ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਆਦਤ ਦੀਨ ਮਜ਼ਬ ਜਾਤ ਪਾਤ ਜੁਗ ਚੌਕੜੀ ਦਿਤੀ ਵਗਾੜ, ਮਨਮਤ ਕੂੜਾ ਰਾਹ ਚਲਾਈਆ । ਅਗੇ ਇਕੋ ਇਬਾਦਤ ਦੱਸੇ ਹਰਿ ਨਿਰੰਕਾਰ, ਸਖ਼ਾਵਤ ਆਪਣੀ ਝੋਲੀ ਪਾਈਆ । ਉਲਫ਼ਤ ਕਰੇ ਸਰਬ ਸੰਸਾਰ, ਗ਼ਫ਼ਲਤ ਕੋਇ ਰਹਿਣ ਨਾ ਪਾਈਆ । ਮਹਫ਼ਿਲ ਲਾ ਕੇ ਗੁਰ ਅਵਤਾਰ, ਪੀਰ ਪੈਗੰਬਰ ਨਗ਼ਮਾ ਨਾਮ ਸੁਣਾਈਆ । ਇਕੋ ਸ਼ਮਅ ਹੋਏ ਉਜਿਆਰ, ਦੀਪਕ ਦੀਆ ਡਗਮਗਾਈਆ । **ਦੂਸਰ ਕੋਈ ਨਾ ਕਰੇ ਨਿਮਸਕਾਰ, ਬਿਨ ਪੁਰਖਅਕਾਲ ਸੀਸ ਨਾ ਕੋਇ ਝੁਕਾਈਆ । ਵਾਇਦਾ ਕੀਤਾ ਗੁਰ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ ।** ਭਰਮੇ ਭੁੱਲੇ ਨਾ ਕੋਇ ਸੰਸਾਰ, ਭਰਮ ਭੁਲੇਖੇ ਵਿਚ ਹਰਿ ਜੂ ਕਦੇ ਨਾ ਆਈਆ । ਲਿਖਿਆਂ ਪੜ੍ਹਿਆਂ ਇਹ ਕਰਨੀ ਵਿਚਾਰ, ਬਿਨ ਲੇਖਾ ਲਿਖਿਆਂ ਨਜ਼ਰ ਕਿਸੇ ਨਾ ਆਈਆ । ਹਰਿ ਕਾ ਲੇਖਾ ਸਦਾ ਲਿਖਣ ਪੜ੍ਹਨ ਤੋਂ ਬਾਹਰ, ਅਲਫ਼ ਯੇ ਹੱਦ ਨਾ ਕੋਇ ਵੰਡਾਈਆ । ਨਿੱਕੀ ਨਿੱਕੀ ਪੀਰ ਪੈਗ਼ੰਬਰਾਂ ਨਾਲ ਕਰਦਾ ਰਹਿਆ ਗੁਫ਼ਤਾਰ, ਗੁਫ਼ਤ ਆਪਣਾ ਰਾਹ ਜਣਾਈਆ । ਜੇ ਕੋਈ ਅਗਾਂਹ ਹੋ ਕੇ ਵੇਖੇ ਦਿਸੇ ਪਰਵਰਦਿਗਾਰ, ਨੂਰ ਨੁਰਾਨਾ ਨਜ਼ਰ ਕਿਸੇ ਨਾ ਆਈਆ । ਇਕੋ ਸਤਿਗੁਰ ਨਾਨਕ ਪੁਰਖ ਅਬਿਨਾਸ਼ੀ ਆਪਣੇ ਚਰਨ ਦਏ ਵਖਾਲ, ਸਚਖੰਡ ਦੁਆਰੇ ਦਿਤੀ ਵਡਿਆਈਆ । ਕਬੀਰ ਜੁਲਾਹੇ ਪ੍ਰੀਤੀ ਬੱਝੀ ਨਾਲ, ਸ੍ਰੀ ਭਗਵਾਨ ਆਪ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਹਰਿ ਨਰਾਇਣ, ਰਸਨਾ ਕੋਈ ਨਾ ਸਕੇ ਕਹਿਣ, ਕਹਿ ਕਹਿ ਅੰਤ ਕੋਇ ਨਾ ਪਾਈਆ । (੨੪ ਚੇਤ ੨੦੨੦ ਬਿਕ੍ਰਮੀ)

## * ਭਵਿਖਤ ਭਾਖਿਆ *

**ਰਿਸ਼ੀ ਵੇਦ ਵਿਆਸ** ਨੇ (ਦੁਆਪਰ ਜੁਗ ਵਿਚ ਪ੍ਰਗਟੇ ੨੧ ਵੇਂ ਅਵਤਾਰ) - ਭਗਵਤ ਪੁਰਾਨ, ਵਿਸ਼ਨੂੰ ਪੁਰਾਨ, ਕਲਿਕੀ ਪੁਰਾਨ ਵਿਚ - **ਚੌਵਿਵਾਂ ਅਵਤਾਰ, ਗੌੜ ਬ੍ਰਾਹਮਣ, ਕਲਿਕੀ ਅਵਤਾਰ** ਕਿਹਾ ਜੋ ਸੰਬਲ ਨਾਮ ਦੀ ਜਗਹ ਜਨਮ ਲੈਣਗੇ ।

ਪਰਮਾਤਮਾ ਸੰਬਲ ਨਗਰ (ਲੋਗ ਅਧਿਆਤਮਕ ਅਭਾਵ ਕਾਰਨ ਇਸ ਨੂੰ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਜ਼ਿਲੇ ਦਾ ਸ਼ਹਿਰ ਮੰਨ ਦੇ ਹਨ ਜੋ ਸੱਚ ਨਹੀਂ ਹੈ) ਵਿਖੇ 'ਵਿਸ਼ਨੂੰਯਸ਼' ਗੌੜ ਬ੍ਰਾਹਮਣ ਦੇ ਘਰ ਨਿਸ਼ਕਲੰਕ ਅਵਤਾਰ ਪਰਗਟ ਹੋਵੇਗਾ ਜੋ ਸਫੇਦ ਘੋੜੇ ਤੇ ਚੜ੍ਹ ਕੇ ਦਿਗਵਿਜੇ ਕਰਦਾ ਹੋਇਆ ਕੁਕਰਮੀਆ ਦਾ ਨਾਸ਼ ਕਰੇਗਾ । ਰਿਸ਼ੀ ਵੇਦ ਵਿਆਸ ਦਾ ਕਥਨ ਹੈ ਕਿ ਨਿਸ਼ਕਲੰਕ ਪਾਸ ਸੱਤਰ (੭੦) ਹੱਥ ਤਲਵਾਰ ਹੋਵੇਗੀ । (ਇਥੇ ਸ਼ਬਦ ਨੂੰ ਤਲਵਾਰ ਦਾ ਨਾਉਂ ਦਿੱਤਾ ਗਿਆ ਹੈ ।)

**ਵਿਸ਼ਨੂੰਯਸ਼** ਦਾ ਭਾਵ ਵਿਸ਼ਨੂੰ ਦੇ ਸਮਾਨ ਮਹਿਮਾ ਵਾਲਾ ਅਤੇ ਇਹ ਵਡਿਆਈ ਕੇਵਲ ਵਿਸ਼ਨੂੰ ਦੀ ਹੀ ਹੈ ਕਿਉਂਕੀ ਵਿਸ਼ਨੂੰ ਦੇ ਤੁਲ ਹੋਰ ਕੋਈ ਦੂਸਰਾ ਨਹੀਂ ।

ਪੁਰਾਤਨ ਗ੍ਰੰਥਾਂ ਵਿਚ **ਸ਼ਬਦ ਨੂੰ ਘੋੜਾ, ਗਰੂੜ, ਬਾਜ਼** ਆਦਿ ਨਾਵਾਂ ਨਾਲ ਦਰਸਾਇਆ ਗਿਆ ਹੈ ।

ਗੌੜ ਬ੍ਰਾਹਮਣਾਂ ਦਾ ਇਕ ਗੋਤਰ ਹੈ ਪਰੰਤੂ ਸ਼ਾਸਤਰਾਂ ਵਿੱਚ ਪੂਰਵ ਬੰਗਾਲ ਅਤੇ ਉੜੀਸਾ ਦੇ ਵਿਚਕਾਰਲੇ ਦੇਸ਼ ਨੂੰ ਵੀ ਗੌੜ ਦੀ ਸੰਗਿਆ ਮਿਲਦੀ ਹੈ । **ਜੋਤ ਦੇ ਮੁਤਾਬਕ, ਗੌੜ ਉਸ ਨੂੰ ਕਹਿੰਦੇ ਹਨ ਜਿਸ ਦੇ ਮਾਤਾ ਪਿਤਾ ਦੇ ਨਾਉਂ ਦਾ ਪਤਾ ਨਾ ਹੋਵੇ ਅਤੇ ਪਾਰਬ੍ਰਹਮ ਸੈਭੰ ਹੈ ਜਿਸ ਦਾ ਕੋਈ ਮਾਤਾ ਪਿਤਾ ਨਹੀਂ ।**

ਏਸੇ ਤਰ੍ਹਾਂ ਸੰਬਲ ਭੀ ਕੋਈ ਇਟਾਂ ਗਾਰੇ ਨਾਲ ਬਣਾਇਆ ਸ਼ਹਿਰ ਨਹੀਂ, ਇਹ ਪੰਜ ਤਤ ਸ਼ਰੀਰ ਦਾ ਨਾਉਂ ਹੈ ਜਿਥੇ ਅਕਾਲ ਪੁਰਖ ਦੀ ਜੋਤ ਦਾ ਪ੍ਰਕਾਸ਼ ਹੋਵੇਗਾ ।

**ਬੌਧ ਧਰਮ** - ਮੈਤ੍ਰੀ ਬੁਧਾ ਦੇ ਨਾਮ ਨਾਲ ਸੰਬੋਧਨ ਕਿਤਾ (ਜਦ ਸਾਰੇ ਗੌਤਮ ਬੁਧਾ ਦੀ ਸਿਖਿਆ ਨੂੰ ਭੁਲ ਜਾਣਗੇ ਤਾਂ ਮੈਤ੍ਰੀ ਬੁਧਾ ਧਰਤੀ ਤੇ ਆਏਗਾ ਔਰ ਨਵਾਂ ਧਰਮ ਚਲਾਏਗਾ)

**ਹਜ਼ਰਤ ਈਸਾ** - ਅਰਸ਼ੀ ਪਿਤਾ/ ਨੂਰੀ ਅੱਬਾ/ ਲੌਰਡ (lord), ਅਰਥਾਤ ਪਿਤਾ ਵੀਹਵੀਂ ਸਦੀ ਚ ਆਏਗਾ ਅਤੇ ਮਾਤਲੋਕ ਤੇ ਸਤਿਜੁਗ ਦੀ ਸਥਾਪਨਾ ਕਰੇਗਾ ।(ਸਨ ਔਫ ਮੈਨ (son of man) ਅਰਥਾਤ ਸ਼ਬਦ ਸੁਤ ਨੂੰ ਭੇਜੇਗਾ)

ਹਜ਼ਰਤ ਈਸਾ ਨੂੰ ਮਿਰਤੂ ਡੰਡ ਇਹ ਆਖਣ ਤੇ ਦਿਤਾ ਗਿਆ ਸੀ ਕਿ ਉਸ ਦਾ ਅਰਸ਼ੀ ਪਿਤਾ ਮਾਤਲੋਕ ਵਿਖੇ ਆਪਣੇ ਚੁਰਾਸੀ ਦੇ ਬਾਗ ਨੂੰ ਵੇਖਣ ਆਏਗਾ ਅਤੇ ਸੰਸਾਰ ਅੰਦਰ ਆਪਣੀ ਹਕੂਮਤ ਸਥਾਪਤ ਕਰੇਗਾ ।

ਉਸ ਦੇ ਧਾਰਮਿਕ ਗੁਰੂ ਸੰਤ ਜੋਹਾਨਾ ਇਕ ਦਿਨ ਉਸ ਨੂੰ ਆਖਣ ਲੱਗੇ ਕਿ ਐ ਈਸਾ, ਤੂੰ ਤੇ ਉਹ ਗੱਲਾਂ ਦੱਸਦਾ ਹੈਂ ਜਿਸ ਦੀ ਮੈਨੂੰ ਵੀ ਸੋਝੀ ਨਹੀ ਪਰ ਤੂੰ ਆਖਦਾ ਸੱਚ ਹੈ । ਮੈਂ ਜਾਣਨਾ ਚਾਹੁੰਦਾ ਹਾਂ ਕਿ ਜਦ ਤੇਰਾ ਅਰਸ਼ੀ ਪਿਤਾ ਮਾਤਲੋਕ ਵਿਖੇ ਆਪਣਾ ਰਾਜ ਕਾਇਮ ਕਰਨ ਆਇਆ ਤਾਂ ਉਸ ਦਾ ਨਾਉਂ ਕੀ ਹੋਵੇਗਾ । ਹਜ਼ਰਤ ਈਸਾ ਨੇ ਉੱਤਰ ਦੇਂਦਿਆਂ ਕਿਹਾ ਕਿ ਉਸ ਦਾ ਨਾਉਂ (king of kings, lord of lords, sustainer of all) " ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ " ਹੋਵੇਗਾ ।

**ਹਜ਼ਰਤ ਮੂਸਾ** - ਅੰਜੀਲ ਅੰਦਰ ਲਿਖਦੇ ਹਨ ਕਿ ਜਦੋਂ ਸਾਰਾ ਸੰਸਾਰ ਤੰਦੂਰ ਦੀ ਤਰਾਂ ਤਪਨ ਲੱਗਾ ਅਤੇ ਪਾਖੰਡੀ ਅਤੇ ਹੰਕਾਰੀ ਉਸ ਵਿਚ ਮੁਰਦਿਆਂ ਦੀ ਭਾਂਤੀ ਸੜਨ ਲਗੇ ਤਾਂ ਉਸ ਸਮੇ ਆਲੀਜਾਹ (Elijah) ਅਥਵਾ ਸਚ ਦਾ ਸੂਰਜ ( sun of righteousness) ਮਾਤਲੋਕ ਵਿਚ ਅਵਤਾਰ ਲਏਗਾ । (ਮਾਲਚੀ-ਬਾਬ 4, ਪੰਕਤੀ 2-3)

ਪਰਮਾਤਮਾ ਨੇ ਇਹ ਵਾਅਦਾ ਹਜ਼ਰਤ ਮੂਸਾ ਨਾਲ ਹੋਰਬ (horeb) ਦੇ ਮੁਕਾਮ ਤੇ ਕੀਤਾ ਸੀ । ਸੋ ਹਜ਼ਰਤ ਮੂਸਾ ਦੇ ਮੁਰੀਦ ਭੀ ਉਸ ਦੀ ਰਾਹ ਤਕ ਰਹੇ ਹਨ ।

ਜਦ ਮੂਸਾ ਨੇ "ਰੱਬੁਲ-ਅਰਨੀ" ਦਾ ਸ਼ਬਦ ਆਖ ਕੇ ਪਰਮਾਤਮਾ ਪਾਸੋਂ ਉਸ ਦਾ ਦੀਦਾਰ ਮੰਗਿਆ ਤਾਂ ਪਰਮਾਤਮਾ ਨੇ ਉਸ ਨੂੰ ਉੱਤਰ ਵਿੱਚ ਯਹੂਦੀ ਸ਼ਬਦ "ਲਨਤੁਰਨੀ" ਆਖਿਆ ਜਿਸ ਦਾ ਅਰਥ ਹੈ ਕਿ ਤੂੰ ਮੈਨੂੰ ਨਹੀਂ ਵੇਖ ਸਕਦਾ । ਪਰਤੂੰ ਮੂਸਾ ਪ੍ਰਭੂ ਦਰਸ਼ਨਾਂ ਲਈ ਸਦਾ ਤੜਫਦਾ ਰਿਹਾ ਅਤੇ ਅਕਾਲ ਪੁਰਖ ਦੇ ਚਰਨਾਂ ਵਿਖੇ ਆਪਣੀ ਇੱਛਾ ਦੇ ਅੰਬਾਰ ਲਾਉਂਦਾ ਚਲਾ ਗਿਆ ।

ਇਕ ਦਿਨ ਪਰਮਾਤਮਾ ਨੇ ਉਸ ਦੀ ਬੇਨਤੀ ਕਬੂਲ ਕਰਕੇ ਉਸ ਨੂੰ ਜਦ ਕੋਹਤੂਰ ਦੇ ਪਹਾੜ ਤੇ ਆਪਣੇ ਨੂਰੀ ਦੀਦਾਰ ਦੀ ਇਕ ਛੋਟੀ ਜਿਹੀ ਝਲਕ ਦਰਸਾਈ ਤਾਂ ਉਹ ਉਸ ਦੀ ਤਾਬ ਨਾ ਝਲ ਸਕਿਆ ਅਤੇ ਗ਼ਸ਼ ਖਾ ਕੇ ਮੂੰਹ ਦੇ ਭਾਰ ਜਾ ਡਿੱਗਾ । ਹਜ਼ਰਤ ਮੂਸਾ ਨੇ ਉਸ ਪ੍ਰਕਾਸ਼ ਨੂੰ "ਜਿਹੋਵਾ" (jehovah) ਕਿਹਾ ਜਿਸ ਦਾ ਅਰਥ ਹੈ ਆਪਣੇ ਆਪ ਤੋਂ ਉਤਪਨ ਹੋਣ ਵਾਲਾ ਅਤੇ ਉਹ ਕੇਵਲ ਪਰਮਾਤਮਾ ਹੀ ਹੈ ।

**ਮੁਹੰਮਦ ਸਾਹਿਬ** ਦਾ ਇਹ ਵਿਸ਼ਵਾਸ ਹੈ ਕਿ - ਉਨਾਂ ਦੀ ਉਮਤ ਦੀ ਆਯੂ ਕੇਵਲ ੧੪੦੦ ਬਰਸ ਹੈ ਅਤੇ ਚੌਦਵੀਂ ਸਦੀ (ਹਿਜਰੀ) ਦੇ ਅੰਤ ਤੇ ਸਾਰੀ ਸ੍ਰਿਸ਼ਟੀ ਜਦੋਂ ਸ਼ੈਤਾਨ (ਦਜ਼ਾਲ) ਦੇ ਚੁੰਗਲ ਵਿਚ ਫਸ ਜਾਏਗੀ ਤਾਂ ਉਸ ਸਮੇਂ ਅਮਾਮ ਮਹਿਦੀ ਦੁਨੀਆ ਦੇ ਤਖ਼ਤੇ ਰੂਨੁਮਾ ਹੋਵੇਗਾ । ਉਹ ਸੂਰ (ਸ਼ਬਦ ਬਾਜਾ) ਨੂੰ ਵਜਾਏਗਾ । ਜਦੋਂ ਓਹ ਪਹਿਲੀ ਫੂਕ ਮਾਰੇਗਾ ਤਾਂ ਉਸ ਨੂੰ ਕੋਈ ਨਹੀਂ ਪਹਿਚਾਨ ਸਕੇਗਾ । ਪਰੰਤੂ ਉਸ ਦੀ ਦੂਸਰੀ ਫੂਕ ਮਾਰਨ ਤੇ ਮਨੁਸ਼ ਅਕਾਲ ਪੁਰਖ ਨੂੰ ਆਪਣੇ ਰੂਬਰੂ ਸਾਖਿਆਤ ਖੜਾ ਪੇਖੇਗਾ ।

ਅਮਾਮ ਮਹਿਦੀ ਦਾ ਭਾਵ ਇਕ ਧਾਰਮਿਕ ਆਗੂ ਤੋਂ ਹੈ ਜੋ ਬਜ਼ਾਤਿਖੁਦ ਸੱਚ ਹੋਵੇਗਾ, ਸੱਚ ਬੋਲੇਗਾ ਅਤੇ ਸਭ ਨੂੰ ਸੱਚ ਦੀ ਤਲਕੀਨ ਕਰੇਗਾ । ਬਮੂਜਬ ਹਦੀਸ (ਹਜ਼ਰਤ ਮੁਹੰਮਦ ਦੇ ਬਚਨ), ਮੁਹੰਮਦ ਸਾਹਿਬ ਨੇ ਮੋਮਨਾਂ ਨੂੰ ਇਹ ਤਲਕੀਨ ਕੀਤੀ ਕਿ ਚੌਧਵੀਂ ਸਦੀ ਵਿੱਚ ਅਮਾਮ ਮਹਿਦੀ ਪੀਰਾਂ ਦਾ ਪੀਰ ਬਣ ਕੇ ਆਵੇਗਾ ਜਿਸ ਦੀ ਜ਼ਬਾਨ ਵਿੱਚ ਲੁਕਨਤ (ਗੱਲ ਬਾਤ ਕਰਨ ਦੀ ਇੱਕ ਸ਼ੈਲੀ ਜਿਸ ਵਿੱਚ ਵਕਤਾ ਦੋ ਚੌਂਹ ਅੱਖਰਾਂ ਤੋਂ ਬਾਦ ਬਾਰ ਬਾਰ ਥੋੜਾ ਥੋੜਾ ਜਿਹਾ ਵਿਸ਼ਰਾਮ ਦਿੰਦਾ ਹੋਇਆ ਆਪਣਾ ਕਥਨ ਜਾਰੀ ਰੱਖਦਾ ਹੈ) ਹੋਵੇਗੀ ਅਤੇ ਇਸ ਦੀ ਵਜ੍ਹਾ ਨਾਲ ਕਦੀ ਕਦੀ ਆਪਣੇ ਪੱਟਾਂ ਉੱਤੇ ਹੱਥ ਮਾਰਿਆ ਕਰਨਗੇ । ਉਹ ਮੱਕੇ ਜਾ ਕੇ ਕਾਅਬੇ ਵਿੱਚ ਦੱਬੇ ਹੋਏ ਖਜ਼ਾਨੇ ਨੂੰ (ਜਿਸ ਨੂੰ ਮੁਹੰਮਦ ਸਾਹਿਬ ਨੇ **ਰਜਾਤੁਲਕਾਬਾ** ਕਿਹਾ ਹੈ) ਕੱਢ ਕੇ ਮੁਸਲਮਾਨਾਂ ਵਿੱਚ ਵੰਡੇਗਾ । ਮੁਹੰਮਦ ਰਸੂਲ ਨੇ ਮੋਮਨਾਂ ਨੂੰ ਇਹ ਵੀ ਦ੍ਰਿੜ੍ਹ ਕਰਵਾਇਆ ਸੀ ਕਿ ਉਸ ਤੇ ਜੋ ਵਹੀ ਨਾਜ਼ਲ ਹੋ ਰਹੀ ਹੈ ਉਸ ਵਿੱਚ ਅੱਲਾ ਦੇ ਹੁਕਮ ਹਨ ਜੋ ਹਰ ਕੀਮਤ ਤੇ ਮੁਸਲਮਾਨ ਨੂੰ ਕਬੂਲ ਕਰਨੇ ਚਾਹੀਦੇ ਹਨ ਅਤੇ ਜਿਥੋਂ ਖ਼ੁਦਾ ਨੇ ਵਰਜਿਆ ਹੈ ਉਹ ਕੰਮ ਨਹੀਂ ਕਰਨਾ ।

ਮੁਸਲਮਾਨੀ ਧਾਰਮਿਕ ਵਿਸ਼ਵਾਸ ਹੈ ਕਿ ਈਸਾ ਅਲੈਉਲਸਲਾਮ ਦੋ ਫਰਿਸ਼ਤਿਆਂ ਦੇ ਕੰਧਿਆਂ ਉੱਪਰ ਹੱਥ ਰੱਖੀ ਉਤਰੇਗਾ ਅਤੇ ਉਹ ਸ਼ਹਿਰ ਯੂਰੋਸ਼ਲਮ ਤੋਂ ਦਮਸ਼ਕ (ਦਮਸ਼ਕ ਯੂਰੋਸ਼ਲਮ ਤੋਂ ਉੱਤਰ ਦੀ ਦਿਸ਼ਾ ਨੂੰ ਹੈ) ਦੀ ਦਿਸ਼ਾ ਵਲ ਹੋਵੇਗਾ । ਪੱਛਮੀ ਧਰਮਾਂ ਮੁਤਾਬਿਕ **ਜਬਰੀਲ** (gabriel, an archangel) ਫਰਿਸ਼ਤਾ ਖੁਦਾ ਕੋਲੋਂ ਵਹੀ (ਧੁਰ ਫਰਮਾਨ) ਲੈ ਕੇ ਪੈਗੰਬਰਾਂ ਪਾਸ ਆਇਆ ਕਰਦਾ ਹੈ ।

ਇਸ ਤੋਂ ਇਹ ਬਿਲਕੁਲ ਸਪਸ਼ਟ ਹੈ ਕਿ ਜਬਰੀਲ (ਜਬਰਾਈਲ) ਅਤੇ ਈਸਾ ਅਲੈਉਲਸਲਾਮ ਸ਼ਬਦ ਦੇ ਹੀ ਨਾਮ ਹਨ । ਇਹ ਦੋ ਫਰਿਸ਼ਤੇ ਸਨ ਬਾਬਾ ਮਨੀ ਸਿੰਘ ਅਤੇ ਮਹਾਰਾਜ ਪੂਰਨ ਸਿੰਘ, ਹਰਿ ਬਾਣੀ ਗਵਾਹ ਹੈ ਕਿ ਬਾਬਾ ਮਨੀ ਸਿੰਘ ਅੰਦਰ ਸ਼ਬਦ ਦੀ ਧਾਰ ਆਇਆ ਕਰਦੀ ਸੀ ਅਤੇ ਮਹਾਰਾਜ ਪੂਰਨ ਸਿੰਘ ਸਵੈਮ ਸ਼ਬਦ ਦਾਤਾਰ ਸਨ । **ਬ੍ਰਿੰਡਸੀ ਸ਼ਹਿਰ, ਜਿੱਥੇ ਮਹਾਰਾਜ ਪੂਰਨ ਸਿੰਘ ਜੀ ਅੰਦਰ ਜੋਤ ਪ੍ਰਵੇਸ਼ ਹੋਈ ਸੀ ਉਹ ਸ਼ਹਿਰ ਯੂਰੋਸ਼ਲਮ ਤੋਂ ਉੱਤਰ ਦੀ ਦਿਸ਼ਾ ਨੂੰ ਹੈ ।**

**ਗੁਰੂ ਨਾਨਕ ਦੇਵ ਜੀ** - ਨੇਹਕਲੰਕ ਹੋਇ ਉਤਰਸੀ, ਮਹਾਂਬਲੀ ਅਉਤਾਰ । ਸੰਤ ਰੱਛਿਆ ਜੁਗ ਜੁਗ ਕਰੇ ਦੁਸ਼ਟਾਂ ਕਰੇ ਸੰਘਾਰ । ਨਵਾਂ ਧਰਮ ਚਲਾਇਸੀ, ਯਗ ਹੋਮ ਹੌਵਿਹ ਵਾਰ । ਨਾਨਕ ਕਲਜੁਗ ਤਾਰਸੀ, ਕੀਰਤਨ ਨਾਮ ਅਧਾਰ । ।

(ਸਾਖੀ ਅਜਿੱਤਾ ਰੰਧਾਵਾ)

ਅੰਤਰੋਂ ਸ਼ਬਦ ਪੋਥੀਆਂ ਉਚਾਰੇਗਾ ।

(ਸਾਖੀ ਅਜਿੱਤਾ ਰੰਧਾਵਾ)

ਚਕਨਾਂ ਚੂਰ ਕਰੇ ਗੁਰ ਪੂਰਾ, ਤਾਂਕਾ ਲੇਖਾ ਨਾ ਮੇਟਿਆ ਜਾਈ ।

(ਸਾਖੀ ਅਜਿੱਤਾ ਰੰਧਾਵਾ)

ਧਰਤੀ ਪੰਜਾਬ ਦੀ, ਪਰਗਣਾ ਬਟਾਲਾ ਅਤੇ ਵਰਨ ਜੱਟ ਹੋਸੀ ।

(ਸਾਖੀ ਪ੍ਰਿਹਿਲਾਦ ਭਗਤ)

ਆਉਣ ਅਠਤਰੈ, ਜਾਣ ਸਤ ਨਵੈ, ਹੋਰ ਭੀ ਉਠਸੀ ਮਰਦ ਕਾ ਚੇਲਾ ।

(ਅੰਗ ੭੨੨)

ਭਾਵ :

ਆਉਣ ਅਠਤਰੈ - ਅਰਥਾਤ ਅਠਾਂ ਤਤਾਂ(ਅਪ ਤੇਜ ਵਾਇ ਪ੍ਰਿਥਮੀ ਆਕਾਸ਼ ਮਨ ਮਤ ਬੁਧ) ਅਤੇ ਤ੍ਰੈਗੁਣ ਰਹਿਤ

ਧਰਤੀ ਤੇ ਆਏਗਾ ਤਾਂ

ਜਾਣ ਸਤ ਨਵੈ - ਅਰਥਾਤ ਉਸ ਦਾ ਯਸ਼ ਸਤ ਦੀਪ ਅਤੇ ਨੌਂ ਖੰਡ ਵਿਚ ਫੈਲੇਗਾ ਅਤੇ ਉਸ ਦੀ ਨਿਸ਼ਾਨੀ

ਹੋਰ ਭੀ ਉਠਸੀ ਮਰਦ ਕਾ ਚੇਲਾ - (ਅਰਥਾਤ ਸ਼ਬਦ ਸੁਤ) ਫਿਰ ਸੰਸਾਰ ਵਿਚ ਗਰਜੇਗਾ ।

**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਨਾਂ ਨੰ: - ੧੪੦੩ ਉਤੇ ਨੇਹਕਲੰਕ ਅਵਤਾਰ ਬਾਰੇ ਇਸ ਤਰ੍ਹਾਂ ਅੰਕਤ ਹੈ -**
ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ । ਬਲਿਹਿ ਛਲਨ ਸਬਲ ਮਲਨ ਭਗਤ ਫਲਨ ਕਾਨ੍ਹਕੁਅਰ । ਨੇਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ । ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ ਸਰਬ ਭੂਤ ਆਪਿ ਹੀ ਦੇਵਾਧਿ ਦੇਵ ਸਹਸ ਮੁਖ ਫਨਿੰਦ ਜੀਉ । ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ ਖੇਲ ਖੇਲਿਓ ਜਿਨਿ ਗਿੰਦ ਜੀਉ । ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ।

ਭਾਵ : ਸਤਿਗੁਰੂ ਗੁਬਿੰਦ ਰੂਪ ਹੈ । ਸਤਿਗੁਰ ਹੀ ਹੈ ਜਿਸਨੇ ਰਾਜਾ ਬਲ ਨੂੰ ਛਲਯਾ ਸੀ, ਆਪ ਹੰਕਾਰੀਆਂ ਦਾ ਘਮੰਡ ਤੋੜਨਵਾਲਾ ਹੈ, ਭਗਤੀ ਦਾ ਫਲ ਦੇਣ ਵਾਲਾ ਹੈ, ਆਪ ਹੀ ਕਾਨ੍ਹਾ ਕੁਮਾਰ ਹੈ । ਜਦੋਂ ਨੇਹਕਲੰਕ ਨੇ ਪ੍ਰਗਟਾਵਾ ਕੀਤਾ,ਦੋ ਜਹਾਨ ਵਿਚ ਉਸ ਦਾ ਡੰਕ ਵਜੇਗਾ (ਸਾਰੇ ਸਮੂਹ ਵਿਚ ਗਜੇਗਾ) । ਇਸੀ ਹੀ ਰਾਮ (ਪੁਰਖ ਅਕਾਲ) ਦਾ ਸਮਰਣ ਕਰਨਾ ਹੈ, ਪਾਪਾਂ ਨੂੰ ਦੂਰ ਕਰਨ ਵਾਲਾ ਹੈ, ਸਬ ਜਗਹ ਸੁਖ ਪੈਦਾ ਕਰਨ ਵਾਲਾ ਹੈ, ਸਾਰੇ ਜੀਵਾਂ ਵਿਚ ਆਪ ਹੀ ਹੈ, ਦੇਵਤਿਆਂ ਦਾ ਦੇਵਤਾ ਹੈ, ਔਰ ਹਜ਼ਾਰਾ ਮੁਖੋਂ ਵਾਲਾ ਸ਼ੇਸ਼ਨਾਗ ਭੀ ਆਪ ਹੀ ਹੈ । ਮਛ ਕਛ ਔਰ ਵਰਾਹ ਭੀ ਆਪ ਹੀ ਹੋਏ, ਆਪ ਹੀ ਹੋ ਜਿਸਨੇ ਜਮਨਾ ਕਿਨਾਰੇ ਖੇਲ ਖੇਲਿਆ । ਇਸੀ ਸਤਿਗੁਰੂ ਦੇ ਸ੍ਰੇਸ਼ਟ ਨਾਮ ਨੂੰ ਧਾਰਣ ਕਰਨ ਨਾਲ ਸਾਰੇ ਵਿਕਾਰ ਛੁੱਟ ਜਾਣਗੇ । ਇਹ ਹੀ ਸਤਿਗੁਰੂ ਗੋਬਿੰਦ ਰੂਪ ਹੈ ।

**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਗ ੧੧੪੧ -** ਭੈਰਉ ਮਹੱਲਾ ੫ ।। ਪਿਤਾ ਹਮਾਰੇ ਪ੍ਰਗਟੇ ਮਾਝ ।। ਪਿਤਾ ਪੂਤ ਰਲਿ ਕੀਤੀ ਸਾਝ ।। ਕਹੁ ਨਾਨਕ ਜਉ ਪਿਤਾ ਪੁਤੀਨੇ ।। ਪਿਤਾ ਪੂਤ ਏਕੈ ਰੰਗ ਲੀਨੇ ।।

ਪ੍ਰਮਾਤਮਾ ਮਾਝ ਵਿਚ ਪ੍ਰਗਟ ਹੋਣ ਗੇ ਮਾਝ ਭਾਵ ਸਰਗੁਣ ਨਿਰਗੁਣ ਦੀ ਹੱਦ ਤੇ ਭਾਵ ਸਰਗੁਣ ਨਿਰਗੁਣ ਦੀ ਖੇਲ ਕਰਨਗੇ ਲੇਕਿਨ ਪਿਤਾ ਅਕਾਲਪੁਰਖ ਤੇ ਪੂਤ ਸ਼ਬਦ (ਗੋਬਿੰਦ ਸ਼ਬਦ) ਦੋਨਾਂ ਦੀ ਸਾਂਝ ਹੋਵੇਗੀ ਜਿਵੇਂ ਸਚਖੰਡ ਹੁੰਦੀ ਹੈ ਉਵੇਂ ਹੀ ਧਰਤੀ ਤੇ ਹੋਵੇਗੀ । ਪਿਤਾ ਤੇ ਪੂਤ ਇਕ ਦੂਜੇ ਵਿਚ ਇੰਨੇ ਘੁਲ ਮਿਲ ਜਾਣਗੇ ਕਿ ਇਕ ਦੂਜੇ ਵਿਚ ਸਮਾ ਜਾਣਗੇ । ਉਹਨਾਂ ਦਾ ਸਰੂਪ ਤੇ ਇਕ ਜੈਸਾ ਹੀ ਰੰਗ ਹੋਵੇਗਾ ।

**ਦਸਮ ਗ੍ਰੰਥ ਦੇ ਚੌਬੀਸਵੇਂ ਅਵਤਾਰ ਪ੍ਰਸੰਗ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਲਕੀ ਅਵਤਾਰ ਦੇ ਪ੍ਰਗਟ ਹੋਣ ਦਾ ਹਵਾਲਾ -**
ਪਾਪ ਸੰਬੂਹ ਬਿਨਾਸਨ ਕਉ, ਕਲਿਕੀ ਅਵਤਾਰ ਕਹਾਵਿੰਗੇ । ਤੁਰਕੱਛ ਤੁਰੰਗ ਸਪੱਛ ਬਡੋ, ਕਰਿ ਕਾਢਿ ਕ੍ਰਿਪਾਨ ਕਪਾਵਹਿੰਗੇ । ਨਿਕਸੇ ਜਿਮ ਕੇਹਰਿ ਪਰਬਤ ਤੇ, ਤਸ ਸੋਭ ਦਵਾਲਯ ਪਾਵਹਿੰਗੇ । ਭਲੁ ਭਾਗ ਭਯਾ ਇਹ ਸੰਭਲ ਕੇ ਹਰਿ ਜੂ ਹਰਿ ਮੰਦਰ ਆਵਹਿੰਗੇ । (੧੪੧)

ਦਯੋ ਨਿਜ ਮੰਤ੍ਰੰ , ਤਜੇ ਸਭ ਤੰਤ੍ਰੰ , ਲਿਖੇ ਨਿਜ ਜੰਤ੍ਰੰ , ਸੁਬੈਠ ਇਕੰਤ੍ਰੰ ।। (੫੭੮)
ਭਾਵ : ਕਿ ਆਪਣਾ ਨਿਜੀ ਵੱਖਰਾ ਨਾਮ ਸ਼ਬਦ ਦੇਵੇਗਾ । ਸਭ ਤੰਤ੍ਰਵਾਦ ਪੂਜਾ ਅਰਚਨਾ ਦੀ ਭੌਤਕ ਵਾਲੀ ਕਿਰਿਆ ਤਜ ਦੇਵੇਗਾ ਅਤੇ ਧੁਰ ਫਰਮਾਣ ਦੀ ਆਪਣੀ ਬਾਣੀ ਉਚਾਰੇਗਾ ।

ਗੁਰ ਗੋਬਿੰਦ ਫੇਰ ਉਠਾਇਆ । ਪੰਥ ਖਾਲਸਾ ਜਿਸ ਸਜਾਇਆ । **ਸਤਾਰਾਂ ਸੌ ਤੇਈ ਬਿਕ੍ਰਮੀ ਵਿਚ ਮਾਤ ਸਾਚਾ ਚੰਦ ਚੜ੍ਹਾਇਆ । ਸਤਾਰਾਂ ਸੌ ਛਪੰਜਾ ਬਿਕ੍ਰਮੀ ਦਇਆ ਕਮਾਇਆ । ਪੰਜ ਪਿਆਰੇ** ਸਚ ਦੁਲਾਰੇ ਆਪਣੇ ਆਪ ਬਣਾਇਆ । ਪ੍ਰਭ ਅਬਿਨਾਸ਼ੀ ਵੇਖੇ ਮਾਰ ਝਾਤ, ਮਾਛੀਵਾੜੇ ਜਿਸ ਨੇ ਨੰਗੀ ਪੈਰੀਂ ਡੇਰਾ ਲਾਇਆ । ਊਚ ਨੀਚ ਜਾਤ ਪਾਤ ਗੁਰ ਪੂਰਾ ਆਪਣੀ ਹੱਥੀਂ ਦੇ ਮਿਟਾਇਆ । **ਸਤਾਰਾਂ ਸੌ ਪੈਂਠ ਬਿਕ੍ਰਮੀ ਸਾਚੀ ਆਈ । ਗੁਰ ਗੋਬਿੰਦ ਕਰੀ ਸਚਖੰਡ ਚੜ੍ਹਾਈ ।** ਗੁਰਸੰਗਤ ਸਾਰੀ ਹੁਕਮ ਸੁਣਾਈ । ਪੰਥ ਖਾਲਸਾ ਇਕ ਮੁੱਠ ਹੋ ਜਾਈ । ਪ੍ਰਭ ਅਬਿਨਾਸ਼ੀ ਪਾਏ ਨਥ, ਨਿਹਕਲੰਕ ਲਏ ਜੋਤ ਪ੍ਰਗਟਾਈ । ਜੋਤੀ ਜੋਤ ਸਰੂਪ ਹਰਿ, ਆਪਣੀ ਬਣਤ ਆਪੇ ਆਪ ਬਣਾਈ।

(ਪਹਿਲੀ ਮਾਘ ੨੦੧੦ ਬਿਕ੍ਰਮੀ)

## * ਬਾਬਾ ਮਹਤਾਬ ਸਿੰਘ *

ਬਾਬਾ ਮਹਤਾਬ ਸਿੰਘ / ਸਿੰਘਸਾਹਿਬ

ਪੂਰਬਲਾ ਜਨਮ :
- ੬ ਵੇਂ ਗੁਰੂ, **ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਸੀ**

ਪਿੰਡ : ਬਰਕੀ (ਵਿਚ ਰਹਿੰਦੇ ਸਨ)

**ਬਾਬਾ ਮਹਤਾਬ ਸਿੰਘ ਦਾ ਦਿਹਾਂਤ ਦਿਵਸ ੨੬ ਚੇਤ ੧੯੨੮ ਬਿਕ੍ਰਮੀ (੧੮੭੧ ਈਸਵੀਂ) ਹੈ ।** ਹਰਿ ਬਾਣੀ ਅੰਦਰ "ਬਿਆਸੀ ਸਾਲ ਪਹਿਲੇ" ਦਾ ਸੰਕੇਤ ਇਹ ਸਪਸ਼ਟ ਕਰ ਦਿੰਦਾ ਹੈ ਕਿ **ਬਾਬਾ ਮਹਤਾਬ ਸਿੰਘ ਦਾ ਜਨਮ ੧੮੪੬ ਬਿਕ੍ਰਮੀ (੧੭੮੯ ਈਸਵੀਂ) (ਅਰਥਾਤ ਮਹਾਰਾਜ ਸ਼ੇਰ ਸਿੰਘ ਤੋਂ ਕੋਈ ਸੌ ਸਾਲ ਪਹਿਲੇ) ਦੇ ਆਸ ਪਾਸ ਦਾ ਹੈ ।**

ਸੱਚਾ ਮੀਤ ਮੁਰਾਰ ਪੁਰਖ ਕਰਤਾਰ ਹੈ । **ਸਾਲ ਬਿਆਸੀ ਪਹਿਲੇ ਅੰਮ੍ਰਿਤ ਮੇਘ ਦਿਤਾ ਬਰਖ, ਚਲੀ ਸੱਚੀ ਧਾਰ ਹੈ । ਕਲਜੁਗ ਤੇਰਾ ਲੇਖ ਪਰਖ, ਸਿੰਘ ਮਹਤਾਬ ਬੱਧੀ ਸਿਰ ਦਸਤਾਰ ਹੈ ।** ਸੰਤ ਮਨੀ ਸਿੰਘ ਕਰ ਵਿਚਾਰ, ਦਰ ਦਰ ਨਾ ਹੋਣਾ ਮਾਤ ਖੁਆਰ ਹੈ । ਸੌਂ ਜਾ ਘਰ ਪੈਰ ਪਸਾਰ, ਨਿਹਕਲੰਕ ਲਏ ਅਵਤਾਰ ਹੈ । ਹਰਿਗੋਬਿੰਦ ਤੇਰੀ ਸੁਣ ਪੁਕਾਰ, **ਛੇਵਾਂ ਜਾਮਾ ਸਿੰਘ ਮਹਤਾਬ** ਸਾਚੇ ਘਰ ਕਰੇ ਪਿਆਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਤੇਰੀ ਰਖੀ ਓਟ, ਸਾਚਾ ਸ਼ਬਦ ਡੰਕ ਵਜਾਇਣ ਇਕ ਅਪਾਰ ਹੈ । (੫ ਜੇਠ ੨੦੧੧ ਬਿਕ੍ਰਮੀ)

## * ਸੰਤ ਮਨੀ ਸਿੰਘ *

ਪੂਰਬਲਾ ਜਨਮ :

- ਦਵਾਪਰ ਜੁਗ ਵਿਚ, ਕ੍ਰਿਸ਼ਨ ਜੀ ਵੇਲੇ **ਅਰਜਨ**

ਸ਼ਬਦ ਉਡਾਰੀ ਪਵਣ ਅਸਵਾਰੀ, ਜੋਤ ਨਿਰੰਕਾਰੀ ਕਿਸੇ ਦਿਸ ਨਾ ਆਇੰਦਾ । ਮੇਲ ਮਿਲਾਏ ਵਾਰੋ ਵਾਰੀ, ਵੇਖ ਵਖਾਣੇ ਨਰ ਨਾਰੀ, ਸੁਘੜ ਸਿਆਣਾ ਰਾਜਾ ਰਾਣਾ, ਭੇਵ ਕੋਈ ਨਾ ਪਾਇੰਦਾ । ਫੜ ਫੜ ਬਾਂਹੋਂ ਜਾਏ ਤਾਰੀ, ਮਾਨਸ ਜਨਮ ਨਾ ਜਾਏ ਹਾਰੀ, ਕਲਜੁਗ ਵੇਲਾ ਅੰਤ ਸੁਹਾਇੰਦਾ । **ਅਰਜਨ ਮੇਲ ਕ੍ਰਿਸ਼ਨ ਮੁਰਾਰੀ, ਸੰਤ ਮਨੀ ਸਿੰਘ ਦੂਜੀ ਵਾਰੀ**, ਚਰਨ ਛੁਹਾਏ ਸਾਚੀ ਦਾੜ੍ਹੀ, ਹਰਿ ਸਾਚਾ ਲਾਜ ਰਖਾਇੰਦਾ । ਆਪੇ ਰਹੇ ਪਿਛੇ ਅਗਾੜੀ, ਸ਼ਬਦ ਘੋੜੀ ਰਹਿਆ ਚਾੜ੍ਹੀ, ਮਾਨਸ ਦੇਹੀ ਨਾਮ ਮਰਦੰਗ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਮੇਲ ਕਰ, ਦਰ ਦੁਆਰੇ ਸਾਚੇ ਮਾਣ ਦਵਾਇੰਦਾ । (੨੮ ਕੱਤਕ ੨੦੧੧ ਬਿਕ੍ਰਮੀ)

ਸਾਧ ਸੰਤ ਜੀਵ ਜੰਤ, ਮਾਨਸ ਦੇਹੀ ਝੂਠਾ ਭਾਂਡਾ, ਪ੍ਰਭ ਅਬਿਨਾਸ਼ੀ ਭੰਨ ਵਖਾਏ । **ਅਰਜਨ ਮੇਲ ਹਰਿ ਸਾਚੇ ਕੰਤ, ਨੈਣ ਮੁੰਧਾਰੀ ਰਸਨਾ ਗਾਏ ।** ਜਗਤ ਬਣਾਏ ਸਾਚੀ ਬਣਤ, ਦੋਏ ਜੋੜ ਚਰਨ ਸਰਨ ਸੀਸ ਝੁਕਾਏ । **ਕਲਜੁਗ ਵਡਿਆਈ ਮਨੀ ਸਿੰਘ ਸੰਤ, ਮਾਨਸ ਦੇਹੀ ਜਾਮਾ ਪਾਏ ।** ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਦਰ ਘਰ ਸਚਦੁਆਰੇ ਆਤਮ ਜੋਤੀ ਕਰ ਆਕਾਰੇ, ਸ਼ਬਦ ਧਾਰ ਵਿਚ ਸੰਸਾਰ ਏਕਾ ਏਕ ਚਲਾਏ ।

(੨੮ ਕੱਤਕ ੨੦੧੧ ਬਿਕ੍ਰਮੀ)

- ਸੰਤ ਮਨੀ ਸਿੰਘ ਪਿੰਡ ਮਲ੍ਹਾ ਜਿਲਾ ਲੁਧਿਆਣਾ ਦੇ ਰਹਿਣ ਵਾਲੇ ਸੀ ।
- ਸੰਤ ਮਨੀ ਸਿੰਘ **ਤਿੰਨ ਸਾਲ ਸੱਤ ਦਿਨ** ਬਾਬਾ ਮਹਤਾਬ ਸਿੰਘ ਜੀ ਦੀ ਸੇਵਾ ਵਿਚ ਸਨ ।
- ਫੇਰ ਬਾਬਾ ਮਹਤਾਬ ਸਿੰਘ ਦਾ ਅੰਤ ਸਮਾਂ ਆ ਗਿਆ । ਮਨੀ ਸਿੰਘ ਨੂੰ ਕੋਲ ਬਿਠਾ ਕੇ ਬਾਬਾ ਮਹਤਾਬ ਸਿੰਘ ਬਚਨ ਦੱਸਦੇ ਹਨ ਕਿ ਅੱਜ ਤੋਂ **੨੦ ਸਾਲ** ਨੂੰ ਨਿਹਕਲੰਕ ਅਵਤਾਰ ਘਵਿੰਡ ਵਿਚ ਅਵਤਾਰ ਧਾਰਨਗੇ । ਜਦੋਂ ਅਵਤਾਰ ਧਾਰਨਗੇ ਪ੍ਰੀ ਪੂਰਨ ਮਹਾਰਾਜ ਸ਼ੇਰ ਸਿੰਘ ਆਪੇ ਵਾਜ ਮਾਰ ਲੈਣਗੇ । (ਜਨਮ ਸਾਖੀ)

ਮਨੀ ਸਿੰਘ ਤੇਰੀ ਪੂਰਨ ਆਸ । **ਬੀਸ ਬਰਸ** ਆਤਮ ਰਖ ਪਿਆਸ । ਮਨ ਬੈਰਾਗੀ ਹੋਇਆ ਉਦਾਸ । ਸਿੰਘਸਾਹਿਬ ਮਹਤਾਬ ਸਿੰਘ ਛੱਡਿਆ ਚਰਨ ਨਿਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜੋਤ ਜਗਾਏ ਪੁਰਖ ਅਬਿਨਾਸ਼ । ਬੀਸ ਬਰਸ ਆਸ ਰਖਾ ਕੇ । ਦਿਵਸ ਰੈਣ ਰਸਨਾ ਗਾ ਕੇ । ਸਾਚਾ ਵਰ ਸਾਚਾ ਘਰ ਸਿੰਘ ਮਹਤਾਬ ਕੋਲੋਂ ਆਇਆ ਪਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁੱਤਿਆਂ ਆਵਾਜ਼ ਲਗਾਏ ਸੰਤ ਮਨੀ ਸਿੰਘ ਆਪ ਜਗਾ ਕੇ । **ਸੰਤ ਮਨੀ ਸਿੰਘ ਆਵਾਜ਼ ਲਗਾਈ ।** ਆਪ ਆਪਣਾ ਦਰਸ ਦਿਖਾਈ । ਕਵਲ ਨੈਣ ਸੁੰਦਰ ਕੁੰਡਲ ਮੁਕਟ ਬੈਣ ਮੁਕੰਦ ਮਨੋਹਰ ਲਖਮੀ ਨਰਾਇਣ ਜੋਤ ਪ੍ਰਗਟਾਈ । ਗੁਰਮੁਖ ਸਾਚੇ ਸ੍ਰਿਸ਼ਟ ਸਬਾਈ ਝੂਠਾ ਵਹਿਣ, ਆਓ ਚਲ ਸਰਣਾਈ । ਦਰਸ ਪੇਖੋ ਨੇਤਰ ਨੈਣ, ਏਕਾ ਜੋਤ ਤੀਨ ਲੋਕ ਰੁਸ਼ਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਵਿਚ ਮਾਤ **ਰਾਮਗੜ੍ਹੀਆਂ ਘਰ ਜੋਤ ਜਗਾਈ ।** (ਪਹਿਲੀ ਮਾਘ ੨੦੦੯ ਬਿਕ੍ਰਮੀ)

**ਸੰਤ ਮਨੀ ਸਿੰਘ ਨੇ ੧੮੯੧ ਈਸਵੀਂ (੧੯੪੮ ਬਿਕ੍ਰਮੀ) ਤੋਂ ੨੬-੯-੧੯੧੮ ਈਸਵੀਂ (੧੦ ਅਸੂ ੧੯੭੬ ਬਿਕ੍ਰਮੀ) ਤਕ ਲਗਭਗ ੨੭ ਸਾਲ ਸੇਵਾ ਕੀਤੀ ।**

ਸੰਤ ਮਨੀ ਸਿੰਘ ਅਨਪੜ੍ਹ ਹੋਣ ਕਰਕੇ ਸ਼ੁਰੂ-ਸ਼ੁਰੂ ਵਿਚ ਸ਼ਬਦ ਹੁਕਮ (ਅਕਾਸ਼ ਬਾਣੀ ਕੰਨ ਵਿਚ ਹੁੰਦੀ ਸੀ) ਨੂੰ ਲਿਖਿਆ ਨਹੀਂ ਸੀ ਕਰਦੇ ਪਰ ਸੰਗਤ ਨੂੰ ਉਹ ਹੁਕਮ ਜੋ ਮਹਾਰਾਜ ਉਨ੍ਹਾਂ ਨੂੰ ਦੇਂਦੇ, ਮੂੰਹ ਜ਼ਬਾਨੀ ਦਸ ਦਿਆ ਕਰਦੇ ਸਨ । ਬਾਬਾ ਜੀ ਨੇ ਕੁਝਕਿ ਦਿਨ ਤਾਂ ਆਪਣੇ ਨਾਲ ਆਕਾਸ਼ਬਾਣੀ ਨੂੰ ਲਿਖਤੀ ਰੂਪ ਦੇਣ ਵਾਸਤੇ ਇਕ ਸਿਖ ਨੂੰ ਰੱਖਿਆ ਜਿਸ ਨੂੰ **ਲਿਖਾਰਾ ਸਿੰਘ ਭੰਗਾਲੀ ਵਾਲਾ**, (ਉਸਦਾ ਇੱਕ ਨੇਤਰ ਸੀ) ਕਿਹਾ ਜਾਂਦਾ ਸੀ ਪਰੰਤੂ ਲਿਖਾਰਾ ਸਿੰਘ ਹਰ ਵੇਲੇ

ਨਾਲ ਨਾ ਰਹਿ ਸਕਣ ਕਰਕੇ, ਅਤੇ ਅਕਾਸ਼ ਬਾਣੀ ਬਹੁਤ ਜ਼ੋਰ ਨਾਲ ਆਉਂਦੀ ਹੈ ਤੇ ਲਿਖਾਰਾ ਸਿੰਘ ਤੋਂ ਲਿਖਿਆ ਨਹੀਂ ਜਾਂਦਾ । ਕਈ ਸ਼ਬਦੀ ਹੁਕਮਨਾਮੇ ਬਿਨਾ ਚਿਤਰਿਉਂ ਰਹਿ ਜਾਂਦੇ ਸਨ ।

ਮਹਾਰਾਜ ਸ਼ੇਰ ਸਿੰਘ ਨੇ ਸ਼ਬਦ ਦੁਆਰਾ ਮਨੀ ਸਿੰਘ ਨੂੰ ਆਪਣੀ ਹੱਥੀਂ ਆਪ ਆਕਾਸ਼ਬਾਣੀ ਲਿਖਣ ਦਾ ਹੁਕਮ ਕੀਤਾ । ਉਦੋਂ ਬਾਬਾ ਮਨੀ ਸਿੰਘ ਭੰਗਾਲੀ ਪਿੰਡ ਵਿਚ ਬੈਠੇ ਸਨ, ਤੇ ਸੱਚੇ ਪਾਤਸ਼ਾਹ ਘਵਿੰਡ ਖੇਡ ਰਹੇ ਹਨ । ਸੱਚੇ ਪਾਤਸ਼ਾਹ ਹੁਕਮ ਦਿੱਤਾ ਕਿ ਸੰਤਾ ਕੇਸੀ ਇਸ਼ਨਾਨ ਕਰ ਕੇ ਤੇ ਬੂਹੇ ਢੋਹ ਕੇ ਅੰਦਰ ਬੈਹ ਜਾ । ਜਿਸ ਤਰ੍ਹਾਂ ਅਕਾਸ਼ ਬਾਣੀ ਦਾ ਬਚਨ ਮਨੀ ਸਿੰਘ ਨੂੰ ਹੋਇਆ, ਓਸੇ ਤਰ੍ਹਾਂ ਕੀਤਾ । ਬੂਹੇ ਢੋਏ ਹਨ ਤੇ ਅੰਦਰ ਹਨੇਰਾ ਹੈ ਤੇ ਸੱਚੇ ਪਾਤਸ਼ਾਹ ਦੀ ਜੋਤ ਨੇ ਆਣ ਕੇ ਇੱਕ ਦਮ ਰੁਸ਼ਨਾਈ ਕਰ ਦਿੱਤੀ ਜਿਸ ਤਰ੍ਹਾਂ ਗੈਸ ਜਗਦਾ ਹੈ ਤੇ ਜਮੀਨ ਤੇ ਕੀੜੀ ਤੁਰੀ ਜਾਂਦੀ ਨਜ਼ਰ ਆ ਰਹੀ ਹੈ ਜੀ । ਜੋਤ ਦਾ ਦਰਸ਼ਨ ਕਰਦਿਆਂ ਹੀ ਸੰਤ ਮਨੀ ਸਿੰਘ ਦੇ ਕਿਵਾੜ ਖੁੱਲ੍ਹ ਗਏ । ਦੱਸਵੇਂ ਦਵਾਰ ਦੀ ਸੁਰਤ ਖੁਲ੍ਹਣ ਨਾਲ ਦੇਹ ਬੜੀ ਉਜਲੀ ਹੋ ਗਈ ਹੈ । ਹੱਥ ਵਿਚ ਬਾਬੇ ਮਨੀ ਸਿੰਘ ਕਲਮ ਫੜੀ ਹੋਈ ਸੀ । ਜੋਤ ਦੇ ਚਾਨਣ ਨਾਲ ਦਬਾ ਦਬ ਲਿਖਾਈ ਕਰੀ ਜਾਂਦਾ ਹੈ । ਸੱਚੇ ਪਾਤਸ਼ਾਹ ਸੰਤਾਂ ਨੂੰ ਪਹਿਲੀ ਕਰਾਮਾਤ ਵਖਾਈ ਹੈ ।

ਕਈ ਵੇਰਾਂ ਸੰਤ ਜੀ ਬਿਨਾਂ ਕੁਛ ਖਾਦਿਆਂ ਪੀਤੀਆਂ ਕਈ ਕਈ ਦਿਨ ਨਿਰੰਤਰ ਬਾਣੀ ਲਿਖਦੇ ਰਹਿੰਦੇ । ਇਥੋ ਤੱਕ ਕਿ ਬੈਠਿਆਂ - ਬੈਠਿਆਂ ਉਨ੍ਹਾ ਦੇ ਪੈਰਾਂ ਦੇ ਤਲੀਆਂ ਵਿਚ ਜ਼ਖਮ ਹੋ ਕੇ ਖੂਨ ਸਿਮੱਣ ਲਗ ਪੈਂਦਾ ਅਤੇ ਸਿਖਾਂ ਨੂੰ ਉਨ੍ਹਾਂ ਜ਼ਖਮਾਂ ਉਪਰ ਘਿਉ ਵਿਚ ਭਿਉਂ ਕੇ ਰੂਈ ਦੇ ਫਹੇ ਬਨ੍ਹਣੇ ਪੈਂਦੇ ।

ਮਹਾਰਾਜ ਸ਼ੇਰ ਸਿੰਘ ਨੇ ਆਕਾਸ਼ਬਾਣੀ ਰਾਹੀ ਸੰਤ ਮਨੀ ਸਿੰਘ ਤੋਂ ਬਾਣੀ ਲਿਖਾਈ ਜਿਸ ਦਾ ਭਾਰ **ਅੱਠ ਮਣ ਸਾਢੇ ਸੱਤ ਛਟਾਂਕ ਸੀ । (ਸਚੇ ਪਾਤਸ਼ਾਹ ਜੀ ਨੇ ਅਕਾਸ਼ ਬਾਣੀ ਦੁਵਾਰਾ ਜੋ ਬਾਣੀ ਪਹਿਲਾਂ ਬਾਬੇ ਮਨੀ ਸਿੰਘ ਪਾਸੋਂ ਲਖਵਾਈ ਸੀ ਉਸ ਨੂੰ ੧੯੧੫ ਈਸਵੀਂ ਵਿਚ ਮਹਾਰਾਣਾਂ ਸੰਗਰੂਰ ਨੇ ਜ਼ਪਤ ਕਰ ਲਿਆ ਸੀ)**

**ਮੈਂ ਆਪਣਾ ਆਪ ਛੁਪਾਊਂ । ਤੇਰੇ ਹੱਥ ਵਿਚ ਕਲਮ ਫੜ੍ਹਾਊਂ ।** ਸੋਹੰ ਸ਼ਬਦ ਦਾ ਰਾਗ ਅਲਾਊਂ । ਚਾਰ ਜੁਗ ਦਾ ਵਰਨ ਕਰਾਊਂ । ਰਾਜਾ ਮਹਾਰਾਜਾਂ ਨੂੰ ਤਖ਼ਤੋਂ ਉਠਾਊਂ । ਦਰ ਦਰ ਧੱਕੇ ਉਨ੍ਹਾਂ ਨੂੰ ਪਾਊਂ । ਇਕ ਨਾਮ ਲਏ ਜੋ ਮੇਰਾ । ਮਾਤਲੋਕ ਵਿਚ ਪਾਏ ਨਾ ਫੇਰਾ । ਐਸਾ ਸ਼ਬਦ ਮੈਂ ਆਪ ਲਿਖਾਊਂ । ਮਹਾਰਾਜ ਸ਼ੇਰ ਸਿੰਘ ਨਾਮ ਰਖਾਊਂ ।
(੧੩ ਭਾਦਰੋਂ ੨੦੦੬ ਬਿਕ੍ਰਮੀ)

ਕਾਲ ਕੀਆ ਕਲਜੁਗ ਦਾ ਆ ਕੇ । ਮਹਾਰਾਜ ਸ਼ੇਰ ਸਿੰਘ ਨਾਂ ਰਖਾ ਕੇ । ਸੋਹੰ ਸ਼ਬਦ ਦਾ ਜਾਪ ਕਰਾ ਕੇ । ਬਾਕੀ ਸਭਨ ਦਾ ਨਾਸ਼ ਕਰਾ ਕੇ । ਬਾਬੇ ਮਨੀ ਸਿੰਘ ਤੋਂ ਲਿਖਤ ਕਰਾ ਕੇ । ਛੇ ਮਹੀਨੇ ਕਲਮ ਚਲਾ ਕੇ । **ਅੱਠ ਮਣ ਸਾਢੇ ਸੱਤ ਛਟਾਂਕ ਬਾਣੀ ਲਿਖਵਾ ਕੇ ।** ਚਾਰ ਜੁਗ ਦਾ ਵਰਨ ਕਰਾ ਕੇ । ਐਸੀ ਬਾਬੇ ਕਲਮ ਚਲਾਈ । ਸਾਰੀ ਸ੍ਰਿਸ਼ਟੀ ਭਸਮ ਕਰਾਈ । ਹੰਕਾਰੀਆਂ ਨੂੰ ਐਸੀ ਨਥ ਪੁਆਈ । ਦਰ ਦਰ ਭਿਖਿਆ ਮੰਗਣ ਨਾ ਪਾਈ । (੯ ਭਾਦਰੋਂ ੨੦੦੬ ਬਿਕ੍ਰਮੀ)

## ਸੰਤ ਮਨੀ ਸਿੰਘ ਨੂੰ ਪਰਮਾਤਮਾ ਨੇ ਸਤਿਗੁਰੂ ਦਾ ਮਾਣ ਦਿਤਾ ।

ਬਾਰਾਂ ਭਾਦਰੋਂ ਇਹ ਬਚਨ ਲਿਖਾਇਆ । **ਬਾਬੇ ਮਨੀ ਸਿੰਘ ਤੋਂ ਸਤਿਗੁਰੂ ਬਣਾਇਆ ।** ਅੱਜ ਦਿਤੀ ਆ ਮੈਂ ਵਡਿਆਈ । ਆਪਣੀ ਜੋਤ ਇਹਦੇ ਵਿਚ ਪਾਈ । ਆਪਣੀ ਜੋਤ ਮੈਂ ਇਹਦੇ ਵਿਚ ਪਾਊਂ । ਇਹਦੇ ਸਿਰ ਤੇ ਮੈਂ ਛਤ੍ਰ ਝੁਲਾਊਂ । ਮੈਂ ਹਾਂ ਇਹਦੇ ਹੁਕਮ ਅਨੁਸਾਰ । ਬਾਬੇ ਲਿਖਤ ਲਿਖੀ ਅਪਾਰ । (੧੨ ਭਾਦਰੋਂ ੨੦੦੬ ਬਿਕ੍ਰਮੀ)

## * ਸੰਤ ਮਨੀ ਸਿੰਘ ਦਾ ਜੋਤੀ ਜੋਤ ਸਮਾਣਾ *

ਸੰਤ ਮਨੀ ਸਿੰਘ **੨੬-੯-੧੯੧੮ ਈਸਵੀਂ (੧੦ ਅਸੂ ੧੯੭੬ ਬਿਕ੍ਰਮੀ)** ਨੂੰ ਜੋਤੀ ਜੋਤ ਸਮਾ ਗਏ ।

## * ਮਹਾਰਾਜ ਸ਼ੇਰ ਸਿੰਘ, ਨਿਹਕਲੰਕ ਨਰਾਇਣ ਨਰ *

" ਐ ਧਰਨੀਏ, ਜੋਤੀ ਜੋਤ ਸਰੂਪ ਹਰਿ, ਜੋਤੀ ਆਤਮਾ ਜੋਤ ਪਰਮਾਤਮਾ ਜੋ ਸਰਬ ਆਤਮਾ ਦਾ ਪਰਮਾਤਮਾ ਹੈ ਔਰ ਜੋਤ ਸਰੂਪ ਹੈ । ਸਰੀਰ ਨਹੀਂ ਤਨ ਵਜੂਦ ਨਹੀਂ ਮਾਟੀ ਖ਼ਾਕ ਨਹੀਂ, ਔਰ ਉਸੇ ਪਰਮਾਤਮਾ ਨੂੰ, ਜੋਤ ਸਰੂਪ ਨੂੰ, ਨਿਹਕਲੰਕ ਕਿਹਾ ਗਿਆ ਹੈ । **ਕਿਸੇ ਇਨਸਾਨ ਨੂੰ ਨਿਹਕਲੰਕ ਨਹੀਂ ਕਿਹਾ ਗਿਆ ।** " (ਸਤਿਗੁਰਾਂ ਦਵਾਰਾ ਕੀਤੇ ਅਰਥ)

ਨਿਹਕਲੰਕ ਨਿਰਗੁਣ ਅਵਤਾਰ, **ਕਿਸੇ ਜੰਮਿਆ ਨਾ ਪਿਤਾ ਮਾਈਆ ।** (੨੩ ਚੇਤ ੨੦੨੦ ਬਿਕ੍ਰਮੀ)

ਨਿਹਕਲੰਕ ਨਰ ਨਿਰੰਕਾਰ ਹੈ, **ਨਿਰਗੁਣ ਰੂਪ ਸਮਾਏ । ਪੰਜ ਤਤ ਨਾ ਕੋਈ ਆਕਾਰ ਹੈ, ਹੱਡ ਮਾਸ ਨਾੜੀ ਚੰਮ ਨਾ ਕੋਈ ਦਿਸਾਏ । ਏਕਾ ਸ਼ਬਦ ਸਾਚੀ ਧਾਰ ਹੈ, ਲੋਆਂ ਪੁਰੀਆਂ ਵਿਚ ਸਮਾਏ ।** ਤ੍ਰੈਗੁਣ ਮਾਇਆ ਸ੍ਰਿਸ਼ਟ ਅਪਾਰ ਹੈ, ਪ੍ਰਭ ਆਪਣਾ ਰਥ ਚਲਾਏ । ਆਪੇ ਵਸੇ ਸਭ ਤੋਂ ਬਾਹਰ ਹੈ, ਹਰ ਘਟ ਮੇਂ ਆਪ ਸਮਾਏ । ਆਪੇ ਗੁਪਤ ਆਪੇ ਜਾਹਿਰ ਹੈ, ਆਪੇ ਅੰਦਰ ਮੰਦਰ ਡੇਰਾ ਲਾਏ । ਆਪੇ ਜੋਤ ਨਿਰੰਜਣ ਕਰ ਆਕਾਰ ਹੈ, ਸ਼ਬਦ ਅਨਾਦੀ ਧੁਨ ਵਜਾਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜੁਗ ਜੁਗ ਭੇਖ ਵਟਾਏ । (੨ ਅੱਸੂ ੨੦੧੩ ਬਿਕ੍ਰਮੀ )

ਪਹਿਲੀ ਜੇਠ ਕਹੇ ਮੈਂ ਪੰਚ ਦਿਵਸ ਕਰਦਾ ਰਹਿਆ ਇੰਤਜਾਰ, ਅਗਲਾ ਅਗਲਾ ਧਿਆਨ ਲਗਾਈਆ । ਕਿਸ ਬਿਧ ਆਵੇ ਆਪ ਕਰਤਾਰ, ਕਰਨੀ ਦਾ ਕਰਤਾ ਵੇਸ ਵਟਾਈਆ । ਮੈਂ ਮਾਤਾ ਦੇ ਗਰਭ ਵਿਚ ਨਿਗਾਹ ਰਹਿਆ ਮਾਰ, ਬਿਨ ਨੈਣਾਂ ਨੈਣ ਉਠਾਈਆ । ਉਹ ਖ਼ਾਲੀ ਭਾਂਡਾ ਅੰਦਰੋਂ ਦਿਸਦਾ ਰਹਿਆ ਜਿਸ ਨੂੰ ਆਤਮਾ ਦਾ ਅਧਾਰ, ਜਗਤ ਵਾਸਨਾ ਨਾਲ ਵਡਿਆਈਆ । ਜਿਸ ਵੇਲੇ ਵਕਤ ਸੁਹੰਵਣਾ ਆਇਆ **ਪੰਚਮ ਜੇਠ ਥਿਤ** ਜਗਤ ਵਿਚਾਰ, ਸੋਹਣਾ ਖੇਲ ਖਿਲਾਈਆ । ਸਾਢੇ ਦਸ ਤਨ ਵਜੂਦ ਪਰਗਟ ਕਰ ਅਪਾਰ, ਆਪਣਾ ਰੰਗ ਵਖਾਈਆ । **ਪਹਿਲੇ ਸਕਿੰਟ ਅੰਤਰ ਆਈ ਜੋਤ ਨਿਰੰਕਾਰ, ਦੂਜੇ ਸ਼ਬਦ ਸ਼ਬਦ ਸ਼ਬਦ ਸਮਾਈਆ ।** ਤੀਜੇ ਦੋ ਜਹਾਨਾਂ ਵੇਖ ਵਖਾਰ, ਚੌਥਾ ਆਪਣਾ ਆਪਣੇ ਵਿਚ ਸਮਾਈਆ । ਪੰਜਵੇਂ ਸਕਿੰਟ ਬਲ ਬਾਵਨ ਕਰਕੇ ਖ਼ਬਰਦਾਰ, ਭਗਤ ਭਗਵਾਨ ਦੋਵੇਂ ਰੰਗ ਰੰਗਾਈਆ । ਮੇਰਾ ਵੇਖ ਲੈ ਰੂਪ ਨਿਰਾਕਾਰ, ਜੋ ਸਾਕਾਰ ਵਿਚ ਟਿਕਾਈਆ । **ਬਾਵਨ ਸਾਲ ਕਰਾਂ ਸ਼ਿੰਗਾਰ**, ਤਤਾਂ ਰੰਗ ਚੜ੍ਹਾਈਆ । **ਫਿਰ ਜੋਤੀ ਜਾਤਾ ਹੋ ਕੇ ਹੋਵਾਂ ਬਾਹਰ, ਆਪਣਾ ਆਪ ਪ੍ਰਗਟਾਈਆ ।** ਗੋਬਿੰਦ ਦਾ ਤਕ ਕੇ ਕੌਲ ਇਕਰਾਰ, ਇਕਰਾਰਨਾਮੇ ਪਿਛਲੇ ਨਾਲ ਮਿਲਾਈਆ । ਵੇਦਵਯਾਸ ਦਾ ਲਾਹਵਾਂ ਉਧਾਰ, ਉਦਰ ਦਾ ਪੰਧ ਮੁਕਾਈਆ । ਸੰਬਲ ਦਾ ਬਣ ਸਿਕਦਾਰ, ਸਿੰਘਾਸਣ ਦੇਵਾਂ ਸੁਹਾਈਆ । ਜੋਤੀ ਜਾਤਾ ਹੋ ਕੇ ਸ਼ਬਦ ਦੀ ਦੇਵਾਂ ਗੁੰਜਾਰ, ਸ਼ਬਦੀ ਸ਼ਬਦ ਪ੍ਰਗਟਾਈਆ । ਖੇਲ ਕਰਾਂ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖ ਵਖਾਈਆ । ਲਹਿਣਾ ਦੇਣਾ ਪੂਰਾ ਕਰਾਂ ਪੈਗ਼ੰਬਰ ਗੁਰ ਅਵਤਾਰ, ਅਵਤਰੀ ਹੋ ਕੇ ਹੁਕਮ ਵਰਤਾਈਆ । ਪਹਿਲੀ ਜੇਠ ਕਹੇ ਮੈਂ ਨਿਉਂ ਨਿਉਂ ਕੀਤੀ ਨਿਮਸਕਾਰ, ਬਿਨ ਸੀਸ ਸੀਸ ਝੁਕਾਈਆ । ਪੰਜ ਦਿਨ ਕਰਦਾ ਰਹਿਆ ਇੰਤਜਾਰ, ਦੋ ਜਹਾਨਾਂ ਰਾਹ ਤਕਾਈਆ । ਕਵਣ ਵੇਲਾ ਆਏ ਸਾਂਝਾ ਯਾਰ, ਮੀਤ ਮੁਰਾਰਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । (ਪਹਿਲੀ ਜੇਠ ਸ਼ਹਿਨਸ਼ਾਹੀ ਸੰਮਤ ੧੧)

ਪਹਿਲੀ ਜੇਠ ਕਹੇ ਪੰਚਮ ਜੇਠ ਮੈਂ ਰਹਿਆ ਉਡੀਕਦਾ, ਆਪਣਾ ਧਿਆਨ ਲਗਾਈਆ । **ਉਹ ਵਕਤ ਸੁਹੰਵਣਾ ਅਠਾਰਾਂ ਮਈ ਤਾਰੀਖ਼ ਦਾ, ਸਾਢੇ ਦਸ ਵੰਡ ਵੰਡਾਈਆ ।** (ਪਹਿਲੀ ਜੇਠ ਸ਼ਹਿਨਸ਼ਾਹੀ ਸੰਮਤ ੧੧)

**੧੮ ਮਈ ੧੮੯੧ ਈਸਵੀਂ (੫ ਜੇਠ ੧੯੪੮ ਬਿਕ੍ਰਮੀ) ਮੰਗਲਵਾਰ ਸਵੇਰੇ ੧੦:੩੦ ਵਜੇ, ਮਾਝੇ ਦੇਸ਼ ਅੰਦਰ, ਪਿੰਡ ਘਵਿੰਡ ਥਾਣਾ ਖਾਲੜਾ, ਤਹਿਸੀਲ ਕਸੂਰ, ਜ਼ਿਲਾ ਲਾਹੌਰ, ਰਾਮਗੜੀਆਂ ਦੀ ਜੰਞੂ ਕੁਲ, ਜਾਤ ਤਰਖਾਣ ਵਿਚ ਅਵਤਾਰ ਧਾਰਨ ਕੀਤਾ ।**

ਉਨੀ ਸੌ ਅਠਤਾਲੀ ਬਿਕ੍ਰਮੀ ਲੇਖ ਲਿਖਾਇੰਦਾ । ਮੰਗਲਵਾਰ ਪੰਚਮ ਜੇਠ ਦੀਪਕ ਜੋਤ ਆਪ ਜਗਾਇੰਦਾ । ਕਲਜੁਗ ਜੀਵ ਕੌੜੇ ਰੀਠ, ਸ਼ਬਦ ਹਥੌੜਾ ਹੱਥ ਉਠਾਇੰਦਾ । ਆਪ ਪਛਾੜੇ ਵਡ ਵਡ ਸੇਠ, ਵੇਲਾ ਨੇੜੇ ਆਪ

ਲਿਆਇੰਦਾ। ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, **ਪੁਰੀਘਨਕ ਵਿਚ ਜਾਮਾ ਪਾਇੰਦਾ**। (੧੩ ਮੱਘਰ ੨੦੧੦ ਬਿਕ੍ਰਮੀ)

**ਬਾਣੀ ਵਿਚ ਉਂਨੀ ਸੌ ਪੰਜਾਹ ਬਿਕ੍ਰਮੀ ਨੂੰ ਪਰਗਟ ਹੋਣ ਦਾ ਲੇਖ ਆਉਂਦਾ ਹੈ ।**

**ਉਂਨੀ ਸੌ ਪੰਜਾਹ ਬਿਕ੍ਰਮੀ ਤਾਈ।** ਮਾਤਲੋਕ ਵਿਚ ਦੇਹ ਪ੍ਰਗਟਾਈ। ਪੰਜ ਜੇਠ ਥਿਤ ਲਿਖਾ ਕੇ। ਮਾਤਗਰਭ ਸੇ ਬਾਹਰ ਆ ਕੇ। ਮਹਾਰਾਜ ਸ਼ੇਰ ਸਿੰਘ ਨਾਮ ਰਖਾ ਕੇ। **ਬੈਠਾ ਆਪਣਾ ਆਪ ਲੁਕਾ ਕੇ।** ਘਵਿੰਡ ਨੂੰ ਘਨਕਾ ਪੁਰੀ ਬਣਾ ਕੇ। ਮਨੀ ਸਿੰਘ ਤਾਈਂ ਦਰਸ ਦਿਖਾ ਕੇ। ਐਸਾ ਭਰਮ ਉਨ੍ਹਾਂ ਦਾ ਲਾਹਿਆ। ਮੁਰਲੀ ਮਨੋਹਰ ਨਜ਼ਰੀ ਆਇਆ। ਦੇਖੀ ਓਸ ਇਹ ਸ਼ਕਲ ਨਿਰਾਲੀ। ਮਿਲਿਆ ਆਪ ਉਹਨੂੰ ਬਨਵਾਲੀ। ਕ੍ਰਿਸ਼ਨ ਘਨ੍ਹੈਯਾ ਆਪਣਾ ਆਪ ਉਪਾ ਕੇ। ਮਨੀ ਸਿੰਘ ਤਾਈਂ ਦਰਸ ਦਿਖਾ ਕੇ। ਰਾਮ ਰੂਪ ਦਾ ਦਰਸ ਦਿਖਾਇਆ। ਹੱਥ ਧਨੁਸ ਚਿੱਲਾ ਚੜ੍ਹਾਇਆ। ਐਸਾ ਬਚਨ ਉਨ੍ਹਾਂ ਨੂੰ ਕੀਤਾ। ਕਲਜੁਗ ਦਾ ਨਾਸ਼ ਅਸਾਂ ਨੇ ਕੀਤਾ। ਕਲਜੁਗ ਪਾਪੀ ਬੜਾ ਹੰਕਾਰੀ। ਪਾਪੀ ਅਪਰਾਧੀ ਦੁਸਟ ਦੁਰਾਚਾਰੀ। ਕਰਮ ਏਸ ਦਾ ਵੇਖਿਆ ਬਾਬਾ। ਮਹਾਰਾਜ ਸ਼ੇਰ ਸਿੰਘ ਆਇਆ ਡਾਢਾ।

(੧੩ ਭਾਦਰੋਂ ੨੦੦੬ ਬਿਕ੍ਰਮੀ)

**੧੯੫੦** - (ਭਾਵ)

੧. ਏਕੰਕਾਰ ਜੋ ਨੌ ਦੁਵਾਰਿਆਂ ਅਤੇ ਪੰਜਾਂ ਤਤਾਂ ਦੇ ਅਧੀਨ ਨਹੀਂ ਅਤੇ ਜਿਸ ਨੂੰ ਕੋਈ ਜਾਣ ਨਹੀ ਸਕਦਾ, ਉਸਨੇ ਪੰਜ ਜੇਠ ਨੂੰ ਅਵਤਾਰ ਧਾਰਿਆ। ਜੋਤ ਸਰੂਪੀ ਪਰਗਟ ਹੋਣ ਦਾ ਵੀ ਦਿਵਸ ਹੈ।

੨. ਸੰਤ ਮਨੀ ਸਿੰਘ ਨੇ ਜਗਤ ਜੀਵਾਂ ਸਾਮ੍ਹਣੇ ਕੇਵਲ ੧੯੫੦ ਬਿਕ੍ਰਮੀ ਵਿਚ ਖੋਲਣਾ ਸ਼ੁਰੂ ਕੀਤਾ ਸੀ। (ਮਹਾਰਾਜ ਜੀ ਨੂੰ ਸੰਸਾਰ ਅੰਦਰ ਪਰਗਟ ਕਰਨ ਅਤੇ ਗੁਰ ਅਰਜਨ ਦਾ ਬਚਨ ਪੂਰਾ ਕਰਨ ਵਾਸਤੇ ੧੯੫੦ ਬਿਕ੍ਰਮੀ ਵਿਚ ਹਰਿਮੰਦਰ ਸਾਹਿਬ ਲੈ ਕੇ ਗਏ।)

੩. ਇਹ ਭੀ ਸੱਚ ਹੈ ਜਿਸ ਕਮਰੇ ਵਿੱਚ ਬੈਠ ਕੇ ਬਾਬਾ ਮਨੀ ਸਿੰਘ ਨੇ ਪਹਿਲੇ ਦਿਨ ਲਿਖਤ ਲਿਖਣੀ ਅਰੰਭ ਕੀਤੀ ਸੀ ਉਸ ਵੇਲੇ ਉਸ ਕਮਰੇ ਵਿੱਚ ਜੋਤ ਦਾ ਪ੍ਰਕਾਸ਼ ਹੋ ਗਿਆ ਸੀ। ਓਦੋਂ ਸ਼ਾਇਦ ੧੯੫0 ਬਿਕ੍ਰਮੀ ਸੀ।

**ਮਾਤਲੋਕ ਪ੍ਰਭ ਜੋਤ ਜਗਾ ਕੇ।** ਜਨਭਗਤ ਪ੍ਰਭ ਸੰਗ ਉਪਾ ਕੇ। ਸਾਚੀ ਬਣਤ ਪ੍ਰਭ ਜਾਏ ਬਣਾ ਕੇ। ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਵਿਚ ਮਾਤ ਦੇ ਪਾ ਕੇ। ਲੋਕਮਾਤ ਪ੍ਰਭ ਵਕਤ ਸੁਹਾਇਆ। **ਉਂਨੀ ਸੌ ਪੰਜਾਹ ਬਿਕ੍ਰਮੀ ਲੇਖ ਲਿਖਾਇਆ।** ਸਾਚਾ ਵਕਤ ਵੇਖ, ਮਾਤਲੋਕ ਪ੍ਰਭ ਜੋਤ ਜਗਾਇਆ। ਜੋਤ ਸਰੂਪੀ ਕੀਨਾ ਭੇਖ, ਸ੍ਰਿਸ਼ਟ ਸਬਾਈ ਤਾਈਂ ਭੁਲਾਇਆ। ਕਲਜੁਗ ਜੀਵ ਰਹੇ ਵੇਖਾ ਵੇਖ, ਪ੍ਰਭ ਅਬਿਨਾਸ਼ੀ ਨਜਰ ਨਾ ਆਇਆ। ਬੇਮੁਖ ਜੀਵਾਂ ਉਲਟੀ ਰੇਖ, ਪ੍ਰਭ ਗੂੜ੍ਹੀ ਨੀਂਦ ਸਵਾਇਆ। ਗੁਰਮੁਖ ਸਾਚੇ ਆਤਮ ਵੇਖ, ਪ੍ਰਭ ਦਰ ਆਏ ਸੀਸ ਝੁਕਾਇਆ। ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਵਿਚ ਮਾਤ ਦੇ ਪਾਇਆ। (੫ ਜੇਠ ੨੦੦੯ ਬਿਕ੍ਰਮੀ)

" ਸ੍ਰੀ ਪੂਰਨ ਪਰਮੇਸ਼ਵਰ ਹੈ ਜਿਸ ਨੂੰ ਜਣਾਵੇ ਸੋਈ ਜਾਣਦਾ ਹੈ। ਸੰਤਾਂ ਦੀ ਕਲਮ ਨਾਲ ਸਭ ਕੁਛ ਕਰ ਦੇਣਾ ਹੈ ਜੀ। ਮੈਂ ਨਰ ਨਰਾਇਣ ਅਵਤਾਰ ਮਹਾਰਾਜ ਸ਼ੇਰ ਸਿੰਘ ਹਾਂ ਜੀ। ਨਿਹਕਲੰਕ, ਅਮਾਮ ਮਹਿਦੀ ਵੀ ਅਸਾਂ ਹਾਂ ਜੀ। ਮੈਂ ਜੁਗੋ ਜੁਗ ਅਵਤਾਰ ਧਾਰਦਾ ਹਾਂ। ਚਾਰ ਜੁਗ ਹਨ। ਚਾਰ ਜਾਮੇ ਅਸੀਂ ਔਨੇ ਹਾਂ। ਫੇਰ ਜਦੋਂ ਮੇਰੇ ਭਗਤਾਂ ਤੇ ਕੋਈ ਭੀੜ ਬਣੇ ਉਸ ਵਕਤ ਜੋਤ ਸਰੂਪੀ ਪਰਗਟ ਹੋ ਕੇ ਭੀੜ ਕੱਟ ਦੇਂਦੇ ਹਾਂ। ਸਤਿਜੁਗ ਵਿਚ ਅਸਾਂ ਹੰਸਾ ਅਵਤਾਰ ਸਾਂ। ਰਾਵਣ ਨੂੰ ਮਾਰਨ ਵਾਸਤੇ ਅਸਾਂ ਰਾਮ ਜੀ ਅਖਵਾਇਆ। ਕ੍ਰਿਸ਼ਨ ਮਹਾਰਾਜ ਅਖਵਾਕੇ, ਅਸਾਂ ਬਹੁਤ ਲੀਲ੍ਹਾ ਕੀਤੀਆਂ ਹਨ ਜੀ। ਹੁਣ ਕਲਜੁਗ ਵਿਚ ਅਸੀਂ ਅਵਤਾਰ ਧਾਰਿਆ ਹੈ। ਜੋਤ ਸਰੂਪ ਇਹ ਸਾਰੀ ਲਿਖਤ ਹੋ ਰਹੀ ਹੈ। ਦੇਹ ਕਰਕੇ ਕੋਈ ਬਚਨ ਨਹੀਂ ਕਰਦੇ, ਮਘਨ ਰਹਿੰਦੇ ਹਨ। ਮਨੀ ਸਿੰਘ ਨੂੰ ਲਿਖੌਂਦੇ ਹਨ ਕਿ ਸੰਤਾਂ ਘਵਿੰਡ ਪਿੰਡ ਵਿਚ ਸਾਨੂੰ ਕੋਈ ਪਛਾਣੇਗਾ ਨਹੀਂ। ਏਹ ਬਚਨ ਪਾਤਸ਼ਾਹ ਪੰਜ ਸਾਲ ਦੇ ਕਰਦੇ ਸਨ ਕੇ ਪਿੰਡ ਘਵਿੰਡ ਦੇ ਸਾਡੇ ਨਾਲ ਵੈਰ ਕਰਨਗੇ। ਚੋਰੀਆਂ ਵੀ ਸਾਡੇ ਨਾਂ ਲੌਣਗੇ। ਸਾਨੂੰ ਕੋਈ ਪਛਾਣੂ ਨਾ। ਇੱਟਾ ਢੀਮਾਂ ਵੀ ਮਾਰਨਗੇ। ਸਾਨੂੰ ਲੁੱਟਣ ਠੱਗਣਗੇ ਵੀ।" (ਜਨਮ ਸਾਖੀ)

**ਮਾਤਾ** - ਤਾਬੋ (ਮਤਾਬ ਕੌਰ)
**ਪਿਤਾ** - ਭਾਈ ਜਵੰਦ ਸਿੰਘ ਪੁੱਤਰ ਭਾਈ ਜੇਠਾ ਸਿੰਘ

**ਪਿਤਾ ਜਵੰਦ ਸਿੰਘ ਤਾਬੋ ਮਾਈ ।** ਉਨ੍ਹਾਂ ਨੂੰ ਦਿਤੀ ਆਪ ਵਡਿਆਈ । **ਜਾਤ ਤਰਖਾਨ ਉਨ੍ਹਾਂ ਦੀ ਹੋਵੇ ।** ਜਿਥੇ ਮਹਾਰਾਜ ਸ਼ੇਰ ਸਿੰਘ ਪਰਗਟ ਹੋਵੇ । ਤਰਖਾਣਾਂ ਦਾ ਤਖ਼ਤ ਬਣਾਇਆ । ਐਸਾ ਮਾਣ ਇਨ੍ਹਾਂ ਨੂੰ ਦਵਾਇਆ । ਸਾਰਾ ਸੰਸਾਰ ਚਰਨੀ ਪਾਇਆ । ਆਪਣਾ ਭੇਵ ਆਪ ਖੁਲਾਇਆ । ਬਹੁਤਾ ਇਹਨਾਂ ਪਾਇਆ ਮਾਣ । ਜਿਥੇ ਉਪਜਿਆ ਆਪ ਭਗਵਾਨ । (੧੩ ਭਾਦਰੋਂ ੨੦੦੬ ਬਿਕ੍ਰਮੀ)

**ਜਵੰਦ ਸਿੰਘ ਦੇ ਭਰਾ** : ਸ਼੍ਰੀ ਆਸਾ ਸਿੰਘ, ਸ਼੍ਰੀ ਰੰਗਾ ਸਿੰਘ (ਮਹਾਰਾਜ ਸ਼ੇਰ ਸਿੰਘ ਜੀ ਦੇ ਖਜਾਂਚੀ), ਸ਼੍ਰੀ ਹਜ਼ਾਰਾ ਸਿੰਘ

**ਮਹਾਰਾਜ ਸ਼ੇਰ ਸਿੰਘ ਜੀ ਦੇ ਭਰਾ** :
- ਸ਼੍ਰੀ ਠਾਕਰ ਸਿੰਘ
- ਸ਼੍ਰੀ ਫੌਜਾ ਸਿੰਘ
- ਸ਼੍ਰੀ ਹਰਨਾਮ ਸਿੰਘ

**ਮਹਾਰਾਜ ਸ਼ੇਰ ਸਿੰਘ ਜੀ ਦੀ ਭੈਣਾਂ** :
- ਬੀਬੀ ਠਾਕਰੀ
- ਬੀਬੀ ਨਾਮੋ

ਨਾ ਝੁੱਗੀ ਨਾ ਝੁਗੜਾ, ਸਚ ਗੁਰ ਦਰਬਾਰਾ । ਜਿਥੇ ਪ੍ਰਭ ਪੂਰਾ ਚਰਨ ਧਰੇ, ਸੋ ਧਾਮ ਨਿਆਰਾ । ਰਖੇ ਪਤਿ ਪ੍ਰਭ ਪਾਰਬ੍ਰਹਮ, ਸਰਬ ਜੀਆਂ ਸਹਾਰਾ । ਮਹਾਰਾਜ ਸ਼ੇਰ ਸਿੰਘ ਦੇ ਵਡਿਆਈ, ਧੰਨ ਧੰਨ ਧੰਨ **ਠਾਕਰ ਸਿੰਘ** ਜਰਮ ਤੁਮਾਰਾ । **ਪਿਛਲਾ ਜਰਮ ਤੇਰਾ ਸੀ ਬੇਣੀ ।** ਭੁੱਖਾ ਛੱਡ ਬੰਸ ਦਿਵਸ ਰੈਣੀ । ਕਰੇ ਦਰਸ ਪ੍ਰਭ ਆਤਮ ਨੈਣੀ । ਸਾਚੀ ਸਿਫ਼ਤ ਸੱਚੀ ਵਡਿਆਈ, ਮਹਾਰਾਜ ਸ਼ੇਰ ਸਿੰਘ ਜਿਥੇ ਤੇਰੀ ਸੰਗਤ ਬਹਿਣੀ । (ਪਹਿਲੀ ਚੇਤ ੨੦੦੮ ਬਿਕ੍ਰਮੀ)

(ਠਾਕਰ ਸਿੰਘ ਦੀ ਸ਼ਾਦੀ ਬੇਬੇ ਨੈਣੋ ਨਾਲ ਹੋਈ ਅਤੇ ਉਨ੍ਹਾਂ ਘਰ ਇਕ ਸਪੁਤਰੀ ਬੀਬੀ ਸੇਵੀ ਦੇ ਜਨਮ ਤੋਂ ਝਬ ਹੀ ਮਗਰੋਂ ਠਾਕਰ ਸਿੰਘ ਸੁਰਗਵਾਸ ਹੋ ਗਏ । ਮੁੜ ਬੇਬੇ ਨੈਣੋ ਨੂੰ ਮਹਾਰਾਜ ਸ਼ੇਰ ਸਿੰਘ ਦੇ ਘਰ ਬਿਠਾ ਦਿਤਾ ਗਿਆ ।)

*** ਮਹਾਰਾਜ ਸ਼ੇਰ ਸਿੰਘ ਜੀ ਦੇ ਮਹਲ ਅਤੇ ਸੰਤਾਨ ***

੧. **ਬੀਬੀ ਨੌ ਨਿਧਾ**
੨. **ਮਾਤਾ ਨਰੈਣ ਕੌਰ (ਮਾਤਾ ਨੈਣੌ)** :
  ੧. ਬਾਬਾ ਮੋਤਾ ਸਿੰਘ @ ਭਗਵਾਨ ਸਿੰਘ (ਪੂਰਬਲਾ ਜਾਮਾ - **ਭਰਥਰੀ**)
  ੨. ਬਾਬਾ ਉਧਮ ਸਿੰਘ (ਪੂਰਬਲਾ ਜਾਮਾ - **ਗੋਪੀ ਚੰਦ**)
  ੩. ਬਾਬਾ ਦਲੀਪ ਸਿੰਘ (ਪੂਰਬਲਾ ਜਾਮਾ - **ਪ੍ਰਹਿਲਾਦ**)
  ੪. ਦੋ ਲੜਕੀਆਂ - ਬੀਬੀ ਸੇਵੀ ਅਤੇ ਬੀਬੀ ਕਰਤਾਰ ਕੌਰ
੩. **ਮਾਤਾ ਬੰਤੀ** :
  ੧. ਬਾਬਾ ਸੂਰਤ ਸਿੰਘ @ ਕਰਤਾਰ ਸਿੰਘ (ਪੂਰਬਲਾ ਜਾਮਾ - **ਸੰਤ ਮਨੀ ਸਿੰਘ, ਕ੍ਰਿਸ਼ਨ ਜੀ ਵੇਲੇ ਅਰਜਨ**)
੪. **ਮਾਤਾ ਹਰਭਜਨ ਕੌਰ** :
  ੧. ਬਾਬਾ ਸ਼ਾਮ ਸਿੰਘ (ਪੂਰਬਲਾ ਜਾਮਾ - **ਬੈਣੀ**)
੫. **ਬੀਬੀ ਗੁਰਦੇਵ ਕੌਰ**

**ਭਰਥਰੀ** ਤੋਂ ਭਗਵਾਨ ਉਪਾਇਆ । **ਮੋਤਾ ਸਿੰਘ** ਨਾਮ ਰਖਵਾਇਆ । ਕਲਜੁਗ ਵਿਚ **ਪ੍ਰਹਿਲਾਦ** ਹੈ ਆਇਆ । **ਦਲੀਪ ਸਿੰਘ** ਨਾਮ ਅਖਵਾਇਆ । **ਚੰਦ ਗੋਪੀ** ਫੇਰ ਉਪਾਇਆ । **ਊਧਮ** ਨੂੰ ਅੱਧ ਵਿਚ ਰਖਵਾਇਆ । **ਬੈਣੀ** ਨੂੰ **ਸ਼ਾਮ** ਉਪਾ ਕੇ । (੧੭ ਭਾਦਰੋਂ ੨੦੦੬ ਬਿਕ੍ਰਮੀ)

**ਹਰਿ ਬਾਣੀ ਅੰਦਰ ਮਹਾਰਾਜ ਸ਼ੇਰ ਸਿੰਘ ਦੇ ਤਨ ਵਜੂਦ ਨੂੰ ਘਨਕਪੁਰੀ ਕਿਹਾ ਗਿਆ ਹੈ ।**

**ਬਾਬਾ ਮਨੀ ਸਿੰਘ ਜੀ ਨੇ ਘਵਿੰਡ ਨੂੰ ਵੀ ਘਨਕਪੂਰੀ ਕਿਹਾ ।**

ਅੰਤ ਸਮੇਂ ਕਲਜੁਗ ਵਿਚ ਆਇਆ । ਨਿਹਕਲੰਕ ਆਪ ਅਖਵਾਇਆ । **ਘਨਕਪੁਰੀ** ਵਿਚ ਚਰਨ ਟਿਕਾਇਆ । ਮਹਾਰਾਜ ਸ਼ੇਰ ਸਿੰਘ ਨਾਮ ਰਖਾਇਆ । (੧੮ ਮੱਘਰ ੨੦੦੬ ਬਿਕ੍ਰਮੀ)

**ਮਹਾਰਾਜ ਸ਼ੇਰ ਸਿੰਘ ਜੀ ਦੀ ਅਵਾਜ਼ ਦਾ ਲਹਿਜਾ** ਕਿਸੇ ਦੂਸਰੇ ਆਦਮੀ ਨਾਲ ਨਹੀਂ ਸੀ ਮਿਲਦਾ । ਉਨ੍ਹਾਂ ਦੇ ਬੋਲ ਦੀ ਧੁਨੀ ਵਿੱਚ ਇਕ ਬਹੁਤ ਹਲਕੀ ਅਤੇ ਅਗੰਮੀ ਕਿਸਮ ਦੀ ਝਨਕ ਹੋਇਆ ਕਰਦੀ ਸੀ । ਮੁਹੰਮਦ ਸਾਹਿਬ ਦਾ ਕਹਿਣਾ ਕਿ ਜਦੋਂ ਅਮਾਮਾਂ ਦਾ ਅਮਾਮ ਆਇਆ ਤਾਂ ਉਨ੍ਹਾਂ ਦੀ ਅਵਾਜ਼ ਅੰਦਰ ਕਦਰੇ 'ਹਕ' ਹੋਵੇਗਾ ਪਰ ਉਸ ਦਾ ਅਰਥ ਥਥਲੇਪਨ ਤੋਂ ਲੈਣਾ ਉਚਿਤ ਨਹੀਂ । ਸੱਚੇ ਪਾਤਸ਼ਾਹ ਦੀ ਰਸਨਾ ਤੋਂ ਨਿਕਲੇ ਸ਼ਬਦ ਸਾਫ ਹੁੰਦੇ ਸਨ ਅਤੇ ਉਨ੍ਹਾਂ ਦੇ ਉਚਾਰਨ ਵਿੱਚ ਮਹਾਰਾਜ ਕੋਈ ਦਿੱਕਤ ਮਹਿਸੂਸ ਨਹੀਂ ਕਰਿਆ ਕਰਦੇ ਸਨ । **ਪਰ ਫਿਕਰਾ ਬੋਲਣ ਲੱਗਿਆ ਉਸ ਵਿਚ ਅਧਿਕ ਵਿਰਾਮ ਵਰਤਦੇ ਸੀ ।**

ਮਹਾਰਾਜ ਸ਼ੇਰ ਸਿੰਘ ਜੀ ਦਾ **ਸ਼ਰੀਰ ਜੋਤ ਕਾਰਨ ਜਨਮ ਤੋਂ ਹੀ ਡਲਕ ਮਾਰਦਾ ਰਹਿੰਦਾ ਸੀ ।** ਪਰਿਵਾਰ ਵਾਲਿਆਂ ਇਸ ਵਲ ਕਦੀ ਧਿਆਨ ਨਹੀਂ ਸੀ ਦਿੱਤਾ । ਉਹ ਇਹ ਸਮਝਦੇ ਰਹੇ ਕਿ ਬਾਲਕ ਐਂਵੇ ਹੀ ਉੱਛਲਦਾ ਕੁੱਦਦਾ ਰਹਿੰਦਾ ਹੈ । ਮਹਾਰਾਜ ਜਦ ਤੁਰਨ ਫਿਰਨ ਜੋਗੇ ਹੋਏ ਤਾਂ ਸਤਿਗੁਰਾਂ ਦੀ ਦੇਹੀ ਫਿਰ ਵੀ ਡਗਮਗੌਂਦੀ ਰਹਿੰਦੀ ਸੀ ਜਿਸ ਨੂੰ ਵੇਖ ਬੇਸਮਝ ਲੋਗਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਬਾਲਕ ਨੂੰ " **ਝੋਲੇ** " **ਦੀ ਕਸਰ** ਹੋ ਗਈ ਹੈ । ਜੋਤ ਦੇ ਡਾਢੇ ਜ਼ੋਰ ਕਾਰਨ ਸੱਚੇ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਜੀ ਦਾ ਨਾ ਕੇਵਲ ਤਨ ਵਜੂਦ ਹੀ ਡਲਕਾਂ ਮਾਰਦਾ ਰਹਿੰਦਾ ਸੀ ਸਗੋਂ ਉਨ੍ਹਾਂ ਦੀਆਂ ਬਾਂਹਵਾਂ ਅਤੇ ਮੋਢਿਆਂ ਨੂੰ ਵੀ ਜੋਤ ਦੀਆਂ ਹੁੱਝਾ ਵੱਜਦੀਆਂ ਰਹਿੰਦੀਆਂ ਸਨ । ਜਦ ਕਿਤੇ ਚੌਂਕੜਾ ਮਾਰ ਪੀੜ੍ਹੇ ਤੇ ਬੈਠਕੇ ਸੰਗਤਾਂ ਨੂੰ ਪਰਸ਼ਾਦ ਆਦਿ ਵਰਤਾਂਦੇ ਤਾਂ ਮਹਾਰਾਜ ਸ਼ੇਰ ਸਿੰਘ ਡਗਮਗਾਉਂਦਿਆਂ ਹੋਇਆ ਦਾ ਆਪਣਾ ਸੀਸ ਕਈ ਵਾਰ ਪੱਟਾਂ ਨਾਲ ਸਪਰਸ਼ ਕਰ ਜਾਂਦਾ ਸੀ । ਆਪਣੇ ਸ਼ਰੀਰ ਦੇ ਡਗਮਗੌਣ ਦੀ ਵਿਆਖਿਆ ਕਰਦਿਆਂ ਹੋਏ ਮਹਾਰਾਜ ਸ਼ੇਰ ਸਿੰਘ ਹਰਿ ਬਾਣੀ ਅੰਦਰ ਫਰਮਾਉਂਦੇ ਹਨ ਕਿ ਉਹ ਝੂਮ ਝੂਮ ਕੇ **ਕਲਜੁਗ ਦੀਆਂ ਜੜ੍ਹਾਂ ਪੁਟਦੇ ਸਨ** ਤਾਂ ਜੋ ਸਤਿਜੁਗ ਦਾ ਅਰੰਭ ਕੀਤਾ ਜਾ ਸਕੇ, ਪਾਪੀਆਂ ਅਤੇ ਨਿੰਦਕਾਂ ਨੂੰ ਵਿਚ ਧੱਕਾ ਦੇ ਦੇ ਸੁਟਦੇ ਸਨ, ਅਤੇ ਭਗਤਾਂ ਅਤੇ ਗੁਰਸਿਖਾਂ ਦੀਆਂ ਝੋਲੀਆਂ ਦਾਤਾਂ ਨਾਲ ਭਰਦੇ ਸਨ ।

**ਅਨਹਦ ਸ਼ਬਦ ਵਾਜਾ ਪਵਨ ਦਾ, ਗੁਰਸਿਖ ਮਨ ਵਜਾਇਆ । ਕਲਜੁਗ ਵੇਲਾ ਨਹੀਂ ਹੁਣ ਸੌਣ ਦਾ, ਸੱਚਾ ਸ਼ਬਦ ਪ੍ਰਭ ਲਿਖਾਇਆ । ਕਲਜੁਗ ਅੰਤ ਆਇਆ ਜਿਉਂ ਰਾਉਣ ਦਾ, ਜਿਉਂ ਬਾਨ ਰਾਮ ਰਾਵਣ ਲਾਇਆ । ਜੋਤ ਸਰੂਪ ਝੂਲਾ ਦੀਆ ਪਵਨ ਦਾ, ਕਲਜੁਗ ਸਾਰਾ ਝੂਲ ਵਖਾਇਆ । ਏਹ ਬਚਨ ਨਹੀਂ ਆਵਾਗਵਣ ਦਾ, ਕਲਜੁਗ ਜਾਏ ਸਤਿਜੁਗ ਸਤਿ ਲਗਾਇਆ ।** (੧੫ ਚੇਤ ੨੦੦੮ ਬਿਕ੍ਰਮੀ)

**ਪਦਮ ਨਿਸ਼ਾਨ** ਖਲੜੀ ਦੇ ਹੇਠਾਂ ਨਹੀਂ ਛਿਪਿਆ ਹੁੰਦਾ, ਉਹ ਤੇ ਸਗੋਂ ਚਮੜੀ ਦੇ ਉੱਤੇ ਦਿਖਾਈ ਦਿਆ ਕਰਦਾ ਹੈ । ਇਹ ਕੰਵਲ ਨਿਸ਼ਾਨ ਮਹਾਰਾਜ ਕ੍ਰਿਸ਼ਨ ਦੇ ਗਿੱਟੇ ਤੇ ਵੀ ਸੀ, ਜਿਸ ਦੀ ਚਮਕ ਨੂੰ ਬਧਕ ਨੇ ਦੂਰੋਂ ਵੇਖ ਮ੍ਰਿਗ ਦੀ ਅੱਖ ਸਮਝ ਲਿਆ ਸੀ ਤੇ ਇਸ ਭ੍ਰਮ ਵਿਚ ਸ਼੍ਰੀ ਕ੍ਰਿਸ਼ਨ ਮਹਾਰਾਜ ਦੇ ਚਰਨ ਵਿਚ ਤੀਰ ਮਾਰ ਦਿੱਤਾ ਸੀ । **ਮਹਾਰਾਜ ਸ਼ੇਰ ਸਿੰਘ ਦੇ ਖੱਬੇ ਚਰਨ ਦੇ ਗਿੱਟੇ ਉੱਪਰ ਇਹ ਪਦਮ ਚਿੰਨ੍ਹ ਸੀ ।** ਬਾਬਾ ਮਨੀ ਸਿੰਘ ਨੇ ਵੀ ਬਾਲਾ ਮਹਾਰਾਜ ਸ਼ੇਰ ਸਿੰਘ

ਜੀ ਦੇ ਖੱਬੇ ਗਿੱਟੇ ਉੱਪਰ ਪਦਮ ਦਾ ਨਿਸ਼ਾਨ ਵੇਖਿਆ ਤੇ ਮਨ ਦੇ ਭਰਮ ਸ਼ਾਂਤ ਹੋਏ ਸਨ ।

ਗੁਰਸਿਖ ਵਿਚ ਸੰਸਾਰ, ਜਿਉਂ ਕੰਚਨ ਪਰਗਾਸਿਆ । ਮਹਾਰਾਜ ਸ਼ੇਰ ਸਿੰਘ ਆਪ ਨਿਰੰਕਾਰ, ਭਗਤਨ ਦਾਸਿਆ । ਉਪਜੀ ਜੋਤ ਅਪਾਰ । ਜੋਤ ਨਿਰੰਜਣ ਜਗਤ ਚਮਕਾਰ । ਵਿਚ ਸ੍ਰਿਸ਼ਟ ਨਾ ਹੋਵੇ ਵਿਚਾਰ । ਕਲਜੁਗ ਆਏ ਨਿਹਕਲੰਕ ਅਵਤਾਰ । ਵਿਚ ਦੁਆਪਰ ਕ੍ਰਿਸ਼ਨ ਮੁਰਾਰ । ਸੁੱਤਾ ਪਰਭਾਸ ਵਿਚ ਗੋਡੇ ਚਰਨ ਪਸਾਰ । **ਕ੍ਰਿਸ਼ਨ ਜੋਤ ਸ਼ੇਰ ਸਿੰਘ ਅਵਤਾਰ । ਜਿਥੇ ਮਾਰੇ ਬਧਕ ਬਾਣ । ਕਲਜੁਗ ਵਿਚ ਮੇਰੀ ਪਛਾਣ । ਚਰਨ ਖੱਬਾ ਸਚ ਨਿਸ਼ਾਨ । ਗਿੱਟੇ ਉਪਰ ਤੀਰ ਨਿਸ਼ਾਨ ।** ਮਹਾਰਾਜ ਸ਼ੇਰ ਸਿੰਘ ਪਰਗਟੇ ਵਿਸ਼ਨੂੰ ਭਗਵਾਨ । (੪ ਜੇਠ ੨੦੦੭ ਬਿਕ੍ਰਮੀ)

**ਮਹਾਰਾਜ ਸ਼ੇਰ ਸਿੰਘ ਜੀ ਦੇ ਸ਼ਰੀਰ ਅਤੇ ਪਸੀਨੇ ਤੋਂ ਫੁਲਾਂ ਦੀ ਖੁਸ਼ਬੂ ਆਇਆ ਕਰਦੀ ਸੀ ।**

" ਜਿਸ ਵਕਤ ਚੁਤਾਲਿਆਂ ਵਾਲਾ ਮੇਲਾ ਪੰਦਰਾਂ ਦਿਨ ਹੋਇਆ ਸੀ, ਜਲੋ ਦਿਉ ਸਟੇਸ਼ਣੋ ਦਿਲੀ ਤੇ ਦੁਆਬੇ ਦੀਆਂ ਸੰਗਤਾਂ, ਗੱਡੀ ਚੜ੍ਹੀਆਂ ਹਨ । ਮਾਝੇ ਵਾਲੇ ਸਿਖ ਘਰੀਂ ਆ ਗਏ ਹਨ । ਤੇਜਾ ਸਿੰਘ ਦੇ ਮਾਪੇ ਵੀ ਘਰ ਆ ਗਏ । ਤੇਜਾ ਸਿੰਘ ਦੀ ਵਾਰੀ ਦਰਸ਼ਨਾਂ ਦੀ ਆ ਗਈ । ਇਕ ਅੰਬ ਦਾ ਬੂਟਾ ਸੀ । ਉਸ ਦੇ ਹੇਠ ਸੱਚੇ ਪਿਤਾ ਬਰਾਜਮਾਨ ਹਨ ਜੀ । ਤੇਜਾ ਸਿੰਘ ਸਿਖ ਬੇਨੰਤੀ ਕੀਤੀ ਤੇ ਪਰਕਰਮਾਂ ਕੀਤੀਆਂ । ਪਾਤਸ਼ਾਹ ਉਠ ਕੇ ਦਾਤਰੀ ਫੜ ਕੇ ਤੁਰ ਪਏ ਹਨ ਜੀ । ਪਾਤਸ਼ਾਹ ਕੋਲ ਦਾਤਰੀ ਵੇਖ ਕੇ, ਤੇਜਾ ਸਿੰਘ ਵੀ ਪੱਠਿਆਂ ਨੂੰ ਤੁਰ ਪਿਆ । ਤੇਜਾ ਸਿੰਘ ਬੇਨੰਤੀ ਕਰ ਕੇ ਪਾਤਸ਼ਾਹ ਕੋਲੋਂ ਦਾਤਰੀ ਮੰਗੀ ਤੇ ਦਇਆ ਕਰ ਕੇ ਫੜਾ ਦਿਤੀ । ਆਪ ਅੰਬ ਥੱਲੇ ਆ ਗਏ ਜੀ । ਅੱਜੇ ਦੋ ਰੁਗੇ ਨਹੀਂ ਵੱਡੇ ਤੇ ਦੀਨ ਦਿਆਲ ਵਾਜ ਮਾਰ ਲਈ । ਹਾੜ ਦਾ ਮਹੀਨਾ ਸੀ । ਸੱਚੇ ਪਿਤਾ ਨੂੰ ਮੁੜਕਾ ਆ ਗਿਆ, ਰੁਗੇ ਚਕੌਂਦਿਆਂ ਪਸੀਨਾ ਹਥਾਂ ਨਾਲ ਲੱਗਾ ਜੀ । ਫੇਰ ਤੇਜਾ ਸਿੰਘ ਹੱਥ ਆਪ ਦੇ ਮੂੰਹ ਤੇ ਫੇਰੇ ਤੇ **ਹਥਾਂ ਵਿਚੋਂ ਵਾਸ਼ਨਾ ਆਈ, ਜਿਸ ਤਰ੍ਹਾਂ ਅਤਰ ਦੀ ਤੇ ਸੁੱਚੇ ਫੁਲ ਦੀ ਹੈ ।** ਮੂੰਹ ਤੇ ਹੱਥ ਫੇਰਨ ਨਾਲ ਪਿਛਲਾ ਜਰਮ ਮੁਕ ਗਿਆ ਤੇ ਨਵੇਂ ਜਰਮ ਵਾਂਗੂੰ ਸੁਰਤੀ ਤੇ ਗਿਆਨ ਬਖਸ਼ਿਸ਼ ਹੋ ਗਿਆ ਹੈ । ਜੋ ਜੀਵ ਹਨ ਏਨ੍ਹਾ ਦੇ ਮੁੜਕੇ ਵਿਚੋਂ ਬੋ ਆਵੇਗੀ । ਜੇ ਬਿਲਕੁਲ ਵੀ ਸਿਧ ਪਧਰਾ ਹੋਵੇ ਤਾਂ ਵੀ ਏਹ ਤਾਂ ਪਛਾਣ ਕਰ ਸਕਦਾ ਹੈ । " (ਜਨਮ ਸਾਖੀ)

**੧੯੫੨** ਬਿਕ੍ਰਮੀ - ਮਹਾਰਾਜ ਸ਼ੇਰ ਸਿੰਘ ਜੀ ਬਾਲ ਅਵਸਥਾ ਹਰਮੰਦਰ ਸਾਹਿਬ ਅਮ੍ਰਿਤਸਰ ਗਏ ।

ਸੱਚੇ ਪਾਤਸ਼ਾਹ ਜੀ ਗੁਰੂ ਅਰਜਨ ਦੇਵ ਜੀ ਦਾ ਬਚਨ 'ਹਰਿ ਜੂ ਹਰਿ ਮੰਦਰ ਆਵਹਿਗੇ' ਸਤਿ ਕਰਨ ਵਾਸਤੇ ਅਮ੍ਰਿਤਸਰ ਗਏ । ਓਦੋ ਹਰਿਮੰਦਰ ਵਿਖੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸਾਰਾ ਦਿਨ ਨਹੀ ਸੀ ਕੀਤਾ ਰਹਿੰਦਾ । ਅਮ੍ਰਿਤਸਰ ਪੁਝ ਕੇ ਦਰਸ਼ਨੀ ਡਿਓਡੀ ਲੰਘ ਕੇ ਸਿੱਧੇ ਦਰਬਾਰ ਸਾਹਿਬ ਚਲੇ ਗਏ ਹਨ ਤੇ ਮੰਜੀ ਸਾਹਿਬ ਦੇ ਉਤੇ ਸੱਚੇ ਪਾਤਸ਼ਾਹ ਨੂੰ ਬਹਾ ਦਿੱਤਾ ਹੈ ਜੀ । ਬਾਬੇ ਮਨੀ ਸਿੰਘ ਪੁਜਾਰੀਆਂ ਨੂੰ ਸੁਣਾਇਆ, ਸਾਰੇ ਹੋਕਾ ਦਿੱਤਾ ਕਿ ਏਹ ਨੇਹਕਲੰਕ ਅਵਤਾਰ ਹਨ, ਮੁਸਲਮਾਨਾਂ ਦੇ ਅਮਾਮ ਮਹਿਦੀ ਹਨ । ਏਹੋ ਹਰਿ ਜੀ ਹਨ ਅਤੇ ਅੱਜ ਆਪਣੇ ਧਾਮ ਤੇ ਆਪ ਸੁਹਾਏ ਹਨ । ਹਰਿ ਜੀ ਹਰਿ ਮੰਦਰ ਆਏ ਹਨ । ਪੂਰੇ ਬਚਨ ਗੁਰ ਅਰਜਨ ਦੇ ਕਰਾਏ ਹਨ ਜੀ । ਬਾਬੇ ਮਨੀ ਸਿੰਘ ਹੱਥ ਜੋੜ ਕੇ ਬੇਨੰਤੀ ਕੀਤੀ ਕਿ ਪੁਜਾਰੀਓ ਢੈਹ ਕੇ ਚਰਨੀ ਪੈ ਜਾਓ ਤੇ ਭੁਲਾਂ ਬਖ਼ਸ਼ਾਂ ਲਓ । ਏਹ ਦਰਬਾਰ ਰੈਹਣਗੇ ਨਹੀਂ ਤੇ ਸੱਚੇ ਪਿਤਾ ਕਰਾਮਾਤ ਖਿੱਚ ਕੇ ਲੈ ਜਾਣਗੇ ਜੀ । ਪੁਜਾਰੀਆਂ ਮੰਨਿਆਂ ਨਹੀਂ ਤੇ ਬਾਬੇ ਮਨੀ ਸਿੰਘ ਨੂੰ ਧੱਕੇ ਮਾਰੇ ਤੇ ਆਖਿਆ ਚੁੱਕ ਲੈ ਏਥੋਂ, ਇੱਕ ਬਾਲ ਨੂੰ ਤੂੰ ਮੰਜੀ ਸਾਹਿਬ ਦੇ ਉੱਤੇ ਲਿਆ ਬਿਠਾਇਆ ਹੈ । ਫੇਰ ਸਿਖ ਸੱਚੇ ਪਾਤਸ਼ਾਹ ਨੂੰ ਚੁੱਕ ਕੇ ਲੈ ਆਏ ਹਨ ਤੇ ਅਕਾਲ ਤਖ਼ਤ ਬੁੰਗੇ ਕੋਲ ਆ ਬੈਠੇ ਹਨ ਜੀ । ਓਥੇ ਸੱਚੇ ਪਾਤਸ਼ਾਹ ਬੈਠ ਗਏ ਹਨ । ਸੰਤ ਮਨੀ ਸਿੰਘ ਨੂੰ ਅਕਾਸ਼ ਬਾਣੀ ਹੋਈ ਹੈ, ਪਾਤਸ਼ਾਹ ਬਚਨ ਦਿੱਤਾ ਕਿ ਸੰਤਾ ਅਸੀਂ ਆਪਣੇ ਧਾਮ ਤੇ ਆਏ ਹਾਂ ਤੇ ਕੁੱਤਿਆਂ ਪੁਜਾਰੀਆਂ ਸਾਨੂੰ ਧੱਕੇ ਮਾਰੇ ਹਨ । ਪਾਤਸ਼ਾਹ ਜੋਤ ਸਰੂਪੀ ਬਚਨ ਕਰਦੇ ਹਨ ਕਿ ਸੰਤਾ ਅਸੀਂ ਏਨ੍ਹਾਂ ਪੁਜਾਰੀਆਂ ਨੂੰ ਭੂਤ ਪ੍ਰੇਤ ਦਾ ਜਨਮ ਦੇਣਾ ਹੈ । ਏਹ ਪੁਜਾਰੀ ਅੰਮ੍ਰਿਤਸਰ ਦੇ ਭੂਤ ਪ੍ਰੇਤ ਹੋ ਕੇ ਸ਼ਹਿਰ ਦੇ ਖੋਲਿਆਂ ਵਿਚ ਵਿਸ਼ਟਾ ਖਾਂਦੇ ਫਿਰਨਗੇ ਜੀ । ਅੱਜ ਅਸੀਂ ਅੰਮ੍ਰਿਤਸਰ ਦੀ ਕਰਾਮਾਤ ਖਿੱਚ ਲੈਣੀ ਹੈ । ਮੈਂ ਪ੍ਰੀ ਪੂਰਨ ਪਰਮੇਸ਼ਵਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹਾਂ ਜੀ । ਮੈਂ ਜੁਗੋ ਜੁਗ ਅਵਤਾਰ ਧਾਰਦਾ ਹਾਂ ਤੇ ਸਤਿਜੁਗ ਵਿਚ ਮੈਂ ਹੰਸਾ ਅਵਤਾਰ ਧਾਰਿਆ ਸੀ, ਤ੍ਰੇਤੇ ਵਿਚ ਅਸੀਂ ਰਾਮ ਜੀ ਸਾਂ । ਭਗਤਾਂ ਦੇ ਤਾਰਨ ਨੂੰ ਤੇ ਦੁਸ਼ਟਾਂ ਦੇ ਸੰਘਾਰਨ ਨੂੰ ਹਾਂ ਜੀ । ਦੁਆਪਰ ਵਿਚ ਕ੍ਰਿਸ਼ਨ ਮਹਾਰਾਜ ਅਖਵਾਇਆ ਹੈ ।

ਜੁਗੋ ਜੁਗ ਭਗਤਾਂ ਦੀ ਜੈ ਦੁਸ਼ਟਾਂ ਦੀ ਖੈਹ ਕਰ ਰਿਹਾ ਹਾਂ ਜੀ । ਕਲਜੁਗ ਵਿਚ ਨੇਹਕਲੰਕ ਅਵਤਾਰ ਘਨਕ ਪੁਰੀ ਵਿਚ ਧਾਰਿਆ ਹੈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਨਾਮ ਰਖਾਇਆ ਹੈ ਜੀ ਤੇ ਅੱਜ ਆਪ ਦੇ ਮੰਦਰ ਵਿਚ ਆਏ ਹਾਂ । ਪੁਜਾਰੀਆਂ ਧੱਕੇ ਮਾਰੇ ਹਨ । ਏਹਨਾਂ ਨੂੰ ਚੂੜਿਆਂ ਕੋਲੋਂ ਮਰਵਾਵਾਂਗਾ ਜੀ । ਕੋਹੜੀਆਂ ਕੁਸ਼ਟਾਂ ਦੀਆਂ ਜੂਨਾਂ ਪੈਣਗੇ ਤੇ ਰਾਮਦਾਸ ਦੀ ਨਗਰੀ ਹੁਣ ਥੇਹ ਹੋ ਜਾਏਗੀ । ਜੋ ਕਲਜੁਗ ਦੇ ਧਾਮ ਨੇ ਸਾਰੇ ਮਲੀਆ ਮੇਟ ਕਰ ਕੇ ਮੈਂ ਆਪਣੇ ਨਾਮ ਦੀ ਜੈ ਕਰਾਵਾਂ ਗਾ । ਜਿਸ ਤਰ੍ਹਾਂ ਮਨੀ ਸਿੰਘ ਨੂੰ ਅਕਾਸ਼ ਬਾਣੀ ਹੋਈ ਓਸੇ ਤਰਾਂ ਮਨੀ ਸਿੰਘ ਨੇ ਸਰਾਫ਼ ਲਿਖ ਦਿੱਤੇ । ਫੇਰ ਅਕਾਸ਼ ਬਾਣੀ ਹੋਈ ਸੰਤਾ ਸਾਡੇ ਨਾਂ ਦੀ ਡੌਂਡੀ ਪਿਟਾ ਦੇ ਸਾਰੇ ਸ਼ਹਿਰ ਵਿਚ । ਸੰਤ ਨੇ, ਬਜਾਰ ਬਜਾਰ ਵਿਚ ਗਲੀ ਗਲੀ ਵਿਚ ਢੋਲ ਮਾਰ ਦਿੱਤੇ ਕਿ ਨੇਹਕਲੰਕ ਅਵਤਾਰ ਪ੍ਰੀ ਪੂਰਨ ਪਰਮੇਸ਼ਵਰ ਬੁੰਗੇ ਵਿਚ ਬੈਠੇ ਹਨ । ਜਿਸ ਮਾਈ ਭਾਈ ਨੇ ਦਰਸ਼ਨ ਕਰਨੇ ਹੋਣ ਦਰਸ਼ਨ ਕਰ ਕੇ ਆਪ ਦਾ ਜਨਮ ਸੁਫਲਾ ਕਰਨਾ ਹੋਵੇ ਕਰ ਸਕਦੇ ਹਨ । ਮਹਾਰਾਜ ਸ਼ੇਰ ਸਿੰਘ ਕਲਜੁਗ ਵਿਚ ਨਾਮ ਰਖਾਇਆ ਹੈ ਤੇ ਗਊ ਗਰੀਬ ਦਾ ਉਧਾਰ ਕਰਨ ਲਈ ਮਹਾਰਾਜ ਅਵਤਾਰ ਧਾਰਿਆ ਹੈ । ਘਵਿੰਡ ਪਿੰਡ ਵਿਚ ਮਹਾਰਾਜ ਅਵਤਾਰ ਧਾਰਿਆ ਹੈ ਜੀ । ਸਾਰਾ ਸ਼ਹਿਰ ਹੁਮ ਹੁਮਾ ਕੇ ਸੱਚੇ ਪਿਤਾ ਦੇ ਦਰਸ਼ਨਾ ਨੂੰ ਆਏ ਹਨ ਜੀ । ਉੱਧਰ ਬਾਬੇ ਮਨੀ ਸਿੰਘ ਨੂੰ ਅਕਾਸ਼ ਬਾਣੀ ਹੋਈ ਕਿ ਸੰਤਾ ਜਿੰਨਾਂ ਮਰਜੀ ਹੋਕਾ ਦੇ, ਅਸੀਂ ਇੱਕ ਵੀ ਜੀਅ ਨੂੰ ਨਹੀਂ ਸ਼ਰਨ ਲੱਗਣ ਦੇਣਾ । ਜਿਸ ਵਕਤ ਸਾਰਾ ਸ਼ਹਿਰ ਦਰਸ਼ਨਾਂ ਨੂੰ ਆਇਆ ਹੈ ਤੇ ਸੱਚੇ ਪਾਤਸ਼ਾਹ ਕਬੂਤਰ ਫੜ ਕੇ ਮੂੰਹ ਨਾਲ ਖੰਬ ਪੁੱਟਣ ਲੱਗ ਪਏ ਹਨ ਜੀ । ਜੇਹੜੇ ਦਰਸ਼ਨ ਕਰਨ ਆਏ ਸਨ ਓਹਨਾਂ ਦੇ ਦਿਲ ਬੜੇ ਕਰੈਹਤੇ ਗਏ, ਸਾਰਿਆਂ ਦਾ ਪ੍ਰੇਮ ਟੁੱਟ ਗਿਆ ਜੀ । ਆਖਣ ਲੱਗੇ ਕਿ ਐਵੇਂ ਇਸ ਸਾਧ ਨੇ ਢੰਗ ਬਣਾਇਆ ਹੋਇਆ ਹੈ । ਜੇ ਪ੍ਰੀ ਪੂਰਨ ਪਰਮੇਸ਼ਵਰ ਹੁੰਦੇ ਤੇ ਕਬੂਤਰਾਂ ਦੇ ਖੰਬ ਖੋਂਦੇ ? ਸਾਰੀ ਦੁਨੀਆਂ ਸੱਚੇ ਪਾਤਸ਼ਾਹ ਨੇ ਏਸੇ ਤਰ੍ਹਾਂ ਟਾਲ ਛੱਡੀ, ਸ਼ਰਨ ਨਹੀਂ ਲੱਗਣ ਦਿੱਤੀ ਏ । ਵਿਹਾਰ ਅੰਮ੍ਰਿਤਸਰ ਸੱਚੇ ਪਾਤਸ਼ਾਹ ਭੁਗਤਾਇਆ ਹੈ ਜੀ ਫੇਰ ਦੀਨ ਦਿਆਲ ਘਨਕਪੁਰੀ ਵਿਚ ਆ ਗਏ ਹਨ ਜੀ ।।

**੧੯੫੫ ਬਿਕ੍ਰਮੀ** - ਮਹਾਰਾਜ ਸ਼ੇਰ ਸਿੰਘ ਜੀ ਬਾਲ ਅਵਸਥਾ ਅਨੰਦਪੁਰ ਸਾਹਿਬ ਗਏ ।

ਸੰਤਨੀ ਬੀਬੀ ਗੁਲਾਬੀ ਨੇ ਬਾਬਾ ਮਨੀ ਸਿੰਘ ਅੱਗੇ ਬੇਂਨਤੀ ਕੀਤੀ ਕੇ ਉਹ ਆਪਣੀ ਬੇਟੀ ਨੌਂ ਨਿਧਾ ਦੀ ਸ਼ਾਦੀ ਮਹਾਰਾਜ ਸ਼ੇਰ ਸਿੰਘ ਨਾਲ ਕਰਨਾ ਚਾਹੁੰਦੀ ਹੈ । ਸੱਚੇ ਪਾਤਸ਼ਾਹ ਸੰਤਾਂ ਨੂੰ ਸ਼ਬਦੀ ਹੁਕਮ ਕੀਤਾ ਕਿ ਸੰਤਾ ਅਸਾਂ ਗੁਰੂ ਗੋਬਿੰਦ ਸਿੰਘ ਨਾਲ ਕੀਤੇ ਕੌਲ ਇਕਰਾਰ ਪੂਰੇ ਕਰਨ ਵਾਸਤੇ ਅਨੰਦਪੁਰ ਜਾਣਾ ਹੈ । ਸਾਨੂੰ ਓਥੇ ਲੈ ਚਲੋ ਅਤੇ ਸ਼ਾਦੀ ਵੀ ਓਥੇ ਜਾ ਕੇ ਰਚਾ ਲਵਾਂ ਗੇ । ਅਨੰਦਪੁਰ ਪੁਜ ਕੇ, ਮਹਾਰਾਜ ਸ਼ੇਰ ਸਿੰਘ ਨੇ ਸ਼ਬਦ ਸਰੂਪੀ ਬਾਬਾ ਜੀ ਨੂੰ ਹੁਕਮ ਕੀਤਾ ਕਿ ਸਾਡੇ ਵਾਸਤੇ ਇੱਕ ਨੀਲਾ ਚੋਲਾ ਰੰਗਾ ਕੇ ਤਿਆਰ ਕਰੋ । ਫਿਰ ਓਹ ਨੀਲਾ ਚੋਲਾ ਸਾਡੇ ਗਲ ਵਿਚ ਪਾਕੇ ਅਤੇ ਸਾਨੂੰ ਮੋਢਿਆਂ ਉੱਤੇ ਚੁੱਕ ਕੇ ਸਾਡੇ ਅਵਤਾਰ ਧਾਰਨ ਦਾ ਹੋਕਾ ਅਨੰਦਪੁਰ ਦੇ ਗਲੀ ਬਾਜ਼ਾਰਾਂ ਵਿਚ ਦੇ ਦਿਓ । ਪਰ ਅਸਾਂ ਨੇ ਜੀਵਾਂ ਉੱਤੇ ਮਾਇਆ ਦਾ ਅਜੇਹਾ ਪੜਦਾ ਪਾ ਦੇਣਾ ਹੈ ਕਿ ਉਨ੍ਹਾਂ ਨੂੰ ਸਾਡੀ ਸੋਝੀ ਨਹੀਂ ਆਵੇਗੀ ।

**ਬਿਕ੍ਰਮੀ ਉਂਨੀ ਸੌ ਬਵੰਜਾ, ਚੁਕ ਸਿਰ ਅੰਮ੍ਰਿਤਸਰ ਬਾਲ ਅਵਸਥਾ ਮਹਾਰਾਜ ਸ਼ੇਰ ਸਿੰਘ ਮੰਜੀ ਸਾਹਿਬ ਉਪਰ ਧਰਿਆ ।** ਉਠੇ ਪੁਜਾਰੀ ਦੁਸਟ ਦੁਰਾਚਾਰੀ, ਸੰਤ ਮਨੀ ਸਿੰਘ ਨਾ ਕਿਸੇ ਤੋਂ ਡਰਿਆ । ਸੰਤ ਰਸਨ ਚਲਾਈ ਸਰਅੰਮ੍ਰਿਤ ਸਰਾਪ ਦਵਾਈ, ਅੰਤਕਾਲ ਕਲ ਥੇਹ ਕਰਿਆ । ਮਸਤੂਆਣਾ ਸਤਿਜੁਗ ਉਪਜਾਣਾ, ਸਚ ਧਾਮ ਪ੍ਰਭ ਨੇ ਵਰਿਆ । **ਪੁਰੀਅਨੰਦ ਉਂਨੀ ਸੌ ਪਚਵੰਜਾ ਬਿਕ੍ਰਮੀ ਗਏ ਮੁਕੰਦ, ਸ਼ਬਦ ਸੁਣਾਇਆ ਢੋਲ ਵਜਾਇਆ, ਸੰਤ ਮਨੀ ਸਿੰਘ ਨਿਹਕਲੰਕ ਚੁਕ ਮੋਢੇ ਧਰਿਆ ।** ਨੀਲਾ ਚੋਗਾ ਗਲ ਵਿਚ ਪਾਇਆ । ਮਹਾਰਾਜ ਸ਼ੇਰ ਸਿੰਘ ਉਪਰ ਸੀਸ ਉਠਾਇਆ । (੧੭ ਹਾੜ ੨੦੦੮ ਬਿਕ੍ਰਮੀ)

*** ਮਹਾਰਾਜ ਸ਼ੇਰ ਸਿੰਘ ਜੀ ਦਾ ਦੇਹ ਤਜਣਾ ***

**੨੬ ਪੋਹ ੨੦੦੦ ਬਿਕ੍ਰਮੀ (੯ ਜਨਵਰੀ ੧੯੪੪ ਈਸਵੀ) , ਔਰ ਮੁੜ ਕੇ ਮਹਾਰਾਜ ਪੂਰਨ ਸਿੰਘ ਜੀ ਦੇ ਸ਼ਰੀਰ ਵਿਚ ਜੋਤ ਪਰਵੇਸ਼ ਹੋ ਗਈ ।**

" ਅਗਲੇ ਦਿਨ ੨੬ ਪੋਹ ਵਾਲੇ ਦਿਨ ਪੁਨਿਆ ਸੀ । ਸੰਗਤ ਨੂੰ ਅੱਧੀ ਰਾਤ ਤੱਕ ਸ਼ਬਦ ਪੜ੍ਹਾ ਕੇ ਪਰਸ਼ਾਦ ਵਰਤਾ ਦਿਤਾ ਹੈ । ਮਾਤਾ ਨੈਣੋ ਨੂੰ ਪਰਸ਼ਾਦ ਦਿਤਾ । ਮਾਤਾ ਜੀ ਆਖਿਆ, ਸੱਚੇ ਪਾਤਸ਼ਾਹ ਮੇਰੇ ਦੰਦ ਨਹੀਂ ਪਰਸ਼ਾਦ ਚਿਥਿਆ ਨਹੀਂ ਜਾਂਦਾ । ਪਾਤਸ਼ਾਹ ਸੁਣ ਕੇ ਨਰਾਜ਼ ਹੋ ਗਏ ਹਨ । ਆਖਣ ਲੱਗੇ, ਨਿਭਾਗੀਏ, ਪਰਸ਼ਾਦ ਲੈ ਲਾ, ਕੁੱਟ ਕੇ ਖਾਹ ਲਈ । ਤੁਸੀਂ ਨਾ ਕਰਦੀਆਂ ਜੇ, ਸਾਡੇ ਪਰਸ਼ਾਦ ਨੂੰ ਤਾਂ ਦੇਵੀਆਂ ਦੇਵਤੇ ਤਰਸ ਰਹੇ ਹਨ । ਤੁਸੀਂ ਹੁਣ ਸਾਡੇ ਪਰਸ਼ਾਦ ਨੂੰ ਨਾ ਕਰਦੀਆਂ ਜੇ, ਫੇਰ ਤੁਸੀਂ ਤਰਸਣਾ ਏ । ਮਾਤਾ ਹੋਰਾਂ ਭੁੱਲ ਬਖਸ਼ਾਈ ਤੇ ਪਾਤਸ਼ਾਹ ਦਇਆ ਕੀਤੀ । ਸਾਰਿਆਂ ਨੂੰ ਆਖਣ ਲਗੇ, ਜਾਓ ਹੁਣ ਸਾਰੇ ਥਾਉਂ ਥਾਈਂ ਸੌਂ ਜਾਓ । ਤੇਜਾ ਸਿੰਘ ਨੂੰ ਆਖਣ ਲੱਗੇ, ਤੇਜਾ ਸਿੰਘ ਤੂੰ ਬੈਠ ਜਾ ਕੋਲ, ਸਵੀਂ ਨਾ । ਤੇਜਾ ਸਿੰਘ ਸਤਿ ਬਚਨ ਮੰਨ ਕੇ ਕੋਲ ਬੈਠ ਗਿਆ ਹੈ । ਸੱਚੇ ਪਾਤਸ਼ਾਹ ਪਲੰਘ ਤੇ ਸੁਖ ਆਸਣ ਹੋ ਗਏ ਹਨ । ਜਿਸ ਵਕਤ ਅੰਮ੍ਰਿਤ ਵੇਲਾ ਹੋਇਆ ਤੇ ਸੱਚੇ ਪਾਤਸ਼ਾਹ ਜਾਗੇ ਹਨ । ਤੇਜਾ ਸਿੰਘ ਨੂੰ ਵਾਜ ਮਾਰੀ ਓਸ ਆਖਿਆ ਜੀ ਮੇਰੇ ਸਾਹਿਬ । ਪਾਤਸ਼ਾਹ ਹੁਕਮ ਦਿਤਾ ਤੇਜਾ ਸਿੰਘ ਜਲ ਲਿਆ । ਜਲ ਛਕ ਕੇ ਆਖਣ ਲੱਗੇ, ਸਾਨੂੰ ਚੀਤਾ ਕਰਾ । ਏਨੇ ਬਚਨ ਕਰ ਕੇ ਐਸਾ ਸਮਾਂ ਵਰਤਾਇਆ, ਜ਼ਬਾਨ ਥੱਥਲੌਣਲ ਪਈ ਤੇ ਗੱਲ ਦੀ ਸਮਝ ਨਾ ਲੱਗੇ, ਬੱਦਲ ਓਸ ਵਕਤ ਘਨਘੋਰ ਪਾਈ ਹੈ । **ਸੱਚੇ ਪਾਤਸ਼ਾਹ ੨੬ ਪੋਹ ਦਿਨ ਸਵੇਰੇ ੧੦ ਵਜੇ ਚੋਲਾ ਛਡ ਕੇ ਜੋਤ ਰੂਪ ਹੋ ਗਏ ਹਨ ।** ਸੱਚੇ ਪਾਤਸ਼ਾਹ ਦੇ ਜੋਤ ਰੂਪ ਹੋਣ ਦੀ ਦੇਰ ਸੀ, ਦਿਨ ਵੀ ਨਿਤਰ ਆਇਆ । ਫੇਰ ਜੋ ਸਿਖ ਨੇੜੇ ਸਨ, ਸਾਰਿਆਂ ਨੂੰ ਖਬਰ ਕਰ ਦਿਤੀ । ਮੋਹਣ ਸਿੰਘ ਕਲਸੀਆਂ ਵਾਲਾ ਮਸਤਾਨਾ ਸੱਚੇ ਪਾਤਸ਼ਾਹ ਦੀ ਸੇਵਾ ਦੇਣ ਲਗ ਪਿਆ । ਸਾਰੇ ਸਿਖ ਸੁਣ ਕੇ ਓਸੇ ਵਕਤ ਆ ਗਏ । ਸਾਰਿਆਂ ਸਿਖਾਂ ਤੇ ਸਾਹਿਬਜਾਦਿਆਂ ਸਲਾਹ ਕੀਤੀ ਕਿ ਸੱਚੇ ਪਾਤਸ਼ਾਹ ਦਾ ਸਸਕਾਰ ਖੇਤ ਬਾਗ ਵਿਚ ਜਾ ਕੇ ਕਰੀਏ । ਲੱਕੜਾਂ ਗੱਡੇ ਉਤੇ ਰੱਖ ਲਈਆਂ ਹਨ । ਸੱਚੇ ਪਾਤਸ਼ਾਹ ਦਾ ਬਿਬਾਣ ਬਣੋਣ ਲਗ ਪਏ ਹਨ । ਤੇਜਾ ਸਿੰਘ ਗਲ ਵਿਚ ਪੱਲਾ ਪਾ ਕੇ ਚਰਨਾਂ ਵਿਚ ਖੱਲੋ ਕੇ ਪਾਤਸ਼ਾਹ ਅਗੇ ਅਰਦਾਸ ਕੀਤੀ ਕੀ ਸੱਚੇ ਪਾਤਸ਼ਾਹ ਦਇਆ ਕਰੋ ਤੇ ਜਿਥੇ ਤੁਹਾਡਾ ਹੁਕਮ ਹੋਵੇ, ਆਪਣਾ ਸੁਖ ਆਸਣ ਕਰੀਏ । ਬੇਨੰਤੀ ਕਰਨ ਦੀ ਦੇਰ ਹੋਈ ਤੇ ਮਸਤਾਨਾ ਲਲਕਾਰੇ ਮਾਰਨ ਲੱਗ ਪਿਆ ਤੇ ਬਚਨ ਹੋਣ ਲਗ ਪਏ । ਮਸਤਾਨੇ ਵਿਚ ਦੀ ਹੁਕਮ ਹੋਇਆ ਕਿ ਸਾਡਾ ਸਸਕਾਰ ਘਰ ਕਰ ਦਿਓ । ਮਸਤਾਨਾ ਖੇਡਦਾ ਖੇਡਦਾ ਆਣ ਕੇ ਵੇਹੜੇ ਵਿਚ ਖਲੋ ਗਿਆ ਤੇ ਆਖਣ ਲੱਗਾ ਐਸ ਜਗ੍ਹਾ ਤੇ ਸਾਡਾ ਸਸਕਾਰ ਕਰ ਦਿਓ । ਓਸ ਜਗ੍ਹਾ ਤੇ ਸਵਾ ਹੱਥ ਟੋਆ ਪੁਟ ਲਿਆ । ਫੇਰ ਸੱਚੇ ਪਾਤਸ਼ਾਹ ਦਾ ਅਸ਼ਨਾਨ ਕਰਾਇਆ ਪਲੰਘ ਦੇ ਉਤੇ ਅਰਾਮ ਕੁਰਸੀ ਡਾਹ ਕੇ ਕਪੜੇ ਪਾ ਕੇ ਸੱਚੇ ਪਿਤਾ ਨੂੰ ਉਪਰ ਬਿਠਾ ਦਿਤਾ । ਸਾਰੀ ਦੁਨੀਆਂ ਉਸ ਵਕਤ ਦਰਸ਼ਨ ਕਰਨ ਨੂੰ ਆਈ ਹੈ । ਕੋਠਿਆਂ ਉਤੇ ਤੇ ਵੇਹੜੇ ਵਿਚ ਪੈਰ ਧਰਨ ਨੂੰ ਥਾਂ ਨਹੀਂ ਸੀ । ਸਿਖਾਂ ਓਸ ਵਕਤ ਸੱਚੇ ਪਾਤਸ਼ਾਹ ਦਾ ਪਲੰਘ ਸਿਰ ਤੇ ਚੁਕ ਕੇ ਸਾਰਿਆਂ ਨੂੰ ਦਰਸ਼ਨ ਕਰਾਇਆ ਹੈ । ਸੱਜੇ ਪਾਸੇ ਦਾ ਗੇੜ ਸਾਰੇ ਬੱਚਿਆਂ ਤੀਕ ਦਰਸ਼ਨ ਕਰ ਕੇ ਨਿਹਾਲੋ ਨਿਹਾਲ ਹੋਏ ਹਨ । ਧੰਨ ਸੱਚੇ ਪਾਤਸ਼ਾਹ ਦੀ ਅਵਾਜ਼ ਸਾਰਿਆਂ ਦੀ ਰਸਨਾਂ ਵਿਚੋਂ ਨਿਕਲ ਰਹੀ ਹੈ । ਸੰਗਤਾਂ ਓਸ ਵਕਤ ਗੱਜ ਕੇ ਸ਼ਬਦ ਪੜ੍ਹ ਰਹੀਆਂ ਹਨ । ਏਹ ਸਮਾਂ ਵੇਖ ਕੇ ਬੱਦਲ ਵੀ ਬੂੰਦਾਂ ਵਰਸੌਣ ਲੱਗ ਪਏ ਹਨ । ਪਲੰਘ ਸਿਖਾਂ ਨੇ ਫੇਰ ਹੇਠਾਂ ਉਤਾਰ ਕੇ ਰੱਖ ਦਿਤਾ ਹੈ । ਸਾਰੀ ਸਮਗਰੀ ਤਿਆਰ ਕਰ ਕੇ ਸੱਚੇ ਪਾਤਸ਼ਾਹ ਦਾ ਸਸਕਾਰ ਕੀਤਾ ਗਿਆ । ਰਾਤ ਦੇ ਸਮੇਂ ਰਾਤ ਨਿਤਰ ਗਈ ਤੇ ਤਾਰੇ ਸੋਭਾ ਪਾ ਰਹੇ ਹਨ । ਏਹ ਸਮਾਂ ਭੁਗਤਾ ਕੇ ਫੇਰ ਅਗਲੇ ਦਿਨ ਰਾਤ ਦੇ ਦੂਰ ਵਾਲੇ ਸਿਖਾਂ ਨੂੰ ਵੀ ਖਬਰ ਕੀਤੀ ਗਈ । ਜਿੰਨੀ ਪਾਤਸ਼ਾਹ ਦੀ ਸੰਗਤ ਸੀ, ਦੇਹ ਦਾ ਵਿਛੋੜਾ ਕਰ ਕੇ ਸੰਗਤ ਨੂੰ ਉਦਾਸੀ ਪੈਦਾ ਹੋ ਗਈ ਹੈ । ਫੇਰ ਪਾਤਸ਼ਾਹ ਦਇਆ ਕੀਤੀ ਤੇ ਸੰਗਤ ਵਿਚ ਰੋਜ਼ ਦਰਸ਼ਣ ਦੇਣ ਲੱਗ ਪਏ, ਤੇ ਬਚਨ ਕਰਨ ਕਿ ਅਸੀਂ ਕਿਤੇ ਗਏ ਨਹੀਂ ਤੁਹਾਡੇ ਪਾਸ ਹੀ ਹਾਂ । ਬਚਨਾਂ ਤੇ ਦਰਸ਼ਨ ਦੇ ਅਧਾਰ ਨਾਲ ਸਿਖ ਦਿਹਾੜੇ ਗੁਜਾਰਦੇ ਹਨ ਜੀ । ਇਹ ਸਾਰਾ ਵਿਹਾਰ ਕਰ ਕੇ ਸਤਾਰਵੇਂ ਤੋਂ ਬਾਦ ਅੰਗੀਠਾ ਸਾਹਿਬ ਪੱਕਾ ਕਰ ਦਿਤਾ ਹੈ । ਪਰਦੱਖਣਾ ਵਾਕਰ ਪਰਦੱਖਣਾ ਬਣਾ ਦਿਤੀ । ਮਰਯਾਦਾ ਅਨੁਸਾਰ ਰਾਤ ਨੂੰ ਘਿਓ ਦਾ ਸ਼ਮੇਦਾਨ ਜਗੌਣਾ । ਸਵੇਰੇ ਪੋਚਾ ਫੇਰਨਾ ਤੇ ਧੂਪ ਧੁਖੌਣੀ । ਸਚੇ ਪਾਤਸ਼ਾਹ ਤਾਂ ਰੋਜ਼ ਹੀ ਸਿਖਾਂ ਤੇ ਦਇਆ ਕਰਦੇ ਰਹੇ ਹਨ । " ( ਜਨਮ ਸਾਖੀ )

## * ਸੱਤ ਦੀਪਕਾਂ ਦਾ ਵੇਰਵਾ *

**ਸੱਤ ਦੀਪਕ** ਹੋਏ ਜਗਤ ਪ੍ਰਕਾਸ਼ । ਏਕਾ ਜੋਤ ਜਗਾਏ ਪ੍ਰਭ ਸਰਬ ਗੁਣਤਾਸ । **ਕਲਜੁਗ ਸਾਚਾ ਸਿਖ ਸਿੰਘ ਪੂਰਨ, ਪ੍ਰਭ ਸਾਚੇ ਕੀਆ ਵਾਸ ।** ਸੋਲਾਂ ਕਲਾ ਪ੍ਰਭ ਸਮਰਥ, ਸਾਚੀ ਦੇਹ ਕੀਆ ਨਿਵਾਸ । ਮਹਾਰਾਜ ਸ਼ੇਰ ਸਿੰਘ

ਸਤਿਗੁਰ ਸਾਚਾ, ਸਾਚੇ ਸਿਖ ਸਦਾ ਰਹੇ ਪਾਸ । **ਦੀਪਕ ਦੂਜਾ** ਭਏ ਪ੍ਰਕਾਸ਼ । **ਮਨੀ ਸਿੰਘ** ਤੇਰੀ ਜੋਤ ਆਕਾਸ਼ । ਸਾਚਾ ਪ੍ਰਭ ਕਰੇ ਤੇਰੇ ਆਤਮ ਵਾਸ । ਸਾਧਸੰਗਤ ਰਹੇ ਤੇਰੇ ਚਰਨ ਪਾਸ । ਚਾਰ ਵਰਨ ਜਪੇ ਤੇਰਾ ਨਾਉਂ ਸਵਾਸ ਸਵਾਸ । **ਤੀਜਾ ਦੀਪਕ** ਜਗਤ ਬਿਲੋਏ । **ਭਗਵਾਨ ਸਿੰਘ** ਵਰ ਦੀਆ ਤੋਹੇ । ਮਹਿਮਾ ਤੇਰੀ ਜਨ ਜਾਣੇ ਕੋਇ । ਏਕਾ ਜੋਤ ਦੀਪ ਜਗਾਏ ਦੋਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਤਿਜੁਗ ਹੋਵੇ ਤੇਰੀ ਸਾਚੀ ਸੋਏ । **ਚੌਥਾ ਦੀਪਕ ਦੀਪ ਉਪਾਇਆ** । ਧਰ ਜੋਤ ਪ੍ਰਭ ਜੋਤ ਸਰੂਪ ਕਲਜੁਗ ਮਾਣ ਦਵਾਇਆ । ਦੀਪਕ ਦੇਹ ਸਦਾ ਪ੍ਰਕਾਸ਼ੇ, ਪ੍ਰਭ ਸਾਚੀ ਜੋਤ ਜਗਾਇਆ । ਸਾਧਸੰਗਤ ਸਤਿ ਸੋਹੇ ਪਾਸੇ, ਪ੍ਰਭ ਸਾਚੇ ਮਾਣ ਦਿਵਾਇਆ । ਏਕਾ ਜੋਤ ਜਗਾਈ ਪ੍ਰਭ ਅਬਿਨਾਸ਼ੇ, ਸਭ ਭਰਮ ਭੁਲੇਖਾ ਲਾਹਿਆ । ਸਾਚੀ ਜੋਤ ਕਰੇ ਵਿਚ ਵਾਸੇ, ਇਕ ਨਿਰੰਜਣ ਰਾਇਆ । ਮਹਾਰਾਜ ਸ਼ੇਰ ਸਿੰਘ ਦੇ ਵਡਿਆਈ, ਸਤਿਗੁਰ ਮਨੀ ਸਿੰਘ ਸਿਰਤਾਜ ਬਣਾਇਆ । ਪੰਚਮ ਦੀਪਕ ਭਏ ਪ੍ਰਕਾਸ਼ । ਆਤਮ ਮਿਟਾਏ ਅੰਧੇਰ ਵਿਸ਼ਵਾਸ । ਰਖੇ ਲਾਜ ਵਿਚ ਗਰਭਾਸ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਦਾ ਰਹੇ ਸਿਖ ਪਾਸ । **ਪੰਚਮ ਦੀਪ ਜਗੇ ਜਗਤਾਰ** । ਪੰਚਮ ਜੇਠ ਲਏ ਅਵਤਾਰ । ਪੂਰਨ ਪਰਮੇਸ਼ੂਰ ਲਿਖਾਏ ਬਚਨ ਅਪਾਰ । ਸਤਿ ਸਤਿ ਸਤਿ ਵਰਤੇ ਸਤਿ ਕਲਾਧਾਰ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਲਿਖਤ ਲਿਖਾਏ ਅਪਾਰ । **ਦੀਪਕ ਛੇਵਾਂ** ਛੇ ਘਰ ਵੇਖ । ਹੁਕਮ ਅੰਦਰ ਪ੍ਰਭ ਲਿਖਾਏ ਲੇਖ । ਮਿਟਾਇਆ **ਅਮਰ**, ਪ੍ਰਭ ਸਾਚੇ ਕੇ ਸਾਚੇ ਭੇਖ । ਧਰੇ ਜੋਤ ਪ੍ਰਭ ਏਕਾ ਏਕ । **ਪ੍ਰਭਜੋਤ** ਪ੍ਰਭ ਚਰਨਾ ਟੇਕ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਏਕ ਜੋਤ ਦੀਪ ਜਗਾਏ ਅਨੇਕ । ਸਪਤਮ ਦੀਪ ਸਤਿਪੁਰਖ ਉਪਾਏ । ਸਤਿ ਨਿਰੰਜਣ ਜੋਤ, ਸਤਿ ਸਤਿ ਸਤਿ ਵਰਤਾਏ । ਨਾ ਜਾਣੇ ਪ੍ਰਭ ਓਤਪੋਤ, ਸਾਚੀ ਦੇਹ ਵਿਚ ਦੇ ਜੋਤ ਟਿਕਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚਾ ਕਰੇ ਨਿਆਂਏ । ਸਾਚਾ ਪ੍ਰਭ ਸਤਿ ਵਰਤਾਏ । ਸਚ ਸੁਚ ਦੀ ਜੋਤ ਜਗਾਏ । ਜਗੇ ਜੋਤ ਕਲਜੁਗ ਫਿਰ ਬੁਝ ਨਾ ਜਾਏ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਦੀਪਕ ਸੱਤਵਾਂ ਦੇ ਜਗਾਏ । **ਦੀਪਕ ਸੱਤਵਾਂ** ਕਰੇ ਪ੍ਰਕਾਸ਼ । ਧਰੇ ਜੋਤ ਨਾ ਜਾਏ ਵਿਨਾਸ਼ । ਹੋਏ ਉਜਿਆਰ ਵਿਚ ਆਕਾਸ਼ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸਾਚੀ ਜੋਤ ਕਰੇ ਪ੍ਰਕਾਸ਼ । ਸਾਚੀ ਜੋਤ ਪ੍ਰਭ ਸਤਿ ਵਰਤਾਏ । ਸਾਚੇ ਸਿਖ ਘਰ ਸਿਖ ਪ੍ਰਭ ਜਨਮ ਦਵਾਏ । **ਮੋਹਣ ਸਿੰਘ** ਤੇਰੀ ਘਾਲ ਪਾਈ ਥਾਏਂ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਲਾਜ ਰਖਾਏ । ਸ਼ਬਦ ਅਮੋੜ ਦੇਹ ਗਵਾਈ । ਤਿੰਨ ਅੱਸੂ ਘਨਕਪੁਰੀ ਪ੍ਰਭ ਬਚਨ ਸੁਣਾਈ । ਕੋਈ ਵਿਰਲਾ ਜਾਣੇ, ਜਿਸ ਪ੍ਰਭ ਬੂਝ ਬੁਝਾਈ । ਮਹਾਰਾਜ ਸ਼ੇਰ ਸਿੰਘ ਤੇਰੀ ਮਾਤ ਜੋਤ ਜਗਾਈ । ਸੇਵਾ ਕਰੀ ਘਾਲੀ ਘਾਲ । ਅੰਤ ਨਾ ਪੂਰੀ ਹੋਈ ਘਾਲ । ਸ਼ਬਦ ਅਖੁਟ ਪ੍ਰਭ ਦੇਵੇ ਸਚਾ ਧਨ ਮਾਲ । ਦਵਾਇਆ ਜਨਮ ਪ੍ਰਭ ਫੇਰ ਵਸਾਲ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਸੱਤ ਦੀਪਕ ਦੇਵੇ ਬਾਲ । ਮੋਹਣ ਸਿੰਘ ਤੇਰਾ ਜਨਮ ਅਤੀਤ । ਮਾਨਸ ਜਨਮ ਦਵਾਇਆ, ਪ੍ਰਭ ਸਾਚੇ ਸਚ ਭੀਤ । ਸਾਚਾ ਲੇਖ ਲਿਖਾਇਆ, ਕਲਜੁਗ ਨਾਉਂ ਧਰਿਆ **ਸੁਰਜੀਤ** । ਪ੍ਰਭ ਬੇੜਾ ਪਾਰ ਕਰਾਇਆ, ਸਤਿ ਚਰਨ ਲਗਾਈ ਪ੍ਰੀਤ । ਦੀਪਕ ਸੱਤਵਾਂ ਜਗਤ ਜਗਾਇਆ, ਗੁਰਸਿਖ ਪਰਖੀ ਤੇਰੀ ਨੀਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕੋਏ ਨਾ ਜਾਣੇ ਤੇਰੀ ਰੀਤ । (੯ ਸਾਵਣ ੨੦੦੮ ਬਿਕ੍ਰਮੀ)

ਪਹਿਲਾ ਦੀਪਕ - ਮਹਾਰਾਜ ਪੂਰਨ ਸਿੰਘ

ਦੂਸਰਾ ਦੀਪਕ - ਬਾਬਾ ਮਨੀ ਸਿੰਘ (ਸੂਰਤ ਸਿੰਘ)

ਤੀਸਰਾ ਦੀਪਕ - ਬਾਬਾ ਭਗਵਾਨ ਸਿੰਘ (ਮੋਤਾ ਸਿੰਘ)

ਚੌਥਾ ਦੀਪਕ - ਬਾਬਾ ਦੀਪ ਸਿੰਘ(ਦਲੀਪ ਸਿੰਘ)

ਪੰਜਵਾਂ ਦੀਪਕ - ਬਾਬਾ ਜਗਤਾਰ ਸਿੰਘ

ਛੇਵਾਂ ਦੀਪਕ - ਅਮਰ ਸਿੰਘ ਅਤੇ ਪ੍ਰਭਜੋਤ ਸਿੰਘ, ਦੋਨੋਂ ਬਾਬਾ ਸੂਰਤ ਸਿੰਘ ਦੇ ਪੁਤਰ (ਅਮਰ ਸਿੰਘ ਨੇ ਪਾਕਿਸਤਾਨ ਬਣਨ ਤੋਂ ਪਹਿਲਾਂ ਘਵਿੰਡ ਦੇਹ ਤਿਆਗੀ ਸੀ ਤੇ ਪ੍ਰਭਜੋਤ ਸਿੰਘ ਦਾ ਜਨਮ ਪਾਕਿਸਤਾਨ ਬਣਨ ਤੋਂ ਬਾਦ ੨੬-੮-੧੯੪੮ ਈ. ਦਾ ਹੈ, ਅਮਰ ਸਿੰਘ ਸੂਰਤ ਸਿੰਘ ਦੇ ਘਰ ਦੋਬਾਰਾ ਜਨਮ ਲੈ ਕੇ ਪ੍ਰਭਜੋਤ ਸਿੰਘ ਬਣ ਕੇ ਆਇਆ ਸੀ ।)

ਸੱਤਵਾਂ ਦੀਪਕ - ਮੋਹਣ ਸਿੰਘ (ਸੁਰਜੀਤ ਸਿੰਘ ' ਲਿਖਾਰੀ ')

## * ਮਹਾਰਾਜ ਪੂਰਨ ਸਿੰਘ ਜੀ *

**ਪੂਰਬਲੇ ਜਾਮੇ** :

੧. ਭਰਿੰਗ ਰਿਸ਼ੀ
੨. ਰਿਸ਼ੀ ਵੇਦਵਯਾਸ
੩. ਦੁਸਟ ਦਮਨ
੪. ਗੁਰੂ ਗੋਬਿੰਦ ਸਿੰਘ

ਧਰੇ ਜੋਤ ਵਿਚ ਪੂਰਨ ਸਿਖ । ਸਾਚੇ ਲੇਖ ਪ੍ਰਭ ਭੇਜਿਆ, ਧੁਰਦਰਗਾਹੋਂ ਲਿਖ । **ਪਹਿਲੇ ਜਨਮ** ਪ੍ਰਭ ਦੇ ਵਡਿਆਈ, ਜਨਮ ਲਿਖਾਇਆ **ਭਰਿੰਗ ਰਿਖ** । **ਦੂਜੇ ਜਨਮ** ਪ੍ਰਭ ਦੇ ਵਡਿਆਈ, ਨਿਰੰਜਣ ਜੋਤ ਪੂਰਨ ਗੋਤ **ਅਵਤਾਰ ਵਿਆਸ** ਸਿਖ । ਕਲਜੁਗ ਦੇ ਜਨਮ ਕਰੇ ਜੋਤ ਆਕਾਰ, ਮਹਾਰਾਜ ਸ਼ੇਰ ਸਿੰਘ ਜੋਤ ਸਰੂਪੀ ਭਵਿਖ ।

(੧੭ ਹਾੜ ੨੦੦੮ ਬਿਕ੍ਰਮੀ )

ਗੁਰ ਤੇਗਬਹਾਦਰ ਸੱਚੀ ਧਾਰ, ਸੀਸ ਜਗਦੀਸ ਭੇਟ ਚੜ੍ਹਾਇਆ । ਵੇਖ ਵਖਾਏ ਸਚ ਦੀਦਾਰ, ਸਚਦੁਆਰਾ ਇਕ ਜਣਾਇਆ । ਪਾਰਬ੍ਰਹਮ ਪ੍ਰਭ ਕਿਰਪਾ ਧਾਰ, ਆਪਣਾ ਖੇਲ ਖਲਾਇਆ । **ਦੁਸਟਦਮਨ ਕਰ ਪਿਆਰ, ਉੱਚੇ ਟਿੱਲੇ ਵੇਖ ਵਖਾਇਆ ।** ਸ਼ਸਤਰ ਬਸਤਰ ਤਨ ਸ਼ਿੰਗਾਰ, ਏਕਾ ਰੂਪ ਵਟਾਇਆ । ਸਾਚੀ ਸਿਖਿਆ ਕਰ ਪਿਆਰ, ਏਕਾ ਤਤ ਬੁਝਾਇਆ ਆਤਮ ਵਤ ਬੀਜ ਅਪਾਰ, ਹਰਿ ਹਰਿ ਆਪ ਬਿਜਾਇਆ । ਚਲਾਏ ਰਥ ਵਿਚ ਸੰਸਾਰ, ਰਥ ਰਥਵਾਹੀ ਆਪ ਅਖਵਾਇਆ । ਲੋਆਂ ਪੁਰੀਆਂ ਪਾਏ ਨਥ ਬੇਐਬ ਪਰਵਰਦਿਗਾਰ, ਨੂਰ ਖ਼ੁਦਾਈ ਲਏ ਜਗਾਇਆ । ਸਰਬ ਜੀਆਂ ਦਾ ਸਾਂਝਾ ਯਾਰ, ਏਕਾ ਏਕ ਅਖਵਾਇਆ । ਮਾਤਾ ਗੁਜਰੀ ਸੁਤ ਦੁਲਾਰ, ਕੁੱਖ ਭੇਵ ਰਹੇ ਨਾ ਰਾਇਆ । ਬ੍ਰਹਮ ਰੂਪ ਆਪ ਉਜਿਆਰ, ਗਰਭਵਾਸ ਡੇਰਾ ਲਾਇਆ । ਬਾਹਰ ਗਰਭ ਹੋਇਆ ਪ੍ਰਕਾਸ਼, ਨਿਰਗੁਣ ਜੋਤ ਕਰੇ ਰੁਸ਼ਨਾਇਆ । ਏਕਾ ਸ਼ਬਦ ਏਕਾ ਸਵਾਸ, ਏਕਾ ਧਾਰ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, **ਗੁਰ ਗੋਬਿੰਦ ਸੁਤ ਦੁਲਾਰ, ਏਕਾ ਏਕ ਉਪਜਾਇਆ ।** (੩੦ ਕੱਤਕ ੨੦੧੫ ਬਿਕ੍ਰਮੀ)

ਆਪਣੀ ਜੋਤ ਆਪ ਜਗਾ, ਆਪਣਾ ਘਰ ਸੁਹਾਇੰਦਾ । ਆਪਣੀ ਮਾਤ ਆਪ ਉਪਾ, ਆਪੇ ਵੇਖ ਵਿਖਾਇੰਦਾ । ਆਪਣਾ ਪਿਤਾ ਆਪ ਬਣਾ, ਆਪੇ ਨਾਉਂ ਧਰਾਇੰਦਾ । ਆਪਣੀ ਸੇਜਾ ਆਪ ਹੰਢਾ, ਆਪੇ ਵਿਚ ਸਮਾਇੰਦਾ । ਆਪਣਾ ਜਨਮ ਆਪ ਦਵਾ, ਆਪੇ ਨਾਉਂ ਰਖਾਇੰਦਾ । **ਨਿਹਕਲੰਕ ਨਾਉਂ ਰਖਾ, ਗੁਰ ਗੋਬਿੰਦ ਸੰਗ ਵਖਾਇੰਦਾ ।** ਪਟਨੇ ਕਰੇ ਸਚ ਨਿਆਂ, ਸਾਚਾ ਕਰਮ ਕਮਾਇੰਦਾ । ਨਿਰਗੁਣ ਵੇਖੇ ਸਾਚਾ ਥਾਂ, ਭਰਮ ਭੁਲੇਖਾ ਦੂਰ ਕਰਾਇੰਦਾ । ਦੂਜੀ ਵਾਰ ਗੋਬਿੰਦ ਨਾ ਜਨਮੇ ਗੁਜਰੀ ਮਾਂ, ਤੇਗਬਹਾਦਰ ਨਾ ਗੋਦ ਉਠਾਇੰਦਾ । ਰਾਣੀ ਘਰ ਨਾ ਦੇਵੇ ਭੋਗ ਲਗਾ, ਪੰਡਤ ਪਾਧਾ ਨਾ ਕੋਈ ਸਮਝਾਇੰਦਾ । ਮੁਸਲਿਮ ਸਜਦਾ ਨਾ ਰਹਿਆ ਕਰਾ, ਨਾ ਕੋਈ ਸੀਸ ਝੁਕਾਇੰਦਾ । ਸਭ ਤੋਂ ਬੈਠਾ ਮੁਖ ਛੁਪਾ, ਦਿਸ ਕਿਸੇ ਨਾ ਆਇੰਦਾ । ਪਹਿਲੀ ਕੱਤਕ ਚਰਨ ਟਿਕਾ, ਸਾਚੀ ਜੜ ਲਗਾਇੰਦਾ । ਚਾਰੋਂ ਕੁੰਟ ਕਟਕ ਉਠਾ, ਆਪਣੀ ਧਾਰ ਬਣਾਇੰਦਾ । ਮੋਰਮੁਕਟ ਸਿਰ ਟਿਕਾ, ਲੰਕਾ ਗੜ੍ਹ ਸੁਹਾਇੰਦਾ । ਸ਼ਾਹ ਸ਼ਹਾਨਾ ਜੋਤੀ ਤਿਨਕਾ ਦਏ ਲਗਾ, ਰਾਜ ਰਾਜਾਨਾ ਆਪ ਉਠਾਇੰਦਾ । **ਵਾਸੀ ਪੁਰੀਘਨਕਾ ਆਪ ਅਖਵਾ, ਸੰਬਲ ਨਗਰੀ ਡੇਰਾ ਲਾਇੰਦਾ ।** ਨਿਥਾਵਿਆਂ ਦੇਵੇ ਸਾਚਾ ਥਾਂ, ਗ਼ਰੀਬ ਨਿਮਾਣੇ ਸੰਗ ਰਖਾਇੰਦਾ । ਲਹਿਣਾ ਦੇਣਾ ਝੋਲੀ ਦੇਵੇ ਪਾ, ਜਿਉਂ ਨਾਨਕ ਅੰਗਦ ਅੰਗ ਲਗਾਇੰਦਾ । ਸਿੱਖਾਂ ਅੰਦਰ ਸਿਖ ਸਿਖ ਗੁਰ ਜਾਏ ਸਮਾ, ਗੁਰ ਚੇਲਾ ਰੂਪ ਵਟਾਇੰਦਾ । **ਗੁਰ ਗੋਬਿੰਦ ਤੇਰਾ ਲੇਖਾ ਲਿਖਿਆ ਪੂਰਾ ਦਏ ਕਰਾ, ਨਾ ਕੋਈ ਮੇਟ ਮਿਟਾਇੰਦਾ । ਪੁਰਖਅਕਾਲ ਸਾਚਾ ਸੁਤ ਕਲਜੁਗ ਅੰਤਮ ਲਿਆ ਮਨਾ, ਸ਼ਬਦੀ ਨਾਉਂ ਧਰਾਇੰਦਾ । ਦੁਸਟਦਮਨ ਦੀ ਸੇਵਾ ਲਾ, ਗੁਰ ਗੋਬਿੰਦ ਨਾਉਂ ਰਖਾਇੰਦਾ ।** ਗੁਰ ਗੋਬਿੰਦੇ ਘਾਲ ਘਾਲੀ ਖ਼ੁਸ਼ੀ ਹੋਇਆ ਬੇਪਰਵਾਹ, ਬੰਸ ਸਰਬੰਸ ਵੇਖ ਵਖਾਇੰਦਾ । ਸਤਿਜੁਗ ਚਲਾਏ ਸਾਚਾ ਰਾਹ, ਗੁਰ ਗੋਬਿੰਦਾ ਅਗੇ ਲਾਇੰਦਾ । ਅਕਾਲਪੁਰਖ ਬਣ ਮਲਾਹ, ਜੋਤੀ ਜਾਮਾ ਪਾਇੰਦਾ । (ਪਹਿਲੀ ਅੱਸੂ ੨੦੧੫ ਬਿਕ੍ਰਮੀ)

ਲਿਖਤ ਲਿਖਾਈ ਲਿਖਾਵਣਹਾਰੇ । ਸਾਚੀ ਜੋਤ ਸ਼ਬਦ ਵਰਤਾਰੇ । ਮਨੀ ਸਿੰਘ ਤੇਰੀ ਕਲਮ ਚਲੇ ਅਪਰ ਅਪਾਰੇ । ਕਲਜੁਗ ਅੰਤ ਰਾਜੇ ਰਾਣੇ ਹੋਏ ਖੁਆਰੇ । **ਮਸਤੂਆਣੇ ਪਰਗਟੇ ਜੋਤ ਨਿਹਕਲੰਕ,** ਭਗਤਨ ਆਇਣ ਸਭ ਚਰਨ ਦੁਆਰੇ । **ਮਹਾਰਾਜ ਸ਼ੇਰ ਸਿੰਘ ਪੂਰਨ ਭਗਵੰਤ, ਜੋਤ ਜਗਾਈ ਅਗੰਮ ਅਪਾਰੇ ।** (੧੫ ਸਾਵਣ ੨੦੦੮ ਬਿਕ੍ਰਮੀ)

ਮਹਾਰਾਜ ਪੂਰਨ ਸਿੰਘ ਜੀ ਦੇ ਸ਼ਰੀਰ ਨੂੰ **ਸੰਭਲ ਨਗਰ** ਅਥਵਾ **ਮਸਤੂਆਣੇ** ਦਾ ਨਾਮ ਦਿਤਾ ਗਿਆ ।

**ਇਹ ਸਤਿ ਹੈ ਕਿ ਜਿਥੇ ਜੋਤ ਹੈ ਉਥੇ ਸ਼ਬਦ ਵੀ ਹੈ ਅਤੇ ਜਿਥੇ ਸ਼ਬਦ ਹੈ ਓਥੇ ਜੋਤ ਵੀ ਹੈ, ਪਰ ਗੁਰ ਅਵਤਾਰ ਪੈਗੰਬਰਾਂ ਅੰਦਰ ਸ਼ਬਦ ਪ੍ਰਧਾਨ ਹੁੰਦਾ ਹੈ । ਕੇਵਲ ਨਿਹਕਲੰਕੀ ਜਾਮੇਂ ਅੰਦਰ, ਜੋ ਪਰਮਾਤਮਾ ੯੯੪ ਚੌਕੜੀ ਜੁਗ ਪਿਛੋਂ ਧਾਰਦਾ ਹੈ, ਉਸ ਦੇ ਤਨ ਵਿੱਚ ਜੋਤ ਪ੍ਰਧਾਨ ਹੁੰਦੀ ਹੈ ਪਰ ਉਹ ਕਿਸੇ ਦੂਸਰੀ ਦੇਹੀ ਨੂੰ ਫੜ ਕੇ ਉਸ ਰਾਹੀਂ ਸ਼ਬਦ ਦੀ ਸਰਜਣਾ ਕਰ ਜਾਂਦਾ ਹੈ ।**

**ਸਾਧਾਰਨ ਅਵਸਥਾ ਵਿੱਚ ਮਹਾਰਾਜ ਪੂਰਨ ਸਿੰਘ ਜੀ ਦੇ ਅੰਦਰ ਸ਼ਬਦ ਕਾਰਜਸ਼ੀਲ ਰਹਿੰਦਾ ਸੀ, ਓਦੋਂ ਉਨ੍ਹਾਂ ਦੇ ਨੇਤਰ ਖੁਲ੍ਹੇ ਰਹਿੰਦੇ ਸਨ ਅਤੇ ਦੁਨਿਆਵੀ ਕਾਰੋ ਬਾਰ ਵੀ ਕਰਦੇ ਸਨ । ਉਸ ਸਮੇਂ ਜੋਤ ਉਨ੍ਹਾਂ ਅੰਦਰ ਦੜ ਵੱਟ ਬੈਠ ਜਾਂਦੀ ਸੀ । ਪਰੰਤੂ ਜਦ ਜੋਤ ਪ੍ਰਗਟ ਹੁੰਦੀ ਤਾਂ ਉਨ੍ਹਾਂ ਦੀ ਚਾਲ ਢਾਲ ਵਿਚ ਇੱਕ ਅੱਡਰੀ ਵਿਲੱਖਣਤਾ ਆ ਜਾਂਦੀ ਸੀ ਜਿਵੇਂ - ਮਹਾਰਾਜ ਪੂਰਨ ਸਿੰਘ ਦੀ ਅਵਾਜ਼ ਦਾ ਮਹਾਰਾਜ ਸ਼ੇਰ ਸਿੰਘ ਦੇ ਬੋਲ ਵਿਚ ਬਦਲ ਜਾਣਾਂ, ਜੋਤ ਪ੍ਰਵੇਸ਼ ਸਮੇਂ ਮਹਾਰਾਜ ਪੂਰਨ ਸਿੰਘ ਦੇ ਨੈਣਾਂ ਦਾ ਮੁੰਦੇ ਜਾਣਾ, ਨਾ ਕੇਵਲ ਨਬਜ਼ਾਂ ਬੰਦ ਹੋਣਾ ਸਗੋਂ ਗਰਮੀ ਸਰਦੀ ਯਾ ਕੀਟ ਪਤੰਗ ਦੇ ਕੱਟਣ ਦਾ ਦਰਦ ਵੀ ਅਨੁਭਵ ਕਰਨਾ ਬੰਦ ਕਰ ਦਿੰਦੇ ਸਨ ।**

*** ਜਨਮ ***

**੫ ਜੇਠ ੧੯੭੧ ਬਿਕ੍ਰਮੀ (੧੮ ਮਈ ੧੯੧੪ ਈਸਵੀ), ਦਿਨ ਮੰਗਲਵਾਰ, ਚੱਕ ਨੰ: ੨੭ ਝੰਗ ਬ੍ਰਾਂਚ, ਜਿਲ੍ਹਾ ਲਾਇਲਪੁਰ**

**ਬਚਪਨ ਦਾ ਨਾਮ ਨੂਨੀ**

ਮੇਰਾ ਸੁਭ ਨਾਮ ਜਗਤ ਕਹੇ ਪੂਰਨ ਸਿੰਘ, ਪੂਰਨ ਸਤਿਗੁਰ ਦਿਤੀ ਵਡਿਆਈਆ । ਜੋਤ ਆਵਾਜ਼ ਦਿਤੀ ਦਿਲਰੁਬਾ ਵਜਦੀ ਕਿੰਗ, ਸਿਤਾਰ ਸਿਤਾਰ ਸਤਹ ਬੁਲੰਦੀ ਤੋਂ ਉਤੇ ਸੁਣਾਈਆ । ਸਤਿ ਵਿਚ ਸਚ ਵਿਚ ਇਹ ਆਤਮਾ ਪਰਮਾਤਮਾ ਦੀ ਬਿੰਦ, ਨੂਰ ਦਾ ਨੂਰ ਤਨ ਵਜੂਦ ਵਿਚ ਸੋਭਾ ਪਾਈਆ । **ਜਿਸ ਨੇ ਜਨਮ ਲਿਆ ਵਿਚ ਭਾਰਤ ਹਿੰਦ, ਜਿਸ ਨੂੰ ਹੁਣ ਪਾਕਿਸਤਾਨ ਕਹਿ ਕੇ ਗਾਈਆ । ਜਿਲਾ ਲਾਇਲਪੁਰ ਚੱਕ ਸਤਾਈ ਇਹ ਸੀ ਰਹਿਣ ਵਾਲਾ ਪਿੰਡ, ਨਹਿਰ ਝੰਗ ਬਰਾਂਚ ਸੋਭਾ ਪਾਈਆ ।** ਪਰਵਰਦਿਗਾਰ ਨੇ ਰਹਮਤ ਕੀਤੀ ਆਪਣੇ ਪਿਆਰ ਮੁਹੱਬਤ ਦੀ ਧਾਰ ਬਖ਼ਸ਼ੀ ਸਾਗਰ ਸਿੰਧ, ਆਬੇਹਯਾਤ ਧੁਰ ਦਾ ਦਿਤਾ ਪਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਗ੍ਰਹਿ ਇਕ ਵਿਖਾਈਆ ।

(੩੦ ਸਾਵਣ ਸ਼ਹਿਨਸ਼ਾਹੀ ਸੰਮਤ ੮)

ਪੁਰਖਅਕਾਲ ਕਹੇ **ਬਿਕ੍ਰਮੀ ਉਂਨੀ ਸੌ ਇਕਹੱਤਰ ਤੱਕ, ਉਂਨੀ ਸੌ ਚੌਦਾਂ, ਸੱਚੀ ਵੱਜੀ ਵਧਾਈਆ ।** ਤਨ ਵਜੂਦ ਸਰੀਰ ਆਇਆ ਗਾਉਂਦਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਜਿਸ ਨਾਮ ਵਡਿਆਇਆ ਆਪਣੀ ਮਾਂ ਦਾ, ਬਿਸ਼ਨ ਕੌਰ ਜਣੇਂਦੀ ਮਾਈਆ । ਪਾਲ ਸਿੰਘ ਦੀ ਗੋਦ ਸੁਹਾਉਂਦਾ, ਸੋਹਣਾ ਰੰਗ ਰੰਗਾਈਆ ।

(੫ ਜੇਠ ਸ਼ਹਿਨਸ਼ਾਹੀ ਸੰਮਤ ੮)

**ਪੰਚਮ ਜੇਠ** ਕਹੇ ਮੈਂ ਤੱਕਿਆ ਖੇਲ ਮਹਾਨਾ, ਪ੍ਰਭ ਸਹਿਜ ਦਿੱਤਾ ਵਖਾਈਆ । ਪੂਰਨ ਸਿੰਘ ਜਨਮਿਆ ਜਿਸ ਦਾ

ਪੂਰਨ ਬ੍ਰਹਮ ਨਿਸ਼ਾਨਾ, ਪੂਰਨ ਵੇਖੇ ਥਾਉਂ ਥਾਈਆ । ਪਾਲ ਸਿੰਘ ਛੱਟਾ ਦਿਤਾ ਦਾਨਾ ਦਾਨਾ, ਚਾਰੋਂ ਕੁੰਟ ਦਿਤਾ ਵਖਾਈਆ । **ਮੰਗਲਵਾਰ** ਸੀ ਗਾਇਆ ਗਾਣਾ, ਖ਼ੁਸ਼ੀਆਂ ਨਾਲ ਸੁਣਾਈਆ । ਨਸ਼ਾ ਚੜ੍ਹਿਆ ਜਗਤ ਜਹਾਨਾ, ਜਗਤ ਜਗਤ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਪੰਚਮ ਜੇਠ ਕਹੇ ਮੈਂ ਹੋਇਆ ਹੱਕਾ ਬੱਕਾ, ਹੈਰਾਨੀ ਵਿਚ ਜਣਾਈਆ । ਮੈਨੂੰ ਅਵਤਾਰਾਂ ਸੰਦੇਸ਼ਾ ਦਿਤਾ ਪੱਕਾ, ਸਹਿਜ ਨਾਲ ਸੁਣਾਈਆ । ਪੈਗ਼ੰਬਰਾਂ ਕਿਹਾ ਹਕੀਕਤ ਹੱਕਾ, ਹਕ ਹਕ ਦ੍ਰਿੜਾਈਆ । ਗੁਰੂਆਂ ਕਿਹਾ ਫਰਕ ਨਾ ਰਤਾ, ਭੇਵ ਅਭੇਦ ਦਿਤਾ ਖੁਲਾਈਆ । **ਇਹ ਸੰਬਲ ਦੇਸ ਸੱਚਾ, ਸਾਢੇ ਤਿੰਨ ਹੱਥ ਵੱਜੇ ਵਧਾਈਆ ।** ਜਿਥੇ ਪੁਰਖਅਕਾਲ ਆਵੇ ਨੱਸਾ, ਭੱਜੇ ਵਾਹੋ ਦਾਹੀਆ । ਕਲਜੁਗ ਰੈਣ ਅੰਧੇਰੀ ਮੇਟੇ ਮੱਸਾ, ਨੂਰੀ ਚੰਦ ਚੰਦ ਚਮਕਾਈਆ । ਵਿਸ਼ਨ ਬ੍ਰਹਮਾ ਸ਼ਿਵ ਮਾਰੀਆਂ ਕੱਛਾਂ, ਨੱਚੇ ਟੱਪੇ ਕੁਦੇ ਚਾਈ ਚਾਈਆ । ਕਲਜੁਗ ਕੂੜੇ ਪੈ ਗਈਆਂ ਗਸ਼ਾਂ, ਨੇਤਰ ਰੋਵੇ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਪੰਚਮ ਜੇਠ ਕਹੇ ਮੈਂ ਤੱਕਿਆ ਚੋਰੀ ਚੋਰੀ, ਚਉਰਾਹਿਆਂ ਵਿਚ ਧਿਆਨ ਲਗਾਈਆ । ਕੀ ਖੇਲ ਕਰੇ ਜੋ ਹਰ ਘਟ ਅੰਦਰ ਘੋਰੀ, ਘੋਰ ਅੰਧੇਰੇ ਵੇਖ ਵਖਾਈਆ । ਜਿਸ ਦੀ ਨਿਰਗੁਣ ਧਾਰ ਡੋਰੀ, ਡੋਰੀ ਗੰਢ ਪਵਾਈਆ । ਉਹ ਬਣ ਕੇ ਬਾਂਕਾ ਸ਼ੌਹਰੀ, ਸ਼ਹਿਨਸ਼ਾਹ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਪੰਚਮ ਜੇਠ ਕਹੇ ਨੰਨ੍ਹੇ ਬਾਲ ਨੂੰ ਆਈ ਸੁਰਤੀ, ਪੂਰਨ ਪੂਰਨ ਰੂਪ ਸਮਾਈਆ । ਜਗਤ ਜਗਿਆਸੂਆਂ ਦਿਤੀ ਗੁੜਤੀ, ਆਪਣਾ ਸਗਨ ਬਣਾਈਆ । ਜਿਸ ਦੀ ਅੰਤਰ ਲਿਵ ਧੁਰ ਦੀ, ਧੁਰ ਸਕੇ ਨਾ ਕੋਇ ਤੁੜਾਈਆ । ਉਨ੍ਹ ਆਸਾ ਪੂਰੀ ਕੀਤੀ ਅਨੰਦਪੁਰ ਦੀ, ਪੁਰੀਆਂ ਲੋਆਂ ਤੋਂ ਬਾਹਰ ਡੇਰਾ ਲਾਈਆ । ਜਿਥੇ ਸ਼ਬਦ ਜੋਤ ਜੁੜਦੀ, ਉਸ ਧਾਮ ਦਿਤੀ ਵਡਿਆਈਆ । ਜਿਸ ਪੂਰਨ ਦੀ ਲੋਹੜੀ ਵੰਡੀ ਸੀ ਗੁੜ ਦੀ, ਉਹ ਗੁਰਮੁਖਾਂ ਨੂੰ ਮਿੱਠਾ ਰਸ ਖਵਾਈਆ । ਜਿਸ ਦੀ ਡਲੀ ਕਦੇ ਨਹੀਂ ਖ਼ੁਰਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਬੜਾ ਕਾਨੂਨੀ, ਜਿਸ ਦੀ ਸਮਝ ਕਿਸੇ ਨਾ ਪਾਈਆ । **ਉਸ ਨੇ ਪੂਰਨ ਸਿੰਘ ਦਾ ਪਾਲ ਸਿੰਘ ਤੋਂ ਨਾਂ ਧਰਾਇਆ ਨੂਨੀ, ਜਿਸ ਨੂਨ ਨੂਨ ਵਿਚ ਨਿਰਗੁਣ ਨਿਰੰਕਾਰ ਡੇਰਾ ਲਾਈਆ ।** ਜਿਸ ਦੀ ਆਯੂ ਇਕ ਦੋ ਦੋ ਤੋਂ ਦੂਣੀ, ਦੋਹਰੀ ਖੇਲ ਖਿਲਾਈਆ । ਜਿਸ ਨੇ ਦੀਨਦੁਨੀ ਵਿਚ ਬਦਲ ਦਿਤੀ ਕੂਣੀ, ਕਾਇਆ ਕੁਰਹ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਖੇਲ ਵਖਾਈਆ । (੫ ਜੇਠ ਸ਼ਹਿਨਸ਼ਾਹੀ ਸੰਮਤ ੮)

**ਪਿਤਾ : ਬਾਪੂ ਪਾਲ ਸਿੰਘ**

ਪੂਰਬਲਾ ਜਾਮਾ :

- **ਗੁਰ ਤੇਗਬਹਾਦਰ** (ਨੌਵੇਂ ਗੁਰੂ ਸਾਹਿਬ)
- **ਭਗਤ ਨਾਮਦੇਵ**

ਬਾਪੂ ਪਾਲ ਸਿੰਘ ਜੀ ੨੩ ਸਾਲ ਮਹਾਰਾਜ ਸ਼ੇਰ ਸਿੰਘ ਜੀ ਦੀ ਸੇਵਾ ਵਿਚ ਰਹੇ ।

ਸਾਚੇ ਘਰ ਵਜਦੀ ਰਹੇ ਵਧਾਈ । ਗੁਰਸਿਖ ਗਾਉਂਦੇ ਰਹਿਣ ਚਾਈ ਚਾਈ । ਸਿੰਘ ਮਨਜੀਤ ਜੋਤ ਸਰੂਪ ਜਾਈ ਸਭਨੀ ਥਾਈ । ਪਾਲ ਸਿੰਘ ਨੂੰ ਸੰਗ ਰਲਾਈ । ਉਂਗਲੀ ਫੜ ਕੇ ਭੱਜਾ ਜਾਈ । **ਗੁਰ ਤੇਗਬਹਾਦਰ ਦੀ ਤ੍ਰਿਖਾ ਬੁਝਾਈ । ਪਾਲ ਸਿੰਘ ਨਾਂ ਰਖਾ ਕੇ ਕਲਜੁਗ ਫੇਰਾ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਏਕਾ ਧਾਮ ਰਹਿਆ ਸਾਚਾ ਮੇਲ ਮਿਲਾਈ ।** (੧੭ ਮੱਘਰ ੨੦੧੦ ਬਿਕ੍ਰਮੀ)

ਐਸਾ ਭੇਤ ਮੈਂ ਆਪ ਖੁਲਾਵਾਂ । ਪਲਟੇ ਜਾਮੇ ਹੁਣ ਸਚ ਲਿਖਾਵਾਂ । **ਨਾਮਾ ਨਾਮਦੇਵ ਅਖਵਾਇਆ** । ਈਸ਼ਵਰ ਦਾ ਜਿਨ ਭੋਗ ਲਗਵਾਇਆ । ਕਪਲਾ ਗਊ ਦਾ ਦੁੱਧ ਚੁਆਇਆ । ਹੋਏ ਇਕ ਮਨ ਭੋਗ ਲਗਾਇਆ । ਭੋਗ ਲੱਗਾ

ਮਨ ਹੋਇਆ ਅਧੀਨਾ। ਗਵਾਇਆ ਮਾਣ ਪ੍ਰਭ ਮਨ ਸੇ ਚੀਨਾ। ਹੋਏ ਪ੍ਰਤਖ ਪ੍ਰਭ ਦਰਸ ਦਿਖਾਇਆ। ਭਰ ਕਟੋਰਾ ਨਾਮੇ ਦੁੱਧ ਪਿਆਇਆ। ਪੈਜ ਰਖਣ ਲਈ ਹਰਿ ਜੂ ਆਇਆ। ਨਾਮੇ ਦਾ ਦੇਹੁਰਾ ਫਿਰਵਾਇਆ। ਫੇਰ ਓਸ ਦਾ ਛੱਪਰ ਛਾਇਆ। ਮੋਈ ਗਾਏ ਤਾਈਂ ਆਪ ਜਿਵਾਇਆ। ਭਗਤਾਂ ਨੂੰ ਮਾਣ ਦਵਾਇਆ। ਛੁੱਟੀ ਦੇਹ ਪ੍ਰਲੋਕ ਸਿਧਾਇਆ। ਜੋਤ ਵਿਚ ਸੀ ਜੋਤ ਮਿਲਾਇਆ। ਜੋਤ ਵਿਚੋਂ ਜੋਤ ਲਿਆ ਕੇ। **ਪਾਲ ਸਿੰਘ ਵਿਚ ਜੋਤ ਜਗਾ ਕੇ।** ਆਪਣੇ ਆਪ ਦਾ ਦਰਸ ਦਿਖਾ ਕੇ। **ਕ੍ਰਿਸ਼ਨ ਭਗਵਾਨ ਦਾ ਰੂਪ ਬਣਾ ਕੇ। ਦਿਤਾ ਦਾਨ ਦਰਸ ਬਾਂਹੋਂ ਉਠਾ ਕੇ।** ਸਰਨੀ ਡਿਗਾ ਸਾਡੀ ਆ ਕੇ। ਐਸੀ ਦਿਤੀ ਉਹਨੂੰ ਵਡਿਆਈ। ਆਪਣੀ ਜੋਤ ਵਿਚ ਲਲਾਟ ਜਗਾਈ। ਆਪਣੀ ਜੋਤ ਆਪ ਜਗਾ ਕੇ। ਗੁਰਸਿਖਾਂ ਤੋਂ ਗੁਰਮੁਖ ਬਣਾ ਕੇ। ਐਸਾ ਮਾਣ ਮੈਂ ਆਪ ਦਵਾਇਆ। ਸੰਗਤ ਦਾ ਸਿਰਤਾਜ ਬਣਾਇਆ। ਐਸੀ ਉਸ ਨੇ ਸਾਰ ਸੀ ਪਾਈ। ਸਾਰੀ ਸੰਗਤ ਉਸ ਨੇ ਸੀ ਬਚਾਈ। ਐਸੀ ਦਇਆ ਤੁਸਾਂ ਤੇ ਕੀਤੀ। ਆਪਣੇ ਚਰਨਾਂ ਦੀ ਪ੍ਰੀਤੀ ਦੀਤੀ। ਸਾਲ ਤੇਈ ਉਸ ਸੇਵ ਕਮਾਈ। ਤੇਈ ਚੇਤ ਨੂੰ ਦੇਹ ਤਜਾਈ। ਜੋਤ ਵਿਚ ਜੋਤ ਸਮਾਈ। ਖਿਰਘਰ ਵਿਚ ਬੈਠਾ ਜਾਈ। ਰਾਮ ਕ੍ਰਿਸ਼ਨ ਕਲਾ ਇਹ ਧਾਰੀ। ਮਹਾਰਾਜ ਸ਼ੇਰ ਸਿੰਘ ਦੀ ਜੋਤ ਅਪਾਰੀ। (੧੭ ਭਾਦਰੋਂ ੨੦੦੬ ਬਿਕ੍ਰਮੀ)

ਸ਼੍ਰੀ ਪਾਲ ਸਿੰਘ ਆਪਣੇ ਭਾਈਆਂ ਸਮੇਤ ਆਪਣੇ ਜੱਦੀ ਨਗਰ ਜੇਠੂਵਾਲ ਨੂੰ ਤੱਜ ਕੇ 'ਬਾਰ' ਵਿਖੇ ਚੱਕ ਨੰ: ੨੭, ਝੰਗ ਬ੍ਰਾਂਚ ਜਿਲ੍ਹਾ ਲਾਇਲਪੁਰ ਜਾ ਵੱਸੇ ਸਨ।

ਪਾਲ ਸਿੰਘ ਜੇਠੂਵਾਲ ਵਾਲਾ ਬਾਰ ਵਿਚ ਰਹਿੰਦਾ ਸੀ। **ਮਾਣਾ ਸਿੰਘ ਭੁੱਚਰ ਵਾਲੇ ਨੂੰ ਵੀ ੨੭ ਚੱਕ ਬਾਰ ਵਿਚ ਮੁਰੱਬੇ ਮਿਲੇ ਹੋਏ ਸਨ। ਤੇਜਾ ਸਿੰਘ ਦਾ ਬਾਪ ਮਾਣਾ ਸਿੰਘ ਸੀ।** ਪਾਲ ਸਿੰਘ ਤੇਜਾ ਸਿੰਘ ਨੂੰ ਪੁੱਛਦਾ ਹੈ ਕਿ ਅਵਤਾਰ ਦੇ ਕੀ ਲੱਛਨ ਹਨ। ਤੁਸੀਂ ਕਿਸ ਤਰ੍ਹਾਂ ਮਹਾਰਾਜ ਲੱਭਾ ਹੈ। ਤੇਜਾ ਸਿੰਘ ਬਚਨ ਦੱਸਣੇ ਕਿ ਸੰਤਾਂ ਨੇ ਮਹਾਰਾਜ ਹੋਰਾਂ ਨੂੰ ਲੱਭਾ ਹੈ ਤੇ ਸਾਨੂੰ ਵੀ ਬਾਹੋਂ ਫੜ ਕੇ ਨੇਹਕਲੰਕ ਅਵਤਾਰ ਦੇ ਚਰਨੀ ਲਾਇਆ ਹੈ ਜੀ। ਸੱਚੇ ਪਾਤਸ਼ਾਹ ਦੇ ਬਚਨ ਸੁਣ ਕੇ ਪ੍ਰੇਮ ਔਂਦਾ ਹੈ ਤੇ ਗੱਲਾਂ ਦਾ ਯਕੀਨ ਨਹੀਂ ਸੀ ਔਂਦਾ। ਫਿਰ ਮਾਣਾ ਸਿੰਘ ਵੀ ਭੁੱਚਰੋਂ ਓਥੇ ੨੭ ਚੱਕ ਗਿਆ। ਪਾਲ ਸਿੰਘ ਆਂਦਾ ਹੈ ਚਾਚਾ ਜੀ ਤੇਜਾ ਸਿੰਘ ਆਂਦਾ ਹੈ, ਕਿ ਪਾਤਸ਼ਾਹ ਅਵਤਾਰ ਧਾਰਿਆ ਹੈ, ਸੱਚ ਹੈ ਕਿ ਝੂਠ ਹੈ। **ਮਾਣਾ ਸਿੰਘ ਬੜੇ ਪ੍ਰੇਮ ਨਾਲ ਸੱਚੇ ਪਾਤਸ਼ਾਹ ਦੀ ਉਸਤਤ ਕਰਕੇ ਪਾਲ ਸਿੰਘ ਨੂੰ ਬਚਨ ਸੁਣਾ ਰਿਹਾ ਹੈ ਤੇ ਆਪਣੀ ਜਬਾਨ ਪਵਿੱਤਰ ਕਰ ਰਿਹਾ ਹੈ। ਪਾਲ ਸਿੰਘ ਬਚਨ ਸੁਣ ਕੇ ਨਿਹਾਲ ਹੋ ਰਿਹਾ ਹੈ। ਪਾਲ ਸਿੰਘ ਆਂਦਾ ਹੈ, ਚਾਚਾ, ਮੇਰੇ ਵੀ ਧੰਨ ਭਾਗ ਹੋਣਗੇ ਜਦੋਂ ਦਰਸ਼ਨ ਹੋਣਗੇ, ਤੇਜਾ ਸਿੰਘ ਦਾ ਮੈਨੂੰ ਯਕੀਨ ਨਹੀਂ ਸੀ ਔਂਦਾ। ਮਾਣਾ ਸਿੰਘ ਆਖਣ ਲੱਗਾ, ਪਾਲ ਸਿੰਘ ਤੈਨੂੰ ਸਿਰਫ ਯਕੀਨ ਕਰਨ ਦੀ ਲੋੜ ਹੈ, ਤੈਨੂੰ ਆਪੇ ਚਰਨੀ ਲਾ ਲਵੇਗਾ।** ਏਥੇ ਬੈਠੇ ਨੂੰ ਦਰਸ਼ਨ ਦੇ ਦੇਣਗੇ। ਪਾਤਸ਼ਾਹ ਕਿਤੇ ਦੂਰ ਨਹੀਂ ਹਨ। ਧਿਆਨ ਰੱਖਣ ਦੀ ਲੋੜ ਹੈ। ਫਿਰ ਰਾਤ ਦਾ ਸਮਾਂ ਹੈ, ਪਾਲ ਸਿੰਘ ਮੁਰੱਬੇ ਵਿਚ ਪਾਣੀ ਲਾ ਰਿਹਾ ਹੈ। ਦੀਨ ਦਿਆਲ ਸੱਚੇ ਪਾਤਸ਼ਾਹ ਕ੍ਰਿਸ਼ਨ ਦੇ ਜਾਮੇ ਵਿਚ ਦਰਸ਼ਨ ਦਿੱਤਾ ਹੈ। ਸਵੇਰੇ ਪਾਲ ਸਿੰਘ ਬਚਨ ਕਰਦਾ ਹੈ। ਚਾਚਾ ਮਾਣਾ ਸਿੰਘ, **ਅੱਜ ਮੈਨੂੰ ਸੱਚੇ ਪਾਤਸ਼ਾਹ ਕ੍ਰਿਸ਼ਨ ਦੇ ਜਾਮੇ ਵਿਚ ਦਰਸ਼ਨ ਦਿੱਤਾ ਹੈ ਜੀ।** ਬੜੇ ਪ੍ਰੇਮ ਨਾਲ ਬਚਨ ਬਲਾਸ ਕਰ ਰਹੇ ਹਨ ਜੀ। ਦਿਲ ਨੂੰ ਬੜਾ ਪ੍ਰੇਮ ਜਾਗਿਆ। ਆਖਣ ਲੱਗਾ, ਤੇਜਾ ਸਿੰਘ ਜਦੋਂ ਤੁਸੀਂ ਘਵਿੰਡ ਨੂੰ ਜਾਓਗੇ ਮੈਂ ਵੀ ਜਰੂਰ ਜਾਵਾਂਗਾ। ਪਾਲ ਸਿੰਘ ਆਖਿਆ, ਸਾਨੂੰ ਜਨਜਾਤੀ ਵਿਆਹ ਹੈ, ਤੇ ਓਸ ਦਿਨ ਤੂੰ ਵੀ ਤੇਜਾ ਸਿੰਘ ਚਲੇਂ ਤੇ ਘਵਿੰਡ ਚਲੇ ਚਲੀਏ। ਜਿਸ ਵਕਤ ਜਨਜਾਤੀਆਂ ਤੋਂ ਵਿਆਹ ਵੇਖ ਕੇ ਘਵਿੰਡ ਗਏ ਹਨ, ਪਾਲ ਸਿੰਘ ਪੁੱਛਣ ਲੱਗਾ ਕਿ ਤੇਜਾ ਸਿੰਘ ਮੈਂ ਕਿਸ ਬਿਧ ਨਾਲ ਸ਼ਰਨ ਪਵਾਂ। ਉਸ ਆਖਿਆ ਕਿ ੫ ਕੂਜੇ ਮਿਸ਼ਰੀ ਦੇ ਤੇ ਜੋ ਪੂਜਾ ਤੈਥੋਂ ਬਣਦੀ ਹੈ ਓਹ ਨਾਲ ਰੱਖ ਕੇ ਗਲ ਵਿਚ ਪੱਲਾ ਪਾ ਕੇ ਨਿਮਸਕਾਰ ਕਰੀਂ ਕਿ ਸੱਚੇ ਪਿਤਾ ਮੇਰੇ ਤੇ ਮਿਹਰ ਕਰੋ। ਤੇਜਾ ਸਿੰਘ ਤੇ ਪਾਲ ਸਿੰਘ ਘਵਿੰਡ ਆ ਗਏ ਹਨ। ਸੱਚੇ ਪਾਤਸ਼ਾਹ ਪਲੰਘ ਤੇ ਬੈਠੇ ਹਨ। ਤੇ ਪਰਸ਼ਾਦ ਏਨ੍ਹਾਂ ਥਾਲਾਂ ਵਿਚ ਪਾ ਕੇ ਹੱਥ ਜੋੜ ਕੇ ਨਿਮਸਕਾਰ ਕੀਤੀ। ਸੱਚੇ ਪਾਤਸ਼ਾਹ ਆਖਣ ਲੱਗੇ ਤੇਜਾ ਸਿੰਘ ਸਾਡੀ ਧਾਰਨ ਤੈਨੂੰ ਪਤਾ ਹੈ। ਤੇਜਾ ਸਿੰਘ ਆਖਿਆ ਜੀ ਪਤਾ ਹੈ। ਤੇ ਆਖਣ ਲੱਗੇ ਪਾਲ ਸਿੰਘ ਨੂੰ ਦੱਸ ਦਿੱਤਾ ਈ। ਤੇਜਾ ਸਿੰਘ ਆਖਿਆ ਜੀ ਮੈਂ ਦੱਸ ਦਿੱਤਾ ਹੈ ਕਿ ਸੱਚੇ ਪਾਤਸ਼ਾਹ ਦੀਨ ਦੁਨੀ ਦੇ ਵਾਲੀ ਮਾਸ ਸ਼ਰਾਬ ਤੇ ਝੂਠ ਅਪਰਾਧ ਤੋਂ ਮਨਾ

ਕਰਦੇ ਹਨ ਜੀ । ਪਾਲ ਸਿੰਘ ਹੱਥ ਜੋੜ ਕੇ ਖਲੋਤਾ ਸੀ । ਆਖਣ ਲੱਗਾ ਸੱਚੇ ਪਾਤਸ਼ਾਹ ਆਪ ਹੀ ਮੇਰੇ ਸਿਰ ਤੇ ਹੱਥ ਰਖੋਗੇ ਤੇ ਮੈਨੂੰ ਬਚਾਓਗੇ । ਦੀਨ ਦਿਆਲ ਹੁਣ ਦਇਆ ਕਰਕੇ ਮੈਨੂੰ ਆਪਣੀ ਸ਼ਰਨ ਲਾ ਲਉ ਜੀ । ਜਿਸ ਵਕਤ ਬੇਨੰਤੀ ਕੀਤੀ ਗਈ ਤੇ ਸੱਚੇ ਪਾਤਸ਼ਾਹ ਪਾਲ ਸਿੰਘ ਨੂੰ ਪਰਸ਼ਾਦ ਦਿੱਤਾ ਤੇ ਫਿਰ ਸਾਰੀ ਸੰਗਤ ਨੂੰ ਵਰਤਾਇਆ ਗਿਆ । ਪਾਲ ਸਿੰਘ ਕੜਾਹ ਪਰਸ਼ਾਦ ਵਾਸਤੇ ਵੀ ਪੈਸੇ ਦੇ ਦਿੱਤੇ ਤੇ ਸ਼ਰਨ ਲਾਏ ਦੀ ਖ਼ੁਸ਼ੀ ਮਨਾਈ । ਦਰਸ਼ਨ ਕਰ ਕੇ ਆਪਣਾ ਜਨਮ ਸੁਫਲਾ ਕੀਤਾ । ਫਿਰ ਪ੍ਰੇਮ ਨਾਲ ਛੇਤੀ ਛੇਤੀ ਔਣ ਲੱਗ ਪਿਆ ।।

ਪਾਲ ਸਿੰਘ ਨੂੰ ਮਹਾਰਾਜ ਦੀ ਸ਼ਰਨ ਆਇਆ ਵੇਖ, ਉਸ ਦੇ ਭਾਇਆਂ - ਆਤਮਾ ਸਿੰਘ, ਜੀਵਨ ਸਿੰਘ ਅਤੇ ਸੁਰਗਵਾਸੀ ਭਰਾ ਸੁੰਦਰ ਸਿੰਘ ਦਾ ਪੁੱਤਰ ਪ੍ਰੀਤਮ ਸਿੰਘ, ਦੇ ਪਰਿਵਾਰ ਵੀ ਮਹਾਰਾਜ ਦੇ ਚਰਨਾਂ ਵਿੱਚ ਖਿੱਚੇ ਚਲੇ ਗਏ । ਫਿਰ ਉਨ੍ਹਾਂ ਦੀ ਦੇਖਾ ਦੇਖੀ ੨੭ ਚੱਕ ਵਿਚੋਂ ਨੱਥਾ ਸਿੰਘ ਰਾਮਗੜ੍ਹੀਆ, ਬੁਧ ਸਿੰਘ ਅਤੇ ਹੇਮ ਸਿੰਘ ਵੀ ਮਹਾਰਾਜ ਸ਼ੇਰ ਸਿੰਘ ਜੀ ਦੀ ਸ਼ਰਨ ਆਣ ਲੱਗੇ । ੨੭ ਚੱਕ ਦੀ ਸੰਗਤ ਜਿਸ ਨੂੰ ਬਾਰ ਵਾਲੀ ਸੰਗਤ ਵੀ ਆਖਦੇ ਸਨ, ਦਾ ਅਥਾਹ ਪ੍ਰੇਮ ਵੇਖ ਕੇ ਸੱਚੇ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਸਾਲ ਵਿੱਚ ਇਕ ਦੋ ਵਾਰ ੨੭ ਚੱਕ ਜ਼ਰੂਰ ਜਾਇਆ ਕਰਦੇ ਸਨ ।

**ਬਾਰ ਵਾਲੀ ਸਿੱਖੀ ਦਾ ਪਾਲ ਸਿੰਘ ਥੰਮ ਸੀ । ਕਿਸੇ ਰਕਮ ਦੀ ਤਕਲੀਫ ਜਾਂ ਚਿੰਤਾ ਹੋਵੇ, ਪਾਤਸ਼ਾਹ ਦੇ ਬਚਨ ਸੁਣਾ ਕੇ ਕੈਮ ਕਰ ਦਿੰਦਾ ਸੀ ।**

**ਬਾਪੂ ਪਾਲ ਸਿੰਘ ਜੀ ਦੇ ਭਰਾ**

- **ਸ਼੍ਰੀ ਆਤਮਾ ਸਿੰਘ** : ਪੂਰਬਲਾ ਜਾਮਾ **ਭਗਤ ਧੰਨਾ**
- **ਸ਼੍ਰੀ ਸੁੰਦਰ ਸਿੰਘ** (ਸੁੰਦਰ ਸਿੰਘ ਦੇ ਸਪੁਤਰ **ਸ਼੍ਰੀ ਪ੍ਰੀਤਮ ਸਿੰਘ** - ਦੁਆਪਰ ਦਾ **ਬਿੱਪਰ ਸੁਦਾਮਾ**, ਕ੍ਰਿਸ਼ਨ ਮਹਾਰਾਜ ਦਾ ਪਿਆਰਾ ਸਖਾ)
- **ਸ਼੍ਰੀ ਜੀਵਨ ਸਿੰਘ**

**ਬਾਪੂ ਪਾਲ ਸਿੰਘ ਜੀ ਦੀ ਸੰਤਾਨ**

- **ਸ਼੍ਰੀ ਪੂਰਨ ਸਿੰਘ**
- **ਸ਼੍ਰੀ ਹਰਨਾਮ ਸਿੰਘ**
- **ਸ਼੍ਰੀ ਗੁਰਬਖਸ਼ ਸਿੰਘ**

**੨੪ ਚੇਤ ੧੯੯੮ ਬਿਕ੍ਰਮੀ** ਨੂੰ ਸ਼ਰੀਰ ਛਡਿਆ ਅਤੇ **ਬ੍ਰਹਮਾ ਦੀ ਪਦਵੀ ਮਿਲੀ (੬ ਅਪ੍ਰੈਲ ੧੯੪੧ ਈਸਵੀ)**

ਪਾਲ ਸਿੰਘ ਕਲਜੁਗ ਵਡ ਹੰਸ । ਕਰ ਸੇਵਾ ਨਿਹਕਲੰਕ ਤਾਰਿਆ ਸਰਬ ਬੰਸ । ਜੋਤ ਜਗਾਈ ਪ੍ਰਭ ਏਕਾ ਅੰਕ । ਭਗਤ ਵਡਾਏ ਤੇਰੀ ਅੰਸ । ਮਹਾਰਾਜ ਸ਼ੇਰ ਸਿੰਘ ਸੁਹਾਏ ਤੇਰੇ ਬੰਕ । ਸਿਖ ਉਪਜਾਏ ਵਿਚ ਸਹੰਸ । ਸਾਚੀ ਸੇਵਾ ਸਾਚਾ ਫਲ ਪਾਇਆ । ਅੰਤਕਾਲ ਪ੍ਰਭ ਦੇ ਦਰਸ, **ਚਵ੍ਹੀ ਚੇਤ ਉੱਨੀ ਸੌ ਅਠਾਨਵੇ ਬਿਕ੍ਰਮੀ ਵਿਚ ਜੋਤੀ ਜੋਤ ਮਿਲਾਇਆ । ਬ੍ਰਹਮਾ ਗਵਾਏ ਮਾਣ, ਪ੍ਰਭ ਬ੍ਰਹਮਲੋਕ ਬਹਾਇਆ ।** ਸਾਚੀ ਸੇਵ ਭਗਤ ਭਗਵਾਨ ਦੇ, ਪ੍ਰਭ ਸਾਚੇ ਧਾਮ ਬਠਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੰਡ ਬ੍ਰਹਿਮੰਡ ਉਲਟਾਇਆ ।

(੧੪ ਸਾਵਣ ੨੦੦੮ ਬਿਕ੍ਰਮੀ)

ਪਾਲ ਸਿੰਘ ਦੇ ਦੇਹਾਂਤ ਸਮੇਂ ਉਨ੍ਹਾਂ ਦੇ ਵੱਡੇ ਸਪੁੱਤਰ ਸ਼੍ਰੀ ਪੂਰਨ ਸਿੰਘ ਸਿਆਲਕੋਟ ਆਪਣੀ ਫੌਜੀ ਡਯੂਟੀ ਕਰ ਰਹੇ ਸਨ ਅਤੇ ਉਹ ਕਿਸੇ ਕਾਰਜ-ਵਸ਼ ਪਾਲ ਸਿੰਘ ਦੇ ਸਸਕਾਰ ਤੋਂ ਇਕ ਅੱਧਾ ਦਿਨ ਮਗਰੋਂ ਸਤਾਈ ਚੱਕ ਪੁੱਜੇ । ਉਸ ਸਮੇਂ ਦੀ ਪ੍ਰਚਲਤ ਰੀਤੀ ਮੁਤਾਬਕ ਸ਼੍ਰੀ ਪੂਰਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਵਾ ਕੇ ਪਾਲ ਸਿੰਘ ਦੇ ਨਵਿੱਤ ਕਪੜੇ ਅਤੇ

ਬਰਤਨ ਗੁਰੂਦਵਾਰੇ ਦੇ ਭਾਈ ਨੂੰ ਦੇ ਦਿਤੇ । ਪਾਲ ਸਿੰਘ ਦੀ ਮਿਰਤੂ ਦੀ ਖਬਰ ਸੁਣ ਕੇ ਮਹਾਰਾਜ ਸ਼ੇਰ ਸਿੰਘ ਜਦ ੨੭ ਚੱਕ ਗਏ ਤਾਂ ਓਥੇ ਦੀ ਸਾਰੀ ਸੰਗਤ ਸੱਚੇ ਪਾਤਸ਼ਾਹ ਜੀ ਨੂੰ ਲੈਣ ਗਈ । ਜਦ ਸੱਚੇ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਟਾਂਗੇ ਵਿੱਚੋਂ ਉਤਰੇ ਤਾਂ ਉਨ੍ਹਾਂ ਚਾਰ ਪੰਜ ਬਾਰ ਇਹ ਬਚਨ ਕੀਤਾ ਕਿ ਧੰਨ ਪਾਲ ਸਿੰਘ, ਉਹ ਸਾਡਾ ਕਿੱਡਾ ਮਹਾਨ ਸਿਖ ਸੀ । ਟਾਂਗੇ ਤੋਂ ਉਤਰਨ ਤੇ ਬਾਰ ਵਾਲੀ ਸੰਗਤ ਮਹਾਰਾਜ ਸ਼ੇਰ ਸਿੰਘ ਨੂੰ ਨਿਮਸਕਾਰ ਕਰਕੇ ਉਨ੍ਹਾਂ ਦੀਆਂ ਪਰਕਰਮਾਂ ਕਰਨ ਲੱਗ ਪਈ ਅਤੇ ਸ੍ਰੀ ਪੂਰਨ ਸਿੰਘ ਮਹਾਰਾਜ ਸ਼ੇਰ ਸਿੰਘ ਨੂੰ ਨਿਮਸਕਾਰ ਕਰਕੇ ਬੇਨਤੀ ਕਰਨ ਲੱਗੇ-ਸੱਚੇ ਪਾਤਸ਼ਾਹ ਜੀਉ, ਅਸੀਂ ਆਪ ਨੂੰ ਬਾਪੂ ਪਾਲ ਸਿੰਘ ਦੀ ਮਿਰਤੂ ਦੀ ਖਬਰ ਸਮੇਂ ਸਿਰ ਨਾ ਦੇ ਸਕਣ ਦੀ ਮਾਫੀ ਮੰਗਦੇ ਹਾਂ । ਅਸਾਂ ਅਖੰਡ ਪਾਠ ਕਰਵਾ ਕੇ ਉਨ੍ਹਾਂ ਦੇ ਨਵਿਤ ਕਪੜੇ ਅਤੇ ਬਰਤਨ ਗੁਰੂਦਵਾਰੇ ਦੇ ਦਿੱਤੇ ਹਨ । ਇਹ ਬਚਨ ਸੁਣ ਕੇ ਸੱਚੇ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਨਾਰਾਜ਼ ਹੋ ਕੇ ਆਖਦੇ ਹਨ ਕਿ ਪਾਲ ਸਿੰਘ ਸਾਡਾ ਇਕ **ਸ਼੍ਰੋਮਣੀ ਸਿੱਖ ਹੋਵੇ ਤੇ ਤੁਸੀਂ ਉਸ ਦੇ ਕਪੜੇ ਤੇ ਬਰਤਨ ਕੁੱਤੇ ਭਾਈ ਨੂੰ ਦੇ ਦਿਉ ?** ਜਦ ਮਹਾਰਾਜ ਸ਼ੇਰ ਸਿੰਘ ਇਹ ਬਚਨ ਆਖਣ, ਤਦ ਹੀ ਸ੍ਰੀ ਪੂਰਨ ਸਿੰਘ ਸੱਚੇ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਤੋਂ ਭੁਲ ਬਖਸ਼ਾਈ ਤੇ ਖਿਮਾਂ ਮੰਗੀ ।

**ਬਾਪੂ ਪਾਲ ਸਿੰਘ ਦੀ ਦੇਹ ਤਜਣ ਤੋਂ ਦੋ ਢਾਈ ਸਾਲ ਬਾਦ ਮਹਾਰਾਜ ਸ਼ੇਰ ਸਿੰਘ ਨੇ ਦੇਹ ਤਜ ਕੇ ਆਪਣੀ ਜੋਤ ਸ੍ਰੀ ਪੂਰਨ ਸਿੰਘ ਸਪੁੱਤਰ ਪਾਲ ਸਿੰਘ ਵਿਚ ਧਰ ਕੇ ਇਹ ਭੇਦ ਖੋਲਿਆ ਸੀ ਅਸਾਂ ਪਾਲ ਸਿੰਘ ਨੂੰ ਬ੍ਰਹਮਾਂ ਦੀ ਪਦਵੀ ਦਾ ਮਾਣ ਬਖਸ਼ਿਸ਼ ਕੀਤਾ ਹੈ । ੨੭ ਚੱਕ ਵਿਖੇ ਪਾਲ ਸਿੰਘ ਦੇ ਸਸਕਾਰ ਵਾਲੀ ਥਾਂ ਤੇ ਮਹਾਰਾਜ ਪੂਰਨ ਸਿੰਘ ਨੇ ੧੭ ਦਿਨ ਵਿਚ, ਵੀਹ ਸੌ ਇਕ ਬਿਕ੍ਰਮੀ ਵਿਚ ਧਾਮ ਬਣਵਾਇਆ ਸੀ ।**

ਬਣਤ ਬਣਾਈ ਜਗਤ ਗੁਰ । ਮੇਲ ਮਿਲਾਇਆ ਲਿਖਿਆ ਧੁਰ । ਪ੍ਰਭ ਦਰਸ਼ਨ ਕੋ ਲੋਚਨ ਸੁਰ । ਗੁਰਸੰਗਤ ਹਰਿ ਸਾਚਾ ਸੰਗ ਰਲਾ ਕੇ । **ਚਰਨ ਛੁਹਾਏ ਸਿੰਘ ਪਾਲ ਤੇਰੇ ਘਰ ਜਾ ਕੇ ।** ਸਾਚੇ ਦਰਬਾਰ ਜਾਏ ਬੈਠੇ ਜੋਤ ਜਗਾ ਕੇ । ਜੋ ਬਣਾਇਆ ਵਿਚ ਮਾਤ ਆਪਣੀ ਦੇਹ ਤਜਾ ਕੇ । ਜੋਤ ਧਰਾਈ ਪ੍ਰਭ ਅਬਿਨਾਸ਼ੀ ਸਿੰਘ ਪੂਰਨ ਵਿਚ ਜਾ ਕੇ । ਸਾਧਸੰਗਤ ਹੁਕਮ ਸੁਣਾਏ, ਪ੍ਰਭ ਆਇਆ ਜੋਤ ਸਰੂਪੀ ਭੇਖ ਵਟਾ ਕੇ । ਗੁਰਸੰਗਤ ਬਲ ਬਲ ਜਾਈ ਦਰ ਦਰਬਾਰ ਬਣਾਇਆ, ਵੀਹ ਸੌ ਇਕ ਬਿਕ੍ਰਮੀ ਸਾਚੀ ਨੀਂਹ ਰਖਾ ਕੇ । **ਪ੍ਰਭ ਸਾਚਾ ਧਾਮ ਬਣਾਇਆ, ਦਿਵਸ ਸਤਾਰਾਂ ਸੇਵ ਕਰਾ ਕੇ ।** ਪ੍ਰੀਤਮ ਸਿੰਘ ਸਿੰਘ ਆਤਮ ਨਾਲ ਰਲਿਆ ਜੀਵਣ ਸਿੰਘ ਆ ਕੇ । ਸੋਹਣ ਸਿੰਘ ਚੱਕ ਛੱਬੀ ਵਿਚੋਂ ਸੇਵਾ ਕੀਤੀ ਆ ਕੇ । ਪਾਲ ਸਿੰਘ ਤੇਰੇ ਸੁਤ ਸਪੂਤ ਪ੍ਰਭ ਦਰ ਮੰਗੀ ਮੰਗ, ਚਰਨਕਵਲ ਸੀਸ ਝੁਕਾ ਕੇ । ਗੁਰਬਖ਼ਸ਼ ਸਿੰਘ ਹਰਨਾਮ ਸੇਵਾ ਕੀਤੀ ਮਨੋ ਲਗਾ ਕੇ । ਪੂਰਨ ਵਿਚ ਪਰਮੇਸ੍ਵਰ ਬੈਠਾ ਆਸਣ ਲਾ ਕੇ । ਸਿੰਘ ਗੁਰਬਖ਼ਸ਼ ਪਿੰਡ ਵਰਿਆਂ ਚੰਦੋਆ ਚੜ੍ਹਾਇਆ ਸਿਰ ਪੜਦਾ ਪਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਦਇਆ ਕਮਾ ਕੇ । ਪੰਜ ਰੁਪਏ ਗਿਆ ਭੇਟ ਚੜ੍ਹਾ ਕੇ, ਚੱਕ ਸਤਾਈ ਦੇਵੇ ਵਡਿਆਈ ਆਪਣਾ ਧਾਮ ਫੇਰ ਪ੍ਰਗਟਾ ਕੇ । ਆਪਣਾ ਧਾਮ ਫੇਰ ਪ੍ਰਗਟਾਵਣਾ । ਜੋਤ ਸਰੂਪੀ ਸਾਚਾ ਚਰਨ ਛੁਹਾਵਣਾ । ਸਾਚਾ ਵੇਲਾ ਵਕਤ ਫੇਰ ਲਿਆਵਣਾ । ਸਾਚਾ ਰੰਗ ਹਰਿ ਸਾਚੇ ਲਾਵਣਾ । **ਜਿਉਂ ਵੀਹ ਸੌ ਇਕ ਬਿਕ੍ਰਮੀ ਸਤਾਰਾਂ ਹਾੜ ਸਾਚਾ ਖੇਲ ਰਚਾਵਣਾ ।** ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚੇ ਪੁਰਲਾਇਲ ਸਾਚਾ ਧਾਮ ਫੇਰ ਸੁਹਾਵਣਾ ।

(੧੫ ਜੇਠ ੨੦੧੦ ਬਿਕ੍ਰਮੀ)

**ਮਾਤਾ : ਬਿਸ਼ਨ ਕੌਰ**

ਪੂਰਬਲਾ ਜਾਮਾ : **ਮਾਤਾ ਗੁਜਰੀ**

ਬਿਸ਼ਨ ਕੌਰ ਨਾਮ ਧਰ, ਸਿੰਘ ਪੂਰਨ ਕੁੱਖ ਸੁਹਾਈਆ । (੧੯ ਕੱਤਕ ੨੦੧੮ ਬਿਕ੍ਰਮੀ)

**ਜਿਥੇ ਮਾਤਾ ਗੁਜਰੀ ਦੀ ਧਾਰ ਬਿਸ਼ਨ ਕੌਰ ਖੜੀ,** ਬਿਨਾ ਭੁਜਾਂ ਤੋਂ ਭੁਜਾਂ ਉਠਾਈਆ ।

(੧੯ ਚੇਤ ਸ਼ਹਿਨਸ਼ਾਹੀ ਸੰਮਤ ੯)

**੯ ਮਾਘ ਸ਼ਹਿਨਸ਼ਾਹੀ ਸੰਮਤ ੮** – ਮਾਤਾ ਜੀ ਬਿਸ਼ਨ ਕੌਰ ਦਾ ਸਸਕਾਰ ਹੋਇਆ ।

## * ਮਹਾਰਾਜ ਪੂਰਨ ਸਿੰਘ ਜੀ ਦੇ ਮਹਲ ਅਤੇ ਸੰਤਾਨ *

**ਮਾਤਾ ਗੁਰਦੀਪ ਕੌਰ** :

੧. **ਅਮਰਜੀਤ ਸਿੰਘ**

ਪੂਰਬਲਾ ਜਾਮਾ :

- ਬਾਵਨ ਵੇਲੇ ਰਿਸ਼ੀ
- ਰਾਮ ਵੇਲੇ ਸਚਿਆਰਾ
- ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦੇ - ਅਜੀਤ ਸਿੰਘ

ਪੰਚਾਇਤੀ ਇੱਕੀ ਦੇ ਮੁਖੀਆ ਸਨ

**ਮਾਤਾ ਰਣਜੀਤ ਕੌਰ** -

੧. **ਸੁਰਜੀਤ ਸਿੰਘ**

ਪੂਰਬਲਾ ਜਾਮਾ :

- ਰਾਮ ਵੇਲੇ - ਅਤੀਤ
- ਮੋਹਣ ਸਿੰਘ : ਕਲਸੀਆਂ
- ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦੇ : ਜੁਝਾਰ ਸਿੰਘ

ਪੰਜਾਂ ਲਿਖਾਰੀਆਂ ਵਿਚੋਂ ਹਨ

੨. **ਜਗਦੀਸ਼ ਸਿੰਘ**

ਪੂਰਬਲਾ ਜਾਮਾ :

- ਰਾਮ ਵੇਲੇ - ਲਵ
- ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦੇ - ਜੋਰਾਵਰ ਸਿੰਘ
- ਬਾਬਾ ਸਾਵਣ ਸਿੰਘ ਬਿਆਸ ਵਾਲੇ

ਸ਼ੰਕਰ ਦੀ ਪਦਵੀ ਮਿਲੀ

੩. **ਮਨਜੀਤ ਸਿੰਘ**

ਪੂਰਬਲਾ ਜਾਮਾ :

- ਰਾਮ ਵੇਲੇ - ਕੁਸ਼
- ਹਰੀਚੰਦ ਭਗਤ
- ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦੇ - ਫਤੇ ਸਿੰਘ
- ਘੋੜਾ
- ਕਰਮਚੰਦ ਗਾਂਧੀ

ਇੰਦ੍ਰ ਦੀ ਪਦਵੀ ਮਿਲੀ

੪. **ਬਲਵਿੰਦਰ ਕੌਰ**

ਪੂਰਬਲਾ ਜਾਮਾ :

- ਰਾਮ ਵੇਲੇ - ਨੰਨ੍ਹੀ ਬੱਚੀ
- ਹਰਿਗੋਬਿੰਦ ਵੇਲੇ ਮੌਜੀ

੫. **ਦਵਿੰਦਰ ਕੌਰ** @ ਭੈਣ ਸੁਚੋ
ਪੂਰਬਲਾ ਜਾਮਾ :
- ਰਾਮ ਵੇਲੇ - ਨੰਨ੍ਹੀ ਬੱਚੀ
- ਬਾਵਨ ਵੇਲੇ ਪੰਜਵਾਂ ਭਾਈ ਦਾ ਲੇਖ

**ਹਰਿ ਬਾਣੀ ਵਿਚ ਔਣ ਵੇਲੇ ਚਾਰੇ ਜੁਗਾ (ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ ) ਦੇ ਨਾਮ ਅਜੀਤ ਸਿੰਘ, ਜੁਝਾਰ ਸਿੰਘ, ਜੋਰਾਵਰ ਸਿੰਘ, ਫਤੇ ਸਿੰਘ ਜੋ ਹੁਣ ਅਮਰਜੀਤ ਸਿੰਘ, ਸੁਰਜੀਤ ਸਿੰਘ, ਜਗਦੀਸ਼ ਸਿੰਘ, ਮਨਜੀਤ ਸਿੰਘ ਹਨ , ਦਾ ਵੇਰਵਾ ਹੈ ।**

ਨੌ ਗੁਰ ਨੌ ਦੁਆਰ, ਪੰਧ ਗਏ ਚੁਕਾਈਆ । ਜੋਤੀ ਮਿਲੇ ਜੋਤੀ ਧਾਰ, ਜੋਤੀ ਜੋਤ ਵਿਚ ਸਮਾਈਆ । ਪੁਰਖਅਕਾਲ ਭੇਵ ਨਿਆਰ, ਚਾਰੇ ਬਾਣੀ ਭੇਵ ਨਾ ਪਾਈਆ । ਸ਼ਾਹ ਪਾਤਸ਼ਾਹ ਹੋ ਤਿਆਰ, ਸ਼ਹਿਨਸ਼ਾਹ ਸਾਚੀ ਖੇਲ ਆਪ ਕਰਾਈਆ । ਸਾਚੇ ਤਖ਼ਤ ਬੈਠ ਆਪ ਨਿਰੰਕਾਰ, ਪੰਚਮ ਤਾਜ ਸੀਸ ਟਿਕਾਈਆ । ਥਿਰਘਰ ਵਿਚੋਂ ਸ਼ਬਦ ਦੁਲਾਰਾ ਸੁਤ ਲਿਆ ਉਠਾਲ, ਏਕਾ ਧੁਰ ਫ਼ਰਮਾਨਾ ਦਏ ਜਣਾਈਆ । ਗੁਜਰੀ ਘਰ ਨਾ ਜਨਮੇ ਬਣ ਕੇ ਲਾਲ, ਪੁਰਖਅਕਾਲ ਤੇਰਾ ਪਿਤਾ ਮਾਈਆ । ਤੇਰੀ ਜੋਤੀ ਬੇਮਿਸਾਲ, ਪਾਇਆ ਏਕਾ ਏਕ ਸੱਚਾ ਸ਼ਹਿਨਸ਼ਾਹੀਆ । ਤੇਰੇ ਫਲ ਲੱਗੇ ਡਾਲ, ਪੁਰਖਅਕਾਲ ਆਪ ਲਗਾਈਆ । ਚਾਰੇ ਜੁਗ ਤੇਰੇ ਚਰਨਾਂ ਹੇਠ ਵਗਾਏ ਧਾਰ, ਧਰਨੀ ਧਰਤ ਧਵਲ ਤੇਰਾ ਰਾਹ ਤਕਾਈਆ । ਤੇਰਾ ਕਰੇ ਸਚ ਪਿਆਰ, ਜੁਗਾ ਜੁਗੰਤਰ ਭੁਲ ਨਾ ਜਾਈਆ । **ਸਤਿਜੁਗ ਆਇਆ ਰੂਪ ਧਾਰ, ਸਿੰਘ ਅਜੀਤ ਨਾਉਂ ਰਖਾਈਆ । ਤ੍ਰੇਤਾ ਆਇਆ ਆਪਣੀ ਵਾਰ, ਜੁਝਾਰ ਝੂਝ ਝੂਝ ਧਰਤਮਾਤ ਪਿਆਸ ਬੁਝਾਈਆ । ਜੋਰਾਵਰ ਜਾਏ ਦਰ ਬਲਿਹਾਰ, ਦੁਆਪਰ ਤੇਰਾ ਕਰੇ ਹੌਲਾ ਪਿਛਲਾ ਭਾਰ, ਕਵਲ ਨੈਣ ਗਿਆ ਰਾਹ ਤਕਾਈਆ । ਕਲਜੁਗ ਕੂੜਾ ਕਰੇ ਖੁਆਰ, ਫਤਹ ਡੰਕਾ ਵੱਜੇ ਵਿਚ ਸੰਸਾਰ, ਸਿੰਘ ਫਤੇ ਇਕ ਗਜਾਈਆ ।** ਮੇਰਾ ਨਾਮ ਤੇਰੀ ਧਾਰ, ਤੇਰੀ ਧਾਰ ਮੇਰਾ ਪਿਆਰ, ਤੇਰੇ ਵਿਚ ਸਮਾਈਆ । ਮੇਰਾ ਰੂਪ ਅਗੰਮ ਅਪਾਰ, ਸੋ ਪੁਰਖ ਨਿਰੰਜਣ ਰਹਿਆ ਸਮਝਾਈਆ । ਹੰ ਰੂਪ ਸਰਬ ਸੰਸਾਰ, ਗੋਬਿੰਦ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਏਕਾ ਵਰ, ਆਪਣੀ ਕਰਨੀ ਆਪ ਸਮਝਾਈਆ ।

( ੨੬ ਪੋਹ ੨੦੧੭ ਬਿਕ੍ਰਮੀ )

ਕਲਜੁਗ ਵੇਲਾ ਅੰਤਮ ਆਉਣਾ, ਹਰਿ ਸਾਚਾ ਸਚ ਜਣਾਇੰਦਾ । ਨਿਹਕਲੰਕ ਕਲ ਜਾਮਾ ਪਾਉਣਾ, ਜਿਸ ਦੀ ਜ਼ਿਮਨੀ ਨਾ ਕੋਇ ਲਿਖਾਇੰਦਾ । ਪਿਛਲਾ ਲੇਖਾ ਸਰਬ ਮੁਕਾਉਣਾ, ਅਗੇ ਆਪਣਾ ਮਾਰਗ ਲਾਇੰਦਾ । ਗੋਬਿੰਦ ਮੇਲਾ ਮੇਲ ਮਿਲਾਉਣਾ, ਜਗਤ ਵਿਛੋੜਾ ਪੰਧ ਮੁਕਾਇੰਦਾ । **ਤੇਰੇ ਬੱਚੇ ਮਾਰ ਫੇਰ ਜਵਾਉਣਾ, ਜੀਵਣ ਜੁਗਤ ਇਕ ਸਮਝਾਇੰਦਾ ।** ਜੀਂਵਦਿਆਂ ਫਿਰ ਲੇਖੇ ਲਾਉਣਾ, ਸ਼ਬਦੀ ਰੰਗ ਰੰਗਾਇੰਦਾ । ਸ਼ਬਦੀ ਰੰਗ ਇਕ ਚੜ੍ਹਾਉਣਾ, ਉਤਰ ਕਦੇ ਨਾ ਜਾਇੰਦਾ । ਛੱਤੀ ਜੁਗ ਦਾ ਪੰਧ ਮੁਕਾਉਣਾ, ਨਾਨਕ ਲੇਖਾ ਪੂਰ ਕਰਾਇੰਦਾ । ਭਗਤਦੁਆਰਾ ਇਕ ਬਣਾਉਣਾ, ਜਿਸ ਦੁਆਰੇ ਭਗਵਨ ਸੋਭਾ ਪਾਇੰਦਾ । ਤੇਰੇ ਸੁਤ ਸਾਚੇ ਦਰ ਟਿਕਾਉਣਾ, ਉਪਰ ਆਪਣਾ ਖੇਲ ਕਰਾਇੰਦਾ । ਗੋਬਿੰਦ ਤੇਰੀ ਰਤ ਮਸਤਕ ਧਾਰ ਆਪ ਚੁਆਉਣਾ, ਤ੍ਰੈਗੁਣ ਮਾਇਆ ਡੇਰਾ ਢਾਹਿੰਦਾ । ਗ਼ਰੀਬ ਨਿਮਾਣਿਆਂ ਗਲੇ ਲਗਾਉਣਾ, ਕੋਝਿਆਂ ਕਮਲਿਆਂ ਆਪਣਾ ਘਰ ਵਖਾਇੰਦਾ । ਰਾਤੀਂ ਸੁੱਤਿਆਂ ਦਰਸ ਦਿਖਾਉਣਾ, ਦਰ ਦਰ ਆਪ ਜਗਾਇੰਦਾ । ਸਰਸੇ ਵਿਛੜੇ ਮੇਲ ਮਿਲਾਉਣਾ, ਸੱਤਰਾਂ ਜੋੜ ਜੁੜਾਇੰਦਾ । ਭਰ ਪਿਆਲਾ ਅੰਮ੍ਰਿਤ ਜਾਮ ਅੰਮ੍ਰਿਤ ਆਤਮ ਆਪ ਪਿਆਉਣਾ, ਡੁਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਦੁਆਰਾ ਇਕ ਵਖਾਇੰਦਾ । (ਪਹਿਲੀ ਮਾਘ ੨੦੧੯ ਬਿਕ੍ਰਮੀ)

ਸੰਮਤ ਪੰਜ ਕਹੇ ਰਾਮ ਨੇ ਪਹਿਲਾ ਕਦਮ ਪੁਟਿਆ, ਪਟਨੇਵਾਲਾ ਨਜ਼ਰੀ ਆਈਆ । ਫੇਰ ਮੁੜਿਆ ਪੁੱਠਿਆ, ਸਾਢੇ ਤਿੰਨ ਕਦਮ ਪੰਧ ਮੁਕਾਈਆ । ਓਸ ਵੇਲੇ ਸਚ **ਪ੍ਰੇਮ ਵਿਚ ਨੰਨ੍ਹੀ ਬੱਚੀ ਫੜਿਆ ਗੁਟਿਆ, ਜਿਸ ਨੂੰ ਦਵਿੰਦਰ**

**ਕਹਿ ਕੇ ਨਾਮ ਲਿਆ ਰਖਾਈਆ । ਬਲਵਿੰਦਰ ਫੜ ਕੇ ਹੱਥ ਦੀ ਮੁਠਿਆ, ਉਂਗਲਾਂ ਲਈਆਂ ਦਬਾਈਆ ।** ਸਾਨੂੰ ਦੇਦੇ ਕੁਛਿਆ, ਮਿਹਰ ਨਜ਼ਰ ਉਠਾਈਆ । ਰਾਮ ਕਿਹਾ ਮੇਰੇ ਪੁੱਤਿਆ, ਤੁਹਾਡਾ ਰਾਮ ਹੋਵੇ ਸਹਾਈਆ । ਫੜ ਕੇ ਗੋਬਿੰਦ ਚੁੱਕਿਆ, ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਮੈਂ ਵੇਖਿਆ ਖੇਲ ਅਪਾਰਾ, ਅਪਰੰਪਰ ਦਿਆਂ ਜਣਾਈਆ । ਜਿਸ ਵੇਲੇ ਰਾਮ ਨੇ ਪਿਛਾ ਪਰਤਿਆ ਦੁਬਾਰਾ, ਆਪਣਾ ਮੁਖ ਭਵਾਈਆ । **ਓਸ ਵੇਲੇ ਜੋ ਧਰਮ ਦੀ ਧਾਰ ਹੁੰਦਾ ਸੀ ਸਚਿਆਰਾ,** ਬ੍ਰਹਮ ਵਿਦਿਆ ਵਿਚ ਚਤੁਰਾਈਆ । ਓਸ ਕਰਕੇ ਨਿਮਸਕਾਰਾ, ਸੀਸ ਦਿਤਾ ਨਿਵਾਈਆ । ਰਾਮ ਆਹ ਵੇਖ ਰੌਂਦੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਰਾਮ ਨੇ ਕੀਤਾ ਅਗੰਮ ਇਸ਼ਾਰਾ, ਅੰਦਰੇ ਅੰਦਰ ਦਿਤਾ ਜਣਾਈਆ । ਸਭ ਦਾ ਮਾਲਕ ਏਕੰਕਾਰਾ, ਇਕ ਇਕੱਲਾ ਸੋਭਾ ਪਾਈਆ । ਜੋ ਕਲ ਕਲਕੀ ਲਏ ਅਵਤਾਰਾ, ਨਿਹਕਲੰਕਾ ਨਾਉਂ ਰਖਾਈਆ । ਓਹ ਤੁਹਾਡਾ ਬਣੇ ਸਹਾਰਾ, ਸਿਰ ਆਪਣਾ ਹੱਥ ਰਖਾਈਆ । **ਏਸੇ ਕਾਰਨ ਅਮਰਜੀਤ ਹੋਇਆ ਦੁਲਾਰਾ,** ਗੋਬਿੰਦ ਮੇਲਾ ਸਹਿਜ ਸੁਭਾਈਆ । ਓਸ ਵੇਲੇ ਇਹਦੀਆਂ ਹੁੰਦੀਆਂ ਸੀ **ਦੋ ਨਾਰਾਂ, ਜਗੀਰ ਕੌਰ ਮਨਜੀਤ ਰੂਪ ਵਟਾਈਆ ।** ਇਹਨਾਂ ਸਮਝਿਆ ਨਾ ਕੋਇ ਇਸ਼ਾਰਾ, ਸੀਸ ਜਗਦੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਰਾਮ ਕਿਹਾ ਸਾਡਾ ਕਰ ਸ਼ੁਕਰ, ਸ਼ੁਕਰਾਨਾ ਧੁਰਦਰਗਾਹੀਆ । ਜਿਸ ਨੇ ਆਪਣੀ ਧਾਰੋਂ ਆਉਣਾ ਉਤਰ, ਉੱਤਰ ਪੂਰਬ ਪੱਛਮ ਦੱਖਣ ਨਜ਼ਰ ਕਿਸੇ ਨਾ ਆਈਆ । ਉਸ ਦਾ ਗੋਬਿੰਦ ਹੋਣਾ ਪੁਤ੍ਰ, ਸੂਰਬੀਰ ਵਡਿਆਈਆ । ਸਭ ਨੂੰ ਆਏ ਗੋਦੀ ਚੁੱਕਣ, ਆਪਣਾ ਫੇਰਾ ਪਾਈਆ । ਜਿਸ ਵੇਲੇ ਕਲਜੁਗ ਪੈਂਡਾ ਹੋਵੇ ਮੁਕਣ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਜਿਸ ਵੇਲੇ ਰਾਮ ਨੇ ਕਦਮ ਅਗੇ ਲਏ ਨੌਂ, ਪੈਰ ਪੈਰ ਨਾਲ ਬਦਲਾਈਆ । ਫੇਰ ਪਿਛਾ ਵੇਖਿਆ ਭੌਂ, ਨੈਣ ਨੈਣ ਆਪ ਉਠਾਈਆ । ਅੰਤਰ ਅੰਤਰ ਆਇਆ ਚਾਓ, ਖ਼ੁਸ਼ੀ ਖ਼ੁਸ਼ੀ ਵਿਚੋਂ ਪ੍ਰਗਟਾਈਆ । ਸਾਰੇ ਪ੍ਰਭ ਦੇ ਢੋਲੇ ਗਾਓ, ਸੋਹਣਾ ਰਾਗ ਅਲਾਈਆ । ਘਰਾਂ ਨੂੰ ਜਾਣਾ ਨਾਲ ਚਾਓ, ਗ਼ਮੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਓਸ ਵੇਲੇ **ਅਜੁਧਿਆ** ਵਿਚ ਇਕ ਹੁੰਦਾ ਸੀ **ਅਤੀਤ,** ਤ੍ਰੈਗੁਣ ਦਾ ਡੇਰਾ ਢਾਹੀਆ । ਰਾਮ ਨਾਲ ਓਸ ਦੀ ਪ੍ਰੀਤ, ਤਿੰਨ ਵੇਰਾਂ ਰੋਜ ਮਿਲ ਕੇ ਝਟ ਲੰਘਾਈਆ । ਰਾਮ ਹੱਥ ਰਖ ਕੇ ਸੀਸ, ਸਿਰ ਛਾਤੀ ਨਾਲ ਟਿਕਾਈਆ । ਖ਼ੁਸ਼ੀ ਨਾਲ ਕਿਹਾ ਮੈਂ ਕਰਾਂ ਬਖ਼ਸ਼ੀਸ਼, ਰਹਮਤ ਝੋਲੀ ਪਾਈਆ । ਜਿਸ ਵੇਲੇ ਮੇਰਾ ਰਾਮ ਆਵੇ ਜਗਦੀਸ, ਲੋਕਮਾਤ ਵੇਸ ਵਟਾਈਆ । ਗੋਬਿੰਦਧਾਰ ਬਦਲ ਕੇ ਰੀਤ, ਲੇਖਾ ਜਾਣੇ ਥਾਉਂ ਥਾਈਆ । **ਤੇਰਾ ਨਾਉਂ ਹੋਵੇ ਸੁਰਜੀਤ,** ਸਿੰਘਸਾਹਿਬ ਦੇਵੇ ਸਰਣਾਈਆ । ਕਿਸੇ ਕੋਲੋਂ ਮੰਗਣੀ ਨਾ ਪਏ ਭੀਖ, ਮਿਹਰ ਨਜ਼ਰ ਇਕ ਉਠਾਈਆ । ਫੇਰ ਰਾਮ ਨੇ ਨਿਗਾਹ ਮਾਰ ਕੇ ਕਿਹਾ ਮੈਂ ਕਰਾਂ ਤਸਦੀਕ, ਸ਼ਹਾਦਤ ਇਕ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਰਾਮ ਨੇ ਕਿਹਾ ਤੇਰਾ ਲਹਿਣਾ ਮੇਰਾ ਉਧਾਰ, ਸਚ ਦਿਆਂ ਜਣਾਈਆ । **ਤੇਰਾ ਨਾਮ ਹੋਣਾ ਜੁਝਾਰ,** ਜੂਝ ਕੇ ਦੇਣਾ ਵਖਾਈਆ । ਫੇਰ ਪੁਰਖਅਕਾਲ ਪਾਵੇ ਸਾਰ, ਦੀਨਦਿਆਲ ਦਇਆ ਕਮਾਈਆ । ਮਾਤਲੋਕ ਕਰ ਉਜਿਆਰ, ਸਿਰ ਆਪਣਾ ਹੱਥ ਟਿਕਾਈਆ । ਪਿਛਲਾ ਲੇਖਾ ਲੈ ਵਿਚਾਰ, ਜੁਗ ਚੌਕੜੀ ਖੋਜ ਖੁਜਾਈਆ । ਬਲ ਬਾਵਨ ਪਾਵੇ ਸਾਰ, ਸਤਿਜੁਗ ਆਪਣਾ ਰੰਗ ਰੰਗਾਈਆ । ਜਿਸ ਕੰਨਿਆ ਕੀਤਾ ਪਿਆਰ, ਭੋਜਨ ਭਾਵ ਵਿਚ ਵਡਿਆਈਆ । ਉਸ ਦਾ ਲੇਖਾ ਤੇਰੇ ਨਾਲ ਸੰਸਾਰ, ਨਾਤਾ ਮੇਲੇ ਸਹਿਜ ਸੁਭਾਈਆ । **ਏਸੇ ਕਾਰਨ ਗੁਰਦਰਸ਼ਨ ਬਣੀ ਧਰਮ ਦੀ ਨਾਰ,** ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਰੰਗ ਰੰਗਾਈਆ । (੧੪ ਜੇਠ ਸ਼ਹਿਨਸ਼ਾਹੀ ਸੰਮਤ ੫ )

ਸਾਚਾ ਹੁਕਮ ਦੇਵੇ ਨਿਰੰਕਾਰ, ਅੰਤਰ ਅੰਤਰ ਆਪ ਸੁਣਾਈਆ । ਤ੍ਰੇਤਾ ਦੁਆਪਰ ਬੀਤੇ ਵਿਚ ਸੰਸਾਰ, ਕਲਜੁਗ ਲਹਿਣਾ ਝੋਲੀ ਪਾਈਆ । **ਲਵ ਕੁਸ਼ ਦਾ ਕਰ ਆਧਾਰ, ਗੋਬਿੰਦ ਗੋਦ ਸੁਹਾਈਆ । ਨੀਂਹਾਂ ਹੇਠ ਏਨ੍ਹਾਂ ਸੁਆਲ, ਕੂੜੀ ਜੜ ਉਖੜਾਈਆ ।** ਅੰਤਮ ਦੀਆ ਦੀਪਕ ਇਕੋ ਬਾਲ, ਜੋਤੀ ਜੋਤ ਕਰੇ ਰੁਸ਼ਨਾਈਆ ।

( ੪ ਅੱਸੂ ੨੦੨੧ ਬਿਕ੍ਰਮੀ)

ਬਲਗਾਰੀਆ ਕਹੇ ਮੈਂ ਦੱਸਾਂ ਆਪਣੀ ਕਹਾਣੀ, ਕਹਾਵਤ ਵਿਚ ਸੁਣਾਈਆ । ਮੇਰੀ ਧਾਰ ਜਿਮੀ ਮੇਰਾ ਨੂਰ ਅਸਮਾਨੀ, ਮਿਲ ਕੇ ਵੱਜੇ ਵਧਾਈਆ । ਮੇਰਾ ਤਤ ਨਹੀਂ ਜਿਸਮਾਨੀ, ਜਮੀਰ ਜਗਤ ਨਾ ਕੋਇ ਰਖਾਈਆ । ਜਿਸ ਵੇਲੇ ਬਲ ਦੁਆਰ ਅਸ਼੍ਵਮੇਧ ਯੱਗ ਪੱਕਾ ਪਕਵਾਨੀ, ਪੱਕਾ ਕੱਚਾ ਸੋਭਾ ਪਾਈਆ । ਮੇਰੀ ਧਰਤੀ ਵਿਚੋਂ ਗਿਆ ਸੀ ਫਲ ਨਾਂ ਨਿਧਾਨੀ, ਜਿਸ ਦਾ ਖੱਟਾ ਮਿੱਠਾ ਰਸ ਵਖਾਈਆ । ਉਸ ਫਲ ਵਿਚੋਂ ਬਾਵਨ ਦੀ ਭੇਟਾ ਕੀਤਾ ਬਲ ਕਿਹਾ ਖਾਹ ਮੇਰੀ ਮਿਹਮਾਨੀ, ਆਪਣੇ ਮੁਖ ਲਗਾਈਆ । ਬਾਵਨ ਕਿਹਾ ਮੈਂ ਨਹੀਂ ਖਾਣਾ ਅੰਨ ਪੀਣਾ ਨਹੀਂ ਪਾਣੀ, ਰਸਨਾ ਰਸ ਨਾ ਕੋਇ ਬਣਾਈਆ । ਉਠ ਵੇਖ ਤੈਨੂੰ ਸੁਣਾਵਾਂ ਭਵਿਖਤ ਬਾਣੀ, ਬਾਣ ਅਣਿਆਲਾ ਇਕ ਚਲਾਈਆ । ਜਿਸ ਵੇਲੇ ਸ਼ਹਿਨਸ਼ਾਹ ਸ਼ਾਹ ਆਵੇ ਸੁਲਤਾਨੀ, ਪਾਤਸ਼ਾਹ ਬੇਪਰਵਾਹੀਆ । ਉਸ ਵੇਲੇ ਇਹ ਜੂਹ ਹੋਣੀ ਬੇਗਾਨੀ, ਫਲ ਭੇਟ ਨਾ ਕੋਇ ਕਰਾਈਆ । ਉਸ ਵਕਤ ਉਹ ਖੇਲ ਕਰੇ ਮਹਾਨੀ, ਮਿਹਰਵਾਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਇਕ ਰੰਗਾਈਆ । ਝਟ ਬਾਵਨ ਦੋ ਜਹਾਨਾਂ ਲਿਆ ਤੱਕ, ਸਭਾ ਬਲ ਵਾਲੀ ਵੇਖ ਵਖਾਈਆ । ਫੇਰ ਤੱਕਿਆ ਕਿਸ ਦਾ ਹਕ, ਹਕੀਕਤ ਖੋਜ ਖੁਜਾਈਆ । ਉਧਰੋਂ ਦਾਸੀ ਆਈ ਨੱਠ, ਗੋਲੀ ਭੱਜੀ ਚਾਈਂ ਚਾਈਆ । ਛੋਟੇ ਬੱਚੇ ਕੀਤਾ ਹੱਠ, ਰਸ ਮੈਨੂੰ ਦੇ ਖਵਾਈਆ । ਉਧਰੋਂ ਆ ਗਿਆ ਯੋਧਾ ਨਾਯੂ ਇਕ ਸਮਰਠ, ਬਲਖ ਨਗਰੀ ਸੋਭਾ ਪਾਈਆ । ਇਕ ਰਿਸ਼ੀ ਆ ਗਿਆ ਪ੍ਰੇਮ ਦੀ ਲਾਉਂਦਾ ਰਟ, ਰਸਨਾ ਢੋਲਾ ਗਾਈਆ । **ਅਮਰਜੀਤ ਸਿੰਘ ਉਸੇ ਰਿਸ਼ੀ ਦਾ ਰੂਪ ਸਚ, ਸਚ ਸਚ ਰੰਗ ਰੰਗਾਈਆ । ਸਮਰਠ ਕਪੂਰ ਸਿੰਘ** ਜਨਮ ਆਇਆ ਪਲਟ, ਪਲਟਾ ਚੌਥੇ ਜੁਗ ਖਾਈਆ । **ਦਾਸੀ ਤ੍ਰਿਪਤ** ਹੋਈ ਵਸ, **ਨੰਨ੍ਹਾ ਬੱਚਾ ਜੁਗਿੰਦਰ** ਵੱਜੀ ਵਧਾਈਆ । **ਦਰਸ਼ਨ ਸਿੰਘ ਰਾਜੇ ਬਲ ਦਾ ਸੀ ਸਮਸ**, ਸਮੱਸਿਆ ਸਾਰੀ ਹੱਲ ਕਰਾਈਆ । **ਨਾਜਰ ਸਿੰਘ ਇਸ ਜਨਮ ਦਾ ਲਹਿਣਾ ਗੁਰਦਿਆਲ ਸਿੰਘ ਦੇ ਮਿਲਿਆ ਵਿਚੋਂ ਹੱਟ**, ਗੋਬਿੰਦ ਮੇਲਾ ਸਹਿਜ ਸੁਭਾਈਆ । **ਦਵਿੰਦਰ ਬਿਰਧ** ਅਵਸਥਾ ਬਾਵਨ ਦਰਸ ਪਾਇਆ ਸੀ ਹੱਸ, ਦੂਰ ਦੁਰਾਡੀ ਸੀਸ ਨਿਵਾਈਆ । ਉਸ ਇਸ਼ਾਰਾ ਕੀਤਾ ਅੱਖ, ਅੱਖੀਆਂ ਤੋਂ ਪਰੇ ਬੇਪਰਵਾਹੀਆ । ਤੇਰਾ ਮੇਲਾ ਕਲਜੁਗ ਨਾਲ ਪੁਰਖ ਸਮਰਥ, ਪਤਿਪਰਮੇਸ਼ੂਰ ਵੇਖ ਵਖਾਈਆ । ਨਾਰਦ ਕਹੇ ਮੈਂ ਪਹਿਲੋਂ ਨਾ ਮੰਨਿਆ ਸਚ, ਸਚ ਦਿਆਂ ਸੁਣਾਈਆ । ਮੈਂ ਚਾਰ ਜੁਗ ਭੱਜਾ ਨੱਠਾ ਬਚ ਬਚ, ਆਪਣਾ ਭੇਵ ਨਾ ਕਿਸੇ ਸਮਝਾਈਆ । ਸਦੀ ਚੌਧਵੀਂ ਹੁਣ ਖ਼ੁਸ਼ੀਆਂ ਵਿਚ ਰਹਿਆ ਹੱਸ, ਹੱਸ ਕੇ ਦਿਆਂ ਸੁਣਾਈਆ । ਜਿਸ ਕਲਜੁਗ ਮੇਟਣਾ ਅੰਧੇਰਾ ਮਸਿ, ਨਿਰਗੁਣ ਨੂਰ ਚੰਦ ਕਰੇ ਰੁਸ਼ਨਾਈਆ । ਸਤਾਰਾਂ ਭਾਦਰੋਂ ਆਪਣਾ ਆਪ ਰਤ, ਰੰਗਣ ਰੰਗਤ ਵਾਲੀ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਮੇਲ ਲਏ ਮਿਲਾਈਆ । (੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੮)

ਪੂਰਬ ਜਨਮ ਕਰਮ ਦਾ ਬੰਸ ਸੋਢੀ, ਹਰਿਗੋਬਿੰਦ ਰੰਗ ਰੰਗਾਈਆ । ਅੰਤਰਆਤਮ ਜਿਸ ਸੋਧੀ, ਵਦੀ ਸੁਦੀ ਦਾ ਡੇਰਾ ਢਾਹੀਆ । ਸਿਰ ਤੇ ਰਖਦਾ ਹੁੰਦਾ ਸੀ ਬੋਦੀ, ਉਂਗਲਾਂ ਨੌ ਨੌ ਲੰਬਾਈਆ । ਵੇਸ ਧਰਿਆ ਹੁੰਦਾ ਸੀ ਜੋਗੀ, ਬਸਤਰ ਗੇਰੂ ਰੰਗ ਛੁਹਾਈਆ । ਇਕ ਦਿਨ ਹਰਿਗੋਬਿੰਦ ਅਖਾੜੇ ਦੀ ਕਰਦਾ ਸੀ ਗੋਡੀ, ਆਪਣਾ ਬਲ ਵਧਾਈਆ । ਇਹ ਖੇਲ ਪ੍ਰੀਤਮ ਚੋਜੀ, ਖ਼ੁਸ਼ੀ ਨਾਲ ਵਖਾਈਆ । ਚੜ੍ਹਦਿਉਂ ਆ ਗਿਆ ਜਿਸ ਨਾਂ ਸੀ **ਮੌਜੀ**, ਖ਼ੁਸ਼ੀ ਵਿਚ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । ਮੌਜੀ ਆਇਆ ਵੇਖਣ ਹਰਿਗੋਬਿੰਦ ਬਲਵਾਨ, ਆਪਣਾ ਪੰਧ ਮੁਕਾਈਆ । ਸ਼ਰਾਰਤ ਵਿਚ ਬੜਾ ਹੁੰਦਾ ਸੀ ਸ਼ੈਤਾਨ, ਵੇਸ ਆਪਣਾ ਰੂਪ ਬਦਲਾਈਆ । ਨੇੜੇ ਆ ਕੇ ਕਪੜੇ ਪਾ ਕੇ ਕੰਨਿਆ ਬਣ ਗਿਆ ਨੌਜਵਾਨ, ਮੁਖ ਘੁੰਗਟ ਉਤੇ ਰਖਾਈਆ । ਕੋਲ ਆ ਕੇ ਬੋਲਿਆ ਨਹੀਂ ਨਾਲ ਜ਼ਬਾਨ, ਜ਼ੋਰ ਨਾਲ ਸੱਜੀ ਖੱਬੀ ਬਾਂਹ ਦਿਤੀ ਹਿਲਾਈਆ । ਹੌਲੀ ਹੌਲੀ ਲੱਗਾ ਗਾਣ, ਖ਼ੁਸ਼ੀਆਂ ਵਿਚ ਸੁਣਾਈਆ । ਜੇ ਹਰਿਗੋਬਿੰਦ ਬੜਾ ਜਵਾਨ, ਮੇਰਾ ਭੇਖ ਦਏ ਸਮਝਾਈਆ । ਅੰਦਰੇ ਅੰਦਰ ਕਰ ਧਿਆਨ, ਮਤਾ ਰਹਿਆ ਪਕਾਈਆ । ਝਟ ਹਰਿਗੋਬਿੰਦ ਪਹੁੰਚਿਆ ਕੋਲ ਆਣ, ਹੱਥ ਬੋਦੀ ਉਤੇ ਰਖਾਈਆ । ਕੀ ਸਤਿਗੁਰ ਨੂੰ ਸਮਝੇਂ ਅੰਞਾਣ, ਵੇਸ ਲੜਕੀਆਂ ਵਾਲਾ ਵਖਾਈਆ । ਅਗੇ ਨਿਗਾਹ ਮਾਰ ਧਿਆਨ, ਤੈਨੂੰ ਦਿਆਂ ਜਣਾਈਆ । ਤੈਨੂੰ ਜਰੂਰ ਕੰਨਿਆ ਬਣਨਾ ਪਏ ਧਰਤੀ ਉਤੇ ਨਿਸ਼ਾਨ, ਗੋਬਿੰਦ ਥਪਕੀ ਦਿਤੀ

ਲਗਾਈਆ । ਉਸ ਰੋ ਕੇ ਹੱਥ ਲਾਇਆ ਉਤੇ ਕਾਨ, ਵਾਸਤਾ ਦਿਤਾ ਪਾਈਆ । ਹਰਿਗੋਬਿੰਦ ਹੋ ਮਿਹਰਵਾਨ, ਮੇਰੀ ਭੁਲ ਦੇ ਬਖ਼ਸ਼ਾਈਆ । ਹਰਿਗੋਬਿੰਦ ਕਿਹਾ ਮੇਰਾ ਬਚਨ ਨਿਕਲਿਆ ਵਿਚੋਂ ਜ਼ਬਾਨ, ਨਾ ਕੋਇ ਮੇਟੇ ਮੇਟ ਮਿਟਾਈਆ । ਤੈਨੂੰ ਫੇਰ ਜਰੂਰ ਜਾਮਾ ਮਿਲੇ ਇਨਸਾਨ, ਕੰਨਿਆ ਵਾਲਾ ਰੂਪ ਧਰਾਈਆ । ਜਿਸ ਵੇਲੇ ਪਰਗਟ ਹੋਏ ਸ੍ਰੀ ਭਗਵਾਨ, ਜੋਤੀ ਜਾਤਾ ਅਗੰਮ ਅਥਾਹੀਆ । ਤੇਰਾ ਮੇਲਾ ਮੇਲੇ ਵਿਚ ਜਹਾਨ, ਜਹਾਲਤ ਕੂੜੀ ਅੰਦਰੋਂ ਬਾਹਰ ਕਢਾਈਆ । ਚਰਨਪ੍ਰੀਤੀ ਬਖ਼ਸ਼ ਕੇ ਦਾਨ, ਧੂੜੀ ਟਿੱਕਾ ਖ਼ਾਕ ਰਮਾਈਆ । ਜਨਮ ਜਨਮ ਵਿਚੋਂ ਕਰ ਪਰਵਾਨ, ਪਰਵਾਨਾ ਆਪਣਾ ਦਏ ਵਖਾਈਆ । ਇਹ ਖੇਲ ਹੋਣਾ ਮਹਾਨ, ਅਕਲਕਲਧਾਰੀ ਆਪ ਕਰਾਈਆ । ਬਿਨਾ ਨਿਗਾਹ ਤੋਂ ਵੇਖੇ ਮਾਰ ਧਿਆਨ, ਅੰਤਰ ਆਪਣਾ ਪੜਦਾ ਲਾਹੀਆ । ਜ਼ਿੰਦਗੀ ਵਿਚੋਂ ਜ਼ਿੰਦਗੀ ਬਖ਼ਸ਼ ਸ੍ਰੀ ਭਗਵਾਨ, ਭਾਗ ਅਗਲਾ ਦਏ ਬਣਾਈਆ । ਸੁਹਾਗ ਦਾ ਦੇ ਨਿਸ਼ਾਨ, ਕੰਨ ਬੁੰਦਿਆਂ ਨਾਲ ਵਡਿਆਈਆ । ਬੁੰਦਿਆਂ ਵਾਲੀ ਕੰਨਿਆ ਜਿਸ ਸ਼ਬਦ ਸੁਣਿਆ ਮਹਾਨ, ਅਗੰਮੀ ਰਾਗ ਅਲਾਹੀਆ । ਇਹ ਹਰਿਗੋਬਿੰਦ ਦੀ ਸੇਵਾ ਕਰਦੀ ਸੀ ਰੋਜ ਵਿਚ ਮਕਾਨ, ਨੌ ਵਾਰ ਦਿਨ ਵਿਚ ਝਾੜੂ ਫੇਰ ਕੇ ਆਪਣੀ ਖ਼ੁਸ਼ੀ ਬਣਾਈਆ । ਉਸ ਵੇਲੇ ਉਹ ਵੀ ਉਥੇ ਪਹੁੰਚੀ ਆਣ, ਜਿਥੇ ਹਰਿਗੋਬਿੰਦ ਖੇਲ ਰਹਿਆ ਕਰਾਈਆ । ਹੁਕਮ ਦਿਤਾ ਸੰਦੇਸ਼ਾ ਦਿਤਾ ਦੋਵੇਂ ਇਕ ਦੂਜੇ ਦੀ ਕਰੋ ਪਹਚਾਨ, ਹੱਥ ਕੰਨਾਂ ਉਤੇ ਰਖਾਈਆ । ਤੁਹਾਨੂੰ ਦੋਹਾਂ ਨੂੰ ਜਰੂਰ ਮਿਲੇ ਭਗਵਾਨ, ਜੋਤੀ ਜਾਤਾ ਅਗੰਮ ਅਥਾਹੀਆ । ਸਚ ਦੀ ਸਚ ਦੇਵੇ ਨਿਸ਼ਾਨ, ਮਿਹਰਵਾਨ ਹੋ ਸਹਾਈਆ । **ਬਲਵਿੰਦਰ ਰਾਜਿੰਦਰ ਹਰਜਿੰਦਰ** ਦੋ ਦਾ ਇਕ ਲੇਖਾ ਜੁੜਿਆ ਆਣ, ਸਿਰ ਆਪਣਾ ਹੱਥ ਟਿਕਾਈਆ । (੨੦ ਚੇਤ ਸ਼ਹਿਨਸ਼ਾਹੀ ਸੰਮਤ ੬)

ਬਾਵਨ ਕਿਹਾ ਮੇਰੀ ਖ਼ੁਸ਼ੀ ਨਾਲ ਬੁਝ ਗਈ ਪਿਆਸ, ਤ੍ਰਿਸਨਾ ਰਹੀ ਨਾ ਰਾਈਆ । ਨਿੱਕੇ ਬੱਚੇ ਅਗੇ ਹੋ ਗਏ ਪਾਸ, ਨੇੜੇ ਹੋ ਕੇ ਰਹੇ ਸੁਣਾਈਆ । ਸਾਨੂੰ ਪਿਆਉਣ ਦੀ ਬੁੱਢਿਆਂ ਨੂੰ ਚੰਗੀ ਜਾਚ, ਛਾਤੀ ਉਤੇ ਚੜ੍ਹ ਕੇ ਮੂੰਹ ਵਿਚ ਦਈਏ ਉਲਟਾਈਆ । ਨਾਲ ਕਰਨ ਹਾਸ ਬਿਲਾਸ, ਖ਼ੁਸ਼ੀਆਂ ਲਾਲ ਸੁਣਾਈਆ । ਬਾਵਨ ਕਿਹਾ ਸੁਣੋ ਬਾਤ, ਤੁਹਾਨੂੰ ਦਿਆਂ ਜਣਾਈਆ । ਜਿਸ ਵੇਲੇ ਕਲਜੁਗ ਆਵੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਂ ਆਵਾਂ ਤੁਹਾਡੇ ਪਾਸ, ਨਿਰਗੁਣ ਵੇਸ ਵਟਾਈਆ । ਕਿਸੇ ਲੱਭਾਂ ਨਾ ਉਤੇ ਆਕਾਸ਼, ਪ੍ਰਿਥਮੀ ਨਾ ਅੱਖ ਖੁਲਾਈਆ । ਸ਼ਬਦ ਸੰਦੇਸ਼ਾ ਦੇ ਕੇ ਦੱਸਾਂ ਤੁਹਾਨੂੰ ਜਾਚ, ਰਾਹ ਦਿਆਂ ਵਖਾਈਆ । ਤੁਸਾਂ ਆਟਾ ਗੁੰਨ੍ਹਣਾ ਵਿਚ ਪਰਾਤ, ਪਾਣੀ ਵਿਚ ਛੁਹਾਈਆ । **ਤੁਹਾਡੀ ਚਵ੍ਹਾਂ ਦੀ ਜਮਾਤ, ਸਹਿਜੇ ਦਿਆਂ ਰਲਾਈਆ । ਏਸੇ ਕਾਰਨ ਕਰਕੇ ਜਗਜੀਤ ਸੁਖਵੰਤ ਕਸ਼ਮੀਰ ਕੱਠੀਆਂ ਹੋਈਆਂ ਆਜ, ਪੰਜਵਾਂ ਭਾਈ ਦਵਿੰਦਰ ਨਿੱਕੀ ਨੰਨ੍ਹੀ ਬੱਚੀ ਨਜ਼ਰੀ ਆਈਆ ।** ਤੁਹਾਡਾ ਖਾਣਾ ਬੱਚਿਓ ਖਾਧਾ ਨਾਲ ਸਵਾਦ, ਇਹ ਵੀ ਰਵਿਦਾਸ ਦੀ ਵਡਿਆਈਆ । ਪਿਛਲਾ ਬਾਲਮੀਕ ਦਾ ਲਿਹਾਜ, ਜੋ ਨਾਤਾ ਰਹਿਆ ਜੁੜਾਈਆ । ਹੁਣ ਬੁੱਢਾ ਨਹੀਂ ਅਪਾਹਜ, ਰਾਜ ਦਰਬਾਰ ਨਾ ਕੋਇ ਵਖਾਈਆ । ਨਵੀਂ ਸਾਜਨ ਸਾਜ, ਭਗਵਨ ਭਗਤ ਰਹਿਆ ਬਣਾਈਆ । ਨਵੇਂ ਜੁਗ ਦਾ ਸਾਜਨ ਸਾਜ, ਸਤਿਜੁਗ ਬੂਟੇ ਰਹਿਆ ਲਗਾਈਆ । ਕਿਸੇ ਕਾਰਨ ਪੂਰਬ ਲੇਖੇ ਵਿਚੋਂ ਚੌਥੇ ਜੁਗ ਰਾਤ, ਰੈਣ ਭਿੰਨੜੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡੀ ਵੇਖ ਕੇ ਅਗੰਮੀ ਸੌਗ਼ਾਤ, ਆਪਣੀ ਝੋਲੀ ਪਾਈਆ । (੪ ਮਾਘ ਸ਼ਹਿਨਸ਼ਾਹੀ ਸੰਮਤ ੧ )

ਚਾਰ ਮਾਘ ਸੰਮਤ ਸ਼ਹਿਨਸ਼ਾਹੀ ਇਕ ਤੋਂ ਲੈ ਕੇ ਚਾਰ ਚੇਤ ਸੰਮਤ ਸ਼ਹਿਨਸ਼ਾਹੀ ਤਿੰਨ ਤੱਕ ਚੌਦਾਂ ਮਹੀਨੇ ਹਰਿਭਗਤ ਦੇ ਗ੍ਰਹਿ ਜਾ ਕੇ ਭੋਗ ਲਗਾਇਆ ਅਤੇ ਬਾਵਨ ਦਾ ਕੀਤਾ ਕੌਲ ਪੂਰ ਕਰਾਇਆ, ਜੇਹੜਾ ਬਲ ਸਮੇਂ ਓਸ ਨੇ **ਚਾਰ ਭੈਣਾਂ ਤੇ ਇਕ ਭਰਾ ਨੂੰ ਬਲ ਨਗਰੀ ਵਿਚ ਵਰ ਦਿਤਾ ਸੀ । ਜਿਨ੍ਹਾਂ ਦਾ ਹੁਣ ਜਨਮ ਦਾ ਨਾਮ ਗੁਰਦਰਸ਼ਨ ਕੌਰ, ਦਵਿੰਦਰ ਕੌਰ, ਕਸ਼ਮੀਰ ਕੌਰ, ਜਗਜੀਤ ਕੌਰ, ਸੁਖਵੰਤ ਕੌਰ ਹਨ ।**

ਚੰਦੋਆ ਕਹੇ ਮੇਰੇ ਸਾਹਿਬ ਸਤਿਗੁਰ ਮਹਾਰਾਜ, ਸ਼ਹਿਨਸ਼ਾਹ ਤੇਰੀ ਸਰਣਾਈਆ । **ਇਕੀਵੀਂ ਦਸਤਾਰ ਅਮਰਜੀਤ ਸਿੰਘ ਦੇ ਸਿਰ ਤੇ ਰਖ ਦੇ ਤਾਜ, ਤਖ਼ਤ ਨਿਵਾਸੀ ਦਇਆ ਕਮਾਈਆ । ਤੇਰਾ ਸਤਿਜੁਗ ਦਾ ਬਣੇ ਸਮਾਜ, ਸਾਮਗ੍ਰੀ ਇਕ ਵਰਤਾਈਆ । ਜੇਹੜਾ ਝਗੜਾ ਪਏ ਕੋਈ ਨਾ ਬਾਦ, ਬਾਦ ਦਾ ਲੇਖਾ ਦੇਣਾ**

**ਗਵਾਈਆ ।** ਮੰਗੂਪੁਰੋਂ ਜੋ ਆਈ ਸੁਗਾਤ, ਮਨਜੀਤ ਭੱਜੀ ਚਾਈਂ ਚਾਈਆ । ਇਹ ਸ਼ਬਦ ਗੁਰੂ ਵਜਾਏ ਨਾਦ, ਸੰਦੇਸ਼ਾ ਆਇਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਇਕ ਵਖਾਈਆ । ਚੰਦੋਆ ਕਹੇ ਇੱਕੀ ਗੁਰਮੁਖੋ ਸਤਿਗੁਰ ਬਣਨ ਦੀ ਰਖਣੀ ਕਦੇ ਨਹੀਂ ਆਸ, ਭਗਵਨ ਰੂਪ ਨਾ ਕੋਇ ਬਣਾਈਆ । ਇਕੋ ਸ਼ਬਦ ਗੁਰਦੇਵ ਸਭ ਦੇ ਵਸੇ ਪਾਸ, ਮਾਲਕ ਹਰ ਘਟ ਥਾਈਆ । ਪੂਰਨ ਵਿਚ ਪੂਰਨ ਜੋਤ ਪ੍ਰਕਾਸ਼, ਬਿਨਾ ਪੂਰਨ ਤੋਂ ਦੂਜਾ ਨਜ਼ਰ ਕੋਇ ਨਾ ਆਈਆ । ਕੰਨਾਂ ਵਿਚ ਸੁਣਿਉ ਨਾ ਕਿਸੇ ਦੀ ਬਾਤ, ਝਗੜੇ ਵਿਚ ਕੂੜ ਲੋਕਾਈਆ । ਮੇਰਾ ਠਗਾਂ ਚੋਰਾਂ ਨਾਲ ਸਾਥ, ਬਦਮਾਸ਼ਾਂ ਵਿਚ ਵੜ ਕੇ ਝਟ ਲੰਘਾਈਆ । ਕਾਹਨਾਂ ਗੋਪੀਆਂ ਅੰਦਰ ਵੜ ਕੇ ਪਾਵਾਂ ਰਾਸ, ਇਹ ਮੇਰੀ ਬੇਪਰਵਾਹੀਆ । ਨਮਾਜ਼ੀਆਂ ਵਿਚ ਬਹਿ ਕੇ ਪੜ੍ਹਾਂ ਨਮਾਜ਼, ਸਜਦਾ ਸੀਸ ਝੁਕਾਈਆ । ਸ਼ਾਹ ਸੁਲਤਾਨਾਂ ਵਿਚ ਸੀਸ ਤੇ ਰਖਾਂ ਤਾਜ, ਸ਼ਾਹ ਪਾਤਸ਼ਾਹ ਹੋ ਕੇ ਆਪਣਾ ਹੁਕਮ ਸੁਣਾਈਆ । ਜਦ ਚਾਹੋਗੇ ਦਿਨ ਰਾਤ ਮਾਰਾਂ ਆ ਆਵਾਜ਼, ਹੁਕਮ ਹੁਕਮ ਵਿਚੋਂ ਪ੍ਰਗਟਾਈਆ । ਪਿਛੇ ਜੇ ਸੁੱਤੇ ਰਹੇ ਤੇ ਹੁਣ ਪੈਣਾ ਜਾਗ, ਆਲਸ ਨਿੰਦਰਾ ਲੈਣੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਵਖਾਈਆ । (੧੮ ਹਾੜ ਸ਼ਹਿਨਸ਼ਾਹੀ ਸੰਮਤ ੬)

ਜਗਤ ਜਗਦੀਸ ਵਣਜ ਵਪਾਰੀ । ਲਾਹ ਖੱਟਿਆ ਦੂਜੀ ਵਾਰੀ । ਗੁਰਮੁਖ ਨਾਉਂ ਪਹਿਲੀ ਵਾਰੀ । **ਸਿੰਘ ਸਾਵਣ ਨਾਉਂ ਕਰ ਉਜਿਆਰੀ ।** ਮਿਲਿਆ ਮੇਲ ਪਤਿਤਪਾਵਨ, ਮਾਨਸ ਦੇਹੀ ਮਹੱਲ ਉਸਾਰੀ । ਨੇੜ ਨਾ ਆਏ ਕਾਮਨੀ ਕਾਮਨ, ਬਾਲ ਅਵਸਥਾ ਖੇਲ ਅਪਾਰੀ । ਜੋਤੀ ਚਮਕੇ ਦਾਮਨੀ ਦਾਮਨ, ਨਿਰਮਲ ਕਾਇਆ ਹੋਈ ਉਜਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, **ਸਿੰਘ ਜਗਦੀਸ ਲਾਏ ਮਾਤ ਤੇਰੀ ਸੱਚੀ ਫੁਲਵਾੜੀ ।**

(੧੯ ਕੱਤਕ ੨੦੧੧ ਬਿਕ੍ਰਮੀ)

**ਮੋਹਣ ਸਿੰਘ ਤੇਰਾ ਜਨਮ ਅਤੀਤ ।** ਮਾਨਸ ਜਨਮ ਦਵਾਇਆ, ਪ੍ਰਭ ਸਾਚੇ ਸਚ ਭੀਤ । ਸਾਚਾ ਲੇਖ ਲਿਖਾਇਆ, **ਕਲਜੁਗ ਨਾਉਂ ਧਰਿਆ ਸੁਰਜੀਤ ।** ਪ੍ਰਭ ਬੇੜਾ ਪਾਰ ਕਰਾਇਆ, ਸਤਿ ਚਰਨ ਲਗਾਈ ਪ੍ਰੀਤ । ਦੀਪਕ ਸੱਤਵਾਂ ਜਗਤ ਜਗਾਇਆ, ਗੁਰਸਿਖ ਪਰਖੀ ਤੇਰੀ ਨੀਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਕੋਏ ਨਾ ਜਾਣੇ ਤੇਰੀ ਰੀਤ । ਸੁਤ ਸਿਖ ਨਾਮ ਸੁਰਜੀਤ । ਨਿਹਕਲੰਕ ਬਖ਼ਸ਼ੇ ਚਰਨਕਵਲ ਪ੍ਰੀਤ । ਦੇਵੇ ਵਡਿਆਈ ਵਿਚ ਸੰਗ ਸੰਗੀਤ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖ ਆਤਮ ਕੀਆ ਸੀਤ । ਮੋਹਣ ਸਿੰਘ ਤੇਰਾ ਮਨ ਟਿਕਾਇਆ । ਮਾਨਸ ਜਨਮ ਕਲ ਦਵਾਇਆ । ਸਾਚਾ ਗੁਰਸਿਖ ਸਾਚੀ ਦੇਹ ਵਿਚ ਵਾਸ ਕਰਾਇਆ । ਚਰਨ ਧੂੜ ਪ੍ਰਭ ਦਰ ਤੇ ਮਿਲੀ, ਪਿਤਾ ਪੂਤ ਪ੍ਰਭ ਮੇਲ ਕਰਾਇਆ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਿੰਘ ਮੋਹਣ ਤੇਰਾ ਨਾਮ ਸੁਰਜੀਤ ਧਰਾਇਆ । ਸੁਰਜੀਤ ਸ਼ਬਦ ਮਸਤਾਨਾ । ਆਤਮ ਧਰੇ ਜੋਤ ਭਗਵਾਨਾ । ਬਾਲ ਅਵਸਥਾ ਦਿਸੇ ਨਾਦਾਨਾ । ਆਤਮ ਦੇਵੇ ਪ੍ਰਭ ਬ੍ਰਹਮਗਿਆਨਾ । ਪਿਛਲਾ ਜਨਮ ਸਿੰਘ ਮੋਹਣ ਕਲਸੀਆਂ ਅਸਥਾਨਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ, ਗੁਰਸਿਖਾਂ ਤਾਰੇ ਦੇ ਸਾਚਾ ਨਾਮਾ । (੯ ਸਾਵਣ ੨੦੦੮ ਬਿਕ੍ਰਮੀ)

ਪੁਰਖਅਕਾਲ ਕਿਹਾ ਗੋਬਿੰਦ ਤੇਰੀ ਧਾਰ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਮੈਂ ਤੇਰੇ ਨਾਲ ਬਦਲਣੀ ਰੀਤ, ਰੀਤੀਵਾਨ ਹੋ ਕੇ ਵੇਖ ਵਖਾਈਆ । **ਤੇਰੇ ਜੁਝਾਰ ਨੂੰ ਬਖ਼ਸ਼ਾਂ ਫੇਰ ਬਣਾ ਕੇ ਸਿੰਘ ਸੁਰਜੀਤ, ਸਿਰ ਆਪਣਾ ਹੱਥ ਟਿਕਾਈਆ । ਗੁਲਾਬ ਦਾ ਨਾਂ ਹੋਵੇ ਸਿੰਘ ਰਣਜੀਤ, ਦੋਹਾਂ ਦਾ ਮੇਲਾ ਸਹਿਜ ਸੁਭਾਈਆ ।** ਅੰਤ ਸਮੇਂ ਮਿਹਰਵਾਨ ਹੋ ਕੇ ਜ਼ਿੰਦਗੀ ਦੀ ਕਰਾਂ ਬਖ਼ਸ਼ੀਸ਼, ਰਹਮਤ ਸਚ ਕਮਾਈਆ । ਪਰ ਯਾਦ ਰਖੀਂ ਇਨ੍ਹਾਂ ਗੁਰਮੁਖਾਂ ਨੂੰ ਇਕੱਠਿਆਂ ਕਰਨਾ ਠੀਕ, ਸਚ ਦੀ ਧਾਰ ਵਿਚੋਂ ਪ੍ਰਗਟਾਈਆ । ਤੇਰੀ ਆਸਾ ਮਨਸਾ ਪੂਰੀ ਹੋਵੇ ਉਮੀਦ, ਤ੍ਰਿਸਨਾ ਤ੍ਰਿਪਤ ਦਏ ਕਰਾਈਆ । ਜੇਹੜਾ ਸ਼ਬਦ ਸ਼ਹਾਦਤ ਵਿਚ ਹੋਇਆ ਸ਼ਹੀਦ, ਸਤਿਗੁਰ ਸੀਸ ਝੋਲੀ ਪਾਈਆ । ਉਹਦੀ ਧੁਰ ਦੁਆਰੇ ਸਦਾ ਰਸੀਦ, ਸਚਖੰਡ ਦੁਆਰ ਦਏ ਗਵਾਹੀਆ । ਗੁਰਮੁਖ ਤੇਰੇ ਕਰਨ ਤਸਦੀਕ, ਇੱਕੀ ਸ਼ਹਾਦਤ ਦੇਣ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । (੧੪ ਪੋਹ ਸ਼ਹਿਨਸ਼ਾਹੀ ਸੰਮਤ ੬)

ਰਾਵੀ ਕਹੇ ਜਿਸ ਵੇਲੇ ਨੀਂਹ ਆਈ ਉਤੇ ਛਾਤੀ, ਵੱਡੇ ਛੋਟੇ ਵੱਜੀ ਵਧਾਈਆ। ਉਸ ਵੇਲੇ ਗੁਰੂ ਅਰਜਨ ਦੇਵ ਦੋਹਾਂ ਨੂੰ ਦੇਵਣ ਆਇਆ ਥਾਪੀ, ਪੁਸ਼ਤ ਪਨਾਹ ਹੱਥ ਟਿਕਾਈਆ। ਦੂਲ੍ਹਿਓ ਦੁਲਾਰਿਓ ਗੋਬਿੰਦ ਦੇ ਲਾੜ੍ਹਿਓ ਤੁਹਾਡੇ ਪਿਛੇ ਗੋਬਿੰਦ ਨੇ ਫੇਰ ਉਧਾਰਨੇ ਕੋਟਨ ਪਾਪੀ, ਪਤਿਤ ਪੁਨੀਤ ਕਰਾਈਆ। ਉਨ੍ਹਾਂ ਦੇ ਮੁਖੋਂ ਬੁੱਲਾਂ ਵਿਚ ਨਿਕਲੀ ਹਾਸੀ, ਅੰਦਰ ਅੰਦਰ ਖ਼ੁਸ਼ੀ ਉਪਜਾਈਆ। ਸਾਡਾ ਸੁਨੇਹੜਾ ਦੇਣਾ ਜਾ ਕੇ ਪੁਰਖ ਅਬਿਨਾਸ਼ੀ, ਤੇਰੀ ਕਿਰਪਾ ਨਾਲ ਬਿਪਤਾ ਨਜ਼ਰ ਕੋਇ ਨਾ ਆਈਆ। ਗੁਰ ਅਰਜਨ ਕਿਹਾ ਬੱਚਿਓ ਇਧਰ ਵੇਖੋ ਜਿਥੇ ਗੋਬਿੰਦ ਨੇ ਚਰਨ ਛੁਹਾਉਣਾ ਨਹੀਂ ਆਪਣੀ ਘਾਟੀ, ਜੀਵਤ ਜੀ ਫੇਰਾ ਕਦੇ ਨਾ ਪਾਈਆ। ਜਿਸ ਵੇਲੇ ਕਲਜੁਗ ਅੰਤ ਹੋਵੇ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ। ਉਸ ਵੇਲੇ ਪੁਰਖਅਕਾਲ ਨੂੰ ਲੈ ਕੇ ਸਾਥੀ, ਸੱਜਣ ਹੋ ਕੇ ਵੇਸ ਵਟਾਈਆ। ਜਿਸ ਰਾਵੀ ਨੇ ਮੇਰੇ ਚਰਨਾਂ ਦੀ ਧੂੜ ਮਸਤਕ ਲਾਈ ਖ਼ਾਕੀ, ਆਪਣੀ ਖ਼ੁਸ਼ੀ ਬਣਾਈਆ। ਉਸ ਦੀ ਜਾ ਕੇ ਲਾਹੇ ਉਦਾਸੀ, ਚਿੰਤਾ ਦਏ ਗਵਾਈਆ। **ਜ਼ੋਰਾਵਰ ਫਤੇ ਸਿੰਘ ਨੇ ਕਿਹਾ ਸਾਡਾ ਲਹਿਣਾ ਅਜੇ ਫੇਰ ਕੁਛ ਬਾਕੀ, ਉਸ ਦੇ ਨਾਲ ਮਿਲ ਕੇ ਅਸੀਂ ਹਿਸਾਬ ਲਈਏ ਮੁਕਾਈਆ।** ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਸਾਚੀ ਖੇਲ ਖਿਲਾਈਆ। ਰਾਵੀ ਕਹੇ ਸਾਹਿਬਜ਼ਾਦਿਆਂ ਕਿਹਾ ਹੁਣ ਤਾਂ ਅਸੀਂ ਆਉਂਦੇ ਵਿਚ ਕੰਧ, ਦੁਸ਼ਮਣ ਦੇਣ ਸਜ਼ਾਈਆ। ਫਿਰ ਅਸੀਂ ਖ਼ੁਸ਼ੀ ਨਾਲ ਵਾਰਨਾ ਆਪਣਾ ਬੰਦ ਬੰਦ, ਬੰਦਗੀ ਦਾ ਨੂਰੀ ਰਾਹ ਚਲਾਈਆ। ਪਰਮਾਤਮਾ ਨੇ ਗੀਤ ਗਾਉਣਾ ਆਤਮ ਪਰਮਾਤਮ ਛੰਦ, ਢੋਲਾ ਇਕ ਅਲਾਈਆ। **ਅਸਾਂ ਭਗਤਾਂ ਦੀ ਖ਼ਾਤਰ ਭਗਤਦੁਆਰੇ ਦੀਆਂ ਨੀਂਹਾਂ ਵਿਚ ਆ ਕੇ ਲੈਣਾ ਅਨੰਦ, ਆਪਣਾ ਆਪ ਪਿਆਰ ਪ੍ਰੀਤੀ ਵਿਚ ਭੇਟ ਕਰਾਈਆ।** ਗੁਰ ਅਰਜਨ ਕਿਹਾ ਸ਼ਾਬਾਸ਼, ਪੁਰਖਅਕਾਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਜੁਗ ਜੁਗ ਝੋਲੀ ਪਾਈਆ। ਜਿਸ ਦੇ ਤੁਸੀਂ ਦੁਲਾਰੇ ਨੰਦ, ਅਨੰਦਪੁਰ ਵਾਸੀ ਆਪਣਾ ਸੰਗ ਨਾਲ ਰਖਾਈਆ। ਰਾਵੀ ਕਹੇ ਇਹ ਅੱਜ ਦੀ ਨਹੀਂ ਮੇਰੀ ਪੁਰਾਣੀ ਮੰਗ, ਛੋਟੇ ਛੋਟੇ ਬੱਚੇ ਮੇਰੀ ਸ਼ਹਾਦਤ ਦੇਣ ਭੁਗਤਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਦਾ ਬਖ਼ਸ਼ਿੰਦ, ਬਖ਼ਸ਼ਣਹਾਰ ਇਕ ਅਖਵਾਈਆ। (੧੭ ਫੱਗਣ ਸ਼ਹਿਨਸ਼ਾਹੀ ਸੰਮਤ ੪)

**ਮਨਜੀਤ ਵੱਜੀ ਵਧਾਈ। ਪ੍ਰਭ ਅਬਿਨਾਸ਼ੀ ਦਇਆ ਕਮਾਈ। ਇੰਦ ਇੰਦ੍ਰਾਸਣ ਦਏ ਬਹਾਈ।** ਸਿੰਘ ਸਿੰਘਾਸਣ ਬੈਠਾ ਜਾਈ। ਕਰੋੜ ਤੇਤੀਸਾ, ਰਹਿਆ ਛਤ੍ਰ ਝੁਲਾਈ। **ਆਈ ਵਾਰੀ ਜਗਤ ਜਗਦੀਸਾ, ਜਗਦੀਸ ਸਿੰਘ ਪ੍ਰਭ ਸੇਵਾ ਲਾਈ। ਸਾਚੇ ਲੇਖੇ ਪ੍ਰਭ ਲਾਇਆ ਸੀਸਾ, ਜਟਾ ਜੂਟ ਧਾਰ ਸ਼ਿਵ ਸ਼ੰਕਰ ਕਢੇ ਬਾਹਰ, ਗੰਗਾ ਧਾਰ ਜਿਸ ਵਹਾਈ।** ਲੋਆਂ ਪੁਰੀਆਂ ਪਾਵੇ ਸਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਖੇਲ ਹਰਿ ਜੋਤੀ ਮੇਲ ਆਪਣਾ ਆਪ ਕਰਾਈ। (੧੯ ਕੱਤਕ ੨੦੧੧ ਬਿਕ੍ਰਮੀ)

ਗਾਂਧੀ ਗਊ ਗ਼ਰੀਬਨਿਵਾਜ਼ ਹੈ। ਅੰਤਮ ਕਲਜੁਗ ਪੈਂਦੀ ਮਾਰ, ਮਾਨਸ ਜਨਮ ਗਿਆ ਹਾਰ ਹੈ। ਦਰ ਸਾਚੇ ਆਇਆ ਭਾਜ, ਮਿਲੇ ਪ੍ਰਭ ਅਬਿਨਾਸ਼ੀ ਪਾਏ ਸਾਰ ਹੈ। ਕਰ ਵਿਚਾਰ ਆਪ ਬਣਾਏ ਤਾਜੀ ਤਾਜ ਹੈ। **ਛੋਟੇ ਬਾਲੇ ਕਰ ਅਸਵਾਰ ਹੈ। ਆਪ ਫਿਰਾਏ ਦਰ ਦੁਆਰ, ਵੇਖ ਵਖਾਣੇ ਪੂਰੀ ਇੰਦਰ ਪ੍ਰਸਤ ਜਿਥੇ ਸੱਚਾ ਰਾਜ ਹੈ।** ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਭਾਗ ਲਗਾਇਆ ਮਾਝੇ ਦੇਸ ਹੈ।

ਰਾਮ ਇਸ਼ਟ ਗੁਰਦੇਵ ਮਨਾ, ਕਰਮ ਕਰਮਾਂ ਰਹਿਆ ਬਣਾਈਆ। ਆਤਮ ਚੰਦ ਇਕ ਚੜ੍ਹਾ, **ਕਰਮਚੰਦ** ਅਖਵਾਈਆ। ਨਾਮ ਸੁਗੰਧੀ ਝੋਲੀ ਪਾ, ਕਾਇਆ ਤਨ ਭਰਾਈਆ। ਹੋਕਾ ਦੇ ਦੇ ਰਹਿਆ ਸੁਣਾ, ਚਾਰ ਕੁੰਟ ਰਹਿਆ ਜਣਾਈਆ। ਨਾਮ ਗਾਂਧੀ ਨਾਂ ਰਖਾ, ਤਨ ਪਿੰਜਰ ਲਿਆ ਸੁਖਾਈਆ। ਆਲਸ ਨਿੰਦਰਾ ਮਗਰੋਂ ਲਾਹ, ਸੇਵਕ ਸੇਵਾ ਰਹਿਆ ਕਮਾਈਆ। ਸਿਆਸਤ ਵਿਰਾਸਤ ਨਾਲ ਪਰਨਾ, ਦੋਹਾਂ ਮੇਲ ਮਿਲਾਈਆ। ਪ੍ਰਭ ਅਬਿਨਾਸ਼ੀ ਵੇਖੇ ਸਾਚਾ ਥਾਂ, ਅਧਵਿਚਕਾਰੇ ਡੇਰਾ ਲਾਈਆ। **ਪੁਰੀਇੰਦਰ ਸੱਚਾ ਥਾਂ, ਇੰਦ ਇੰਦ੍ਰਾਸਣ ਨਾਮ ਰਖਾਈਆ।** ਸਚ ਸਿੰਘਾਸਣ ਇਕ ਵਿਛਾ, ਆਪੇ ਰਹਿਆ ਬਹਾਈਆ। ਅਸਵ ਘੋੜਾ ਜੋਤੀ ਜੋੜਾ ਦਏ ਬਣਾ, ਸੋਲਾਂ ਕਲੀਆਂ ਆਸਣ ਲਾਈਆ। ਏਕਾ ਦੂਜਾ ਪੌੜਾ ਦਏ ਚੜ੍ਹਾ, ਤੀਜਾ ਰਹਿਆ ਟਿਕਾਈਆ। ਚੌਥੇ ਘਰ ਚੌਥੀ ਵਾਰ ਫੂਲਨ ਮਾਲਾ ਗਲ ਪਾ, ਫੁੱਲ ਫੁਲਵਾੜੀ

ਮਾਤ ਲਗਾਈਆ । ਮੇਲ ਮਿਲੇ ਦੂਜੀ ਵਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਣੇ ਘਟ ਹੱਟ, ਅੰਦਰ ਜਾਣੇ ਅੱਠ ਤਤ, ਆਪੇ ਵੇਖ ਵਖਾਈਆ । (੨੦ ਭਾਦਰੋਂ ੨੦੧੪ ਬਿਕ੍ਰਮੀ)

ਛੋਟਾ ਬਾਲਾ ਕਰ ਤਿਆਰ । ਉਤੇ ਦਿਤਾ ਹਰਿ ਪਿਆਰ । ਸ਼ਬਦ ਕੀਤਾ ਇਕ ਅਸਵਾਰ । ਮਾਤਲੋਕ ਚੋਂ ਹੋਇਆ ਬਾਹਰ । ਗਿਆ ਘਰ ਸੱਚੇ ਦਰ ਨਿਰੰਕਾਰ । ਅਗੇ ਲਾਏ ਹਰਿ ਨਿਰੰਕਾਰ । ਕਿਰਪਾ ਆਪਣੀ ਦੇਵੇ ਧਾਰ । ਬਾਂਹੋਂ ਫੜ ਲਾਏ ਪਾਰ । **ਇਕੋ ਘੋੜਾ ਹਰਿ ਮੰਗਾਇਆ, ਅਠਾਰਾਂ ਮਾਘ ਦੇਹ ਛੁਡਾਇਆ, ਉਤੇ ਕਰ ਦੇਵੇ ਅਸਵਾਰ । ਸਿੰਘ ਤੇਜਾ ਸੇਵ ਕਮਾਇਆ, ਪ੍ਰਭ ਅਬਿਨਾਸ਼ੀ ਲੇਖੇ ਲਾਇਆ, ਮੁੜ ਕੇ ਗਾਂਧੀ ਜਨਮ ਦਵਾਇਆ,** ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । **ਘੋੜਾ ਗਿਆ ਸੱਚੇ ਘਰ ।** ਅਗੇ ਵੇਖੇ ਇਕੋ ਹਰਿ । ਪ੍ਰਭ ਅਬਿਨਾਸ਼ੀ ਖੁੱਲਾ ਦਰ । ਦੂਜਾ ਮਿਲਿਆ ਸੱਚਾ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਨਿਹਕਲੰਕ ਨਰਾਇਣ ਅਵਤਾਰ ਨਰ । ਘੋੜਾ ਗਿਆ ਸਚਦੁਆਰੇ, ਅਗੇ ਖੜਾ ਹਰਿ ਨਿਰੰਕਾਰੇ । ਸ਼ਬਦ ਸਰੂਪੀ ਵਾਜਾਂ ਮਾਰੇ । ਛੋਟੇ ਬਾਲੇ ਕਰ ਤਿਆਰੇ । ਪ੍ਰਭ ਅਬਿਨਾਸ਼ੀ ਬਾਂਹੋਂ ਫੜ, ਉਪਰ ਕਰਾਏ ਤੈਨੂੰ ਅਸਵਾਰੇ । ਅਗੇ ਬੈਠਾ ਹਰਿ ਜੀ ਦਿਸੇ, ਪਿਛੇ ਬਾਲ ਨਾਦਾਨ ਪਿਆ ਪੁਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਸੁਣ ਇਕ ਪੁਕਾਰੇ । ਨਿੱਕਾ ਬਾਲਾ ਕਰੇ ਪੁਕਾਰ । ਮੇਰੀ ਸੁਣ ਹਰਿ ਦਾਤਾਰ । ਏਕਾ ਬਖ਼ਸ਼ ਚਰਨ ਪਿਆਰ । ਮਾਤਲੋਕ ਨਾ ਮੁੜ ਕੇ ਜਾਵਾਂ ਦੂਜੀ ਵਾਰ । ਅੱਠੇ ਪਹਰ ਮੇਰਾ ਤੇਰਾ ਤੇਰਾ ਮੇਰਾ ਇਕ ਪਿਆਰ । ਚਾਰੋਂ ਤਰਫ਼ ਪਾਈ ਘੇਰਾ, ਸ਼ਬਦ ਰਖੀਂ ਪਹਰੇਦਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਛੋਟੇ ਬਾਲੇ ਸੁਣ ਪੁਕਾਰੀ । ਪ੍ਰਭ ਅਬਿਨਾਸ਼ੀ ਕਿਰਪਾ ਧਾਰੀ । ਸਾਚੀ ਦੇਵੇ ਇਕ ਅਸਵਾਰੀ । ਪੂਰਨ ਹਰਿ ਸਾਚੇ ਘਰ ਸਿੰਘ ਸਿੰਘਾਸਣ ਬੈਠਾ ਕੀਤੀ ਸਚ ਤਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਦੇਵੇ ਵਡਿਆਈ ਜਿਸ ਸਾਚੀ ਬਣਤ ਬਣਾਈ, ਆਏ ਚਲ ਦੁਆਰੀ । **ਛੋਟਾ ਬਾਲਾ ਆਪ ਉਠਾਇਆ । ਫੜ ਕੇ ਬਾਂਹੋਂ ਰਾਹੇ ਪਾਇਆ । ਇੰਦਰਪੁਰੀ ਦਾ ਰਾਹ ਵਖਾਇਆ ।** ਕਲਜੁਗ ਤੇਰਾ ਅੰਤਮ ਆਇਆ । ਸੁਰਪਤ ਰਾਜਾ ਇੰਦ ਹਰਿ ਜੀ ਤਖ਼ਤੋਂ ਲਾਹਿਆ । ਏਕਾ ਏਕ ਆਪਣਾ ਭਾਣਾ ਆਪਣੇ ਹੱਥ ਰਖਾਇਆ । ਚਾਰ ਜੁਗ ਅੰਤਮ ਬੀਤੇ, ਪ੍ਰਭ ਅਬਿਨਾਸ਼ੀ ਆਪਣਾ ਭੇਵ ਆਪੇ ਆਪ ਖੁਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, **ਸਿੰਘ ਮਨਜੀਤ ਸਿੰਘ ਸਿੰਘਾਸਣ ਉਤੇ ਬਠਾਇਆ ।**

(੧੪ ਚੇਤ ੨੦੧੧ ਬਿਕ੍ਰਮੀ )

ਤੇਰਾਂ ਮੱਘਰ ਧੰਨ ਵਡਿਆਈ । ਤਿੰਨਾਂ ਲੋਆਂ ਖ਼ੁਸ਼ੀ ਮਨਾਈ । ਸਾਚੇ ਹਰੀ ਵਜੀ ਵਧਾਈ । ਇੰਦਲੋਕ ਵੇਖੇ ਰਾਹੀ । ਪ੍ਰਭ ਅਬਿਨਾਸ਼ੀ ਪਾਈ ਫਾਹੀ । ਲੋਕਮਾਤ ਜੋਤ ਜਗਾਈ । ਗਗਨ ਪਤਾਲਾਂ ਮਾਰੇ ਝਾਤ, ਓਹਲਾ ਪੜਦਾ ਕੋਈ ਨਾਹੀ । ਇਕ ਕਰਾਏ ਦਿਵਸ ਰਾਤ, ਭਰਮ ਭੁਲੇਖਾ ਰਖੇ ਨਾਹੀ । ਸੋਲਾਂ ਮੱਘਰ ਵਕਤ ਸੁਭਾਗਾ । ਚੜ੍ਹਿਆ ਦਿਨ ਮਾਤ ਵਡਭਾਗਾ । ਪ੍ਰਭ ਲੇਖਾ ਲੈਣਾ ਗਿਣ ਗਿਣ, ਕਲਜੁਗ ਤੇਰਾ ਤੁਟਾ ਤਾਗਾ । ਕੀਆ ਖੇਲ ਇਕ ਛਿਨ, ਕਾਇਆ ਜੋਤੀ ਬੁਝੇ ਆਗਾ । ਜੋਤੀ ਜੋਤ ਸਰੂਪ ਹਰਿ, ਮਿਲਿਆ ਮੇਲ ਕੰਤ ਸੁਹਾਗਾ । ਸੋਲਾਂ ਮੱਘਰ ਦਇਆ ਕਮਾਏ । **ਛੋਟੇ ਬਾਲੇ ਦਇਆ ਕਮਾਏ ਲੇਖੇ ਲਾਏ ।** ਸਾਚਾ ਰਾਹ ਇਕ ਵਖਾਏ । **ਪੁਰੀਇੰਦਰ ਜਾ ਬਹਾਏ ।** ਜੋਤੀ ਜੋਤ ਸਰੂਪ ਹਰਿ, ਸਾਚੇ ਭਾਣੇ ਰਹਿਆ ਸਮਾਏ । ਪੁਰੀਇੰਦਰ ਗਿਆ ਭੱਜ । ਸਿੰਘ ਸਿੰਘਾਸਣ ਗਿਆ ਸਜ । ਛੋਟਾ ਬਾਲਾ ਗਿਆ ਸਜ । ਪ੍ਰਭ ਅਬਿਨਾਸ਼ੀ ਪੜਦੇ ਮਾਤ ਰਹਿਆ ਕੱਜ । ਕਾਇਆ ਭਾਂਡਾ ਗਿਆ ਭੱਜ । ਅੰਮ੍ਰਿਤ ਪਿਆਏ ਕਾਇਆ ਰੱਜ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਿਹਰਾ ਸੀਸ ਬੰਨ੍ਹਾਇਆ, ਫੂਲਨ ਵਰਖਾ ਹਰਿ ਜੀ ਲਾਇਆ, ਦਰ ਘਰ ਸਾਚੇ ਰਹਿਆ ਸਜ । ਫੂਲਨ ਬਰਖਾ ਹਰਿ ਜੀ ਲਾਏ । ਸਾਚੀ ਰੁਤ ਆਪ ਸੁਹਾਏ । ਪੂਰਨ ਸੁਤ ਭੇਟ ਚੜ੍ਹਾਏ । ਪਾਰਬ੍ਰਹਮ ਅਬਿਨਾਸ਼ੀ ਅਚੁਤ, ਲਿਖਿਆ ਲੇਖ ਨਾ ਕੋਈ ਮਿਟਾਏ । ਵਾਰ ਸੁਹੰਞਣੀ ਸੁਲੱਖਣੀ ਥਿਤ, ਸਾਚਾ ਲੇਖਾ ਲਏ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌ ਅਠਾਰਾਂ ਅਠਾਰਾਂ ਨੌ ਅੰਤਮ ਵੇਲਾ ਪੂਰ ਕਰਾਏ । ਸਾਚੇ ਘਰ ਹਰਿ ਟਿਕਾਏ । ਮਸਤਕ ਟਿੱਕਾ ਆਪ ਲਗਾਏ । ਸੋਹੰ ਦੇਵੇ ਨਾਮ ਇੱਕਾ ਕਰੋੜ ਤੇਤੀਸਾ ਜਾ ਸੁਣਾਏ । ਸ਼ਬਦ ਮਿਲੇ ਸਾਚਾ ਸਿੱਕਾ, ਦੂਸਰ ਕੋਈ ਰਹਿ ਨਾ ਜਾਏ । ਬਾਲ ਅਵਸਥਾ ਬਾਲਾ ਨਿੱਕਾ, ਸਚ ਸਿੰਘਾਸਣ ਡੇਰਾ ਲਾਏ । ਮਾਤ ਲੱਗੇ

ਰਸ ਫਿੱਕਾ, ਅੰਮ੍ਰਿਤ ਰਸ ਸਾਚਾ ਪਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗਾਂਧੀ ਸੇਵਾ ਲਾਏ । ਪ੍ਰਭ ਖੇਲ ਹਰਿ ਹਰਿ ਜਾਣੇ । **ਹਰੀਚੰਦ ਜੋਗ ਮਹਾਨੇ ।** ਰਸਨਾ ਚੁਗੀ ਸਾਚੀ ਚੋਗ, ਦੇਵੇ ਫਲ ਹਰਿ ਭਗਵਾਨੇ । **ਛਡਿਆ ਤਖ਼ਤ ਤਾਜ ਲਿਆ ਸੱਚਾ ਜੋਗ, ਤਨ ਗ਼ਰੀਬੀ ਸਚ ਪਛਾਣੇ ।** ਧੁਰਦਰਗਾਹ ਨਾ ਹੋਏ ਵਿਜੋਗ, ਮਿਟੇ ਰਾਜ ਰਾਜ ਰਾਜਾਨੇ । ਜੋਤੀ ਜੋਤ ਸਰੂਪ ਹਰਿ, ਜੁਗਾ ਜੁਗੰਤ ਆਦਿ ਅੰਤ ਭਗਤ ਭਗਵੰਤ ਆਪ ਪਛਾਣੇ । ਆਤਮ ਮੰਗਿਆ ਏਕਾ ਦਾਨ । ਸਾਚੀ ਸੇਵਾ ਹਰਿ ਭਗਵਾਨ । ਅੰਮ੍ਰਿਤ ਮੇਵਾ ਵਿਚ ਜਹਾਨ । ਪ੍ਰਭ ਅਬਿਨਾਸ਼ੀ ਕਿਰਪਾ ਕਰ ਦਿਤਾ ਵਰ, ਪਰਗਟ ਕੀਆ ਵਿਚ ਜਹਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਜਾਣੀ ਜਾਨ । ਜੋਤ ਜੋਤੀ ਜਾਮਾ ਪਾਇਆ । ਸਾਚੀ ਸੇਵਾ ਹਰਿ ਜੀ ਲਾਇਆ । ਗਊ ਗ਼ਰੀਬ ਨਿਮਾਣਿਆਂ ਏਕਾ ਸੱਚਾ ਰਾਹ ਵਖਾਇਆ । ਅੰਤਮ ਮੰਨਣਾ ਪਿਆ ਭਾਣਿਆਂ, ਤਨ ਮੰਦਰ ਝੂਠਾ ਡੇਰਾ ਢਾਹਿਆ । ਛਤ੍ਰ ਦੀਸੇ ਨਾ ਸਿਰ ਰਾਜੇ ਰਾਣਿਆਂ, ਕਲਜੁਗ ਜੰਜਾਲਾ ਮੋਹ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਲੇਖੇ ਹਰਿ ਜੀ ਲਾਇਆ । **ਸਾਚਾ ਲੇਖਾ ਹਰਿ ਅਪਾਰ । ਦੂਜੀ ਬੰਨ੍ਹੇ ਫੇਰ ਧਾਰ । ਸੱਚਾ ਅਸਵ ਕਰ ਤਿਆਰ । ਅਠਾਰਾਂ ਮਾਘ ਕਰੇ ਪਾਰ ।** ਆਪੇ ਖਿੱਚੇ ਚਰਨ ਦੁਆਰ । ਦੱਸੇ ਸੱਚਾ ਰਾਹ ਫੜ ਫੜ ਬਾਂਹੋਂ ਪੁਰੀਇੰਦਰ ਵੇਖ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪ ਕਰਾਏ ਸਾਚਾ ਵਿਹਾਰ । **ਅਠਾਰਾਂ ਮਾਘ ਦੇਹ ਤਜਾਈ ।** ਸਾਚੇ ਘਰ ਵਜੀ ਵਧਾਈ । ਧਰਤਮਾਤ ਸਾਚਾ ਸੁਤ, ਸਾਚੀ ਸੇਵਾ ਗਿਆ ਕਮਾਈ । ਮਿਲਿਆ ਮੇਲ ਅਬਿਨਾਸ਼ੀ ਅਚੁਤ, ਏਕਾ ਘਰ ਦਏ ਬਹਾਈ । ਜੋਤੀ ਜੋਤ ਸਰੂਪ ਹਰਿ, ਆਪਣਾ ਭਾਣਾ ਆਪੇ ਜਾਣੇ ਰਘੁਪਤ ਰਘੁਰਾਈ । **ਭਗਤ ਗਾਂਧੀ ਤਨ ਸ਼ਿੰਗਾਰ । ਛੋਟਾ ਬਾਲਾ ਹੋ ਤਿਆਰ ।** ਚਾਰ ਕੁੰਟ ਵੇਖ ਵਿਚਾਰ । ਰਾਜੇ ਰਾਣੇ ਘੇਰ ਲਿਆਏ, ਹੱਥ ਫੜਾਏ ਸ਼ਬਦ ਕਟਾਰ । ਮੇਰ ਤੇਰ ਜਗਤ ਚੁਕਾਏ, ਚਾਰ ਵਰਨਾਂ ਆਪ ਸਰਦਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, **ਪੰਚਮ ਚੋਲਾ ਤਨ ਛੁਹਾਏ**, ਆਪ ਆਪਣੀ ਦਇਆ ਕਮਾਏ, ਪੰਚਮ ਦਿਤਾ ਸੱਚਾ ਹਾਰ । **ਸੋਲਾਂ ਮੱਘਰ ਸਤਿ ਵਿਹਾਰੇ । ਪੁਰੀਇੰਦਰ ਜੈਜੈਕਾਰੇ ।** ਮਾਤਲੋਕ ਨਾ ਕੋਈ ਕਰੇ ਵਿਚਾਰੇ । ਛੋਟਾ ਬਾਲਾ ਘਰੋਂ ਕਢੇ ਫੜ ਕੇ ਬਾਹਰੇ । ਪ੍ਰਭ ਅਬਿਨਾਸ਼ੀ ਬਣਿਆ ਇਕ ਸੱਚਾ ਦੁਲਾਰਾ, ਉਤੇ ਪਾਏ ਸ਼ਬਦ ਦੁਸ਼ਾਲਾ, ਚਿੱਟਾ ਰੰਗ ਇਕ ਅਪਾਰੇ । ਜੋਤੀ ਜੋਤ ਸਰੂਪ ਹਰਿ, ਆਪੇ ਹੋਏ ਹਰਿ ਰਖਵਾਲਾ । ਸੋਲਾਂ ਮੱਘਰ ਲੋਕ ਇੰਦਰ ਵਧਾਈ । ਲੋਕਮਾਤ ਦੀ ਵਾਰੀ ਆਈ । ਤਿੰਨ ਅੱਸੂ ਖ਼ੁਸ਼ੀ ਮਨਾਈ । ਵੀਹ ਸੌ ਗਿਆਰਾਂ ਬਿਕ੍ਰਮੀ ਲੇਖ ਲਿਖਾਈ । ਨੌ ਮਹੀਨੇ ਅਠਾਰਾਂ ਦਿਨ ਗਰਭ ਮਾਤੀ ਫੰਦ ਕਟਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਸਾਚਾ ਚੰਦ ਅੱਸੂ ਤਿੰਨ ਚੜ੍ਹਾਈ ।

(੩ ਅੱਸੂ ੨੦੧੧ ਬਿਕ੍ਰਮੀ ਦਿੱਲੀ ਰਾਜ ਘਾਟ ਗਾਂਧੀ ਦੇ ਨਵਿਤ)

**ਮਨਜੀਤ ਸਿੰਘ ਦਾ ਹਰਿਬਾਣੀ ਅੰਦਰ ਗੁਰ ਨਾਨਕ ਦੇਵ ਜੀ ਅਤੇ ਉਨ੍ਹਾਂ ਦੀ ਸਿਤਾਰ ਦੇ ਨਾਲ ਵੇਰਵਾ ਮਿਲਦਾ ਹੈ ।**

**ਨਾਨਕ ਨਿਰੰਕਾਰ ਮਾਤ ਉਪਜਾਇਆ ।** ਪਿੰਡ ਤਲਵੰਡੀ ਡੇਰਾ ਲਾਇਆ । ਮਾਤਾ ਤ੍ਰਿਪਤਾ ਪਿਤਾ ਕਾਲੂ ਛੋਟੇ ਬਾਲੇ ਜਨਮ ਦਵਾਇਆ । ਪੰਦਰਾਂ ਸੌ ਛੱਬੀ ਬਿਕ੍ਰਮੀ ਮਾਤਲੋਕ ਵਿਚ ਚੰਦ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਗਊ ਗ਼ਰੀਬ ਨਿਮਾਣਿਆਂ ਖ਼ੁਸ਼ੀ ਬੰਦ ਬੰਦ ਕਰਾਇਆ । ਨਾਨਕ ਆਇਆ ਜਾਮਾ ਧਾਰ । ਬਾਲ ਅਵਸਥਾ ਕਰੇ ਖੇਲ ਅਪਾਰ । ਮਾਤਾ ਪਿਤਾ ਨਾ ਜਾਣੇ ਸਾਰ । ਇਕੋ ਇਕ ਸਮਝਣ ਸਾਡਾ ਪੁਤ ਜੰਮਿਆ ਗਵਾਰ । ਨਾ ਇਹ ਹਾਲੀ ਨਾ ਇਹ ਪਾਲੀ, ਨਾ ਖਾਵੇ ਰੋਟੀ ਵਿਚ ਇਹ ਥਾਲੀ, ਬੈਠਾ ਰਹੇ ਮੜ੍ਹੀ ਮਸਾਣ । ਨਾ ਇਹ ਪੜ੍ਹੇ ਪੋਥੀ ਬਾਣੀ, ਨਾ ਇਹ ਪੜ੍ਹੇ ਇੰਜੀਲ ਕੁਰਾਨੀ, ਨਾ ਇਹ ਜਾਣੇ ਸ਼ੇਖ਼ ਪੰਡਤਾਣੀ, ਆਪੇ ਆਪ ਰਹਿਆ ਝਖ ਮਾਰ । ਜੋਤੀ ਜੋਤ ਸਰੂਪ ਹਰਿ, ਆਪੇ ਰਹਿਆ ਸਰਬ ਕਰਮ ਵਿਚਾਰ । ਨਾਨਕ ਹੋਇਆ ਨੌਜਵਾਨ । ਚਾਰੋਂ ਤਰਫ਼ ਮਾਰ ਧਿਆਨ । ਪਿਛੋਂ ਸ਼ਬਦ ਆਵੇ ਆਤਮ ਵੱਜੇ ਇਕੋ ਬਾਨ । ਕਿਸ ਕਰਮ ਹਰਿ ਘੱਲਿਆ, ਕਿਉਂ ਸੁੱਤਾ ਵਡ ਬਲਵਾਨ । ਕਲਜੁਗ ਪਾਪ ਫਲਿਆ ਫੁੱਲਿਆ, ਇਹਦੇ ਭੰਨ ਦੇ ਡਾਹਣ । ਪਾਪ ਅੰਧੇਰ ਏਕਾ ਝੁਲਿਆ, ਜੀਵ ਜੰਤ ਸਰਬ ਕੁਰਲਾਣ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਜਾਣੀਜਾਣ । ਨਾਨਕ ਕਰੀ ਸਚ ਵਿਚਾਰ । ਡੁਬਾ ਵੇਈਂ ਕਿਨਾਰੇ ਡੂੰਘੀ ਚੁੱਭੀ ਮਾਰ । ਆਪ ਗਿਆ ਸਚਦੁਆਰੇ ਗਲ ਵਿਚ ਪੱਲਾ ਡਾਰ । ਦਰ ਦਰਬਾਰਿਉਂ ਬਾਹਰ ਖਲੋਤਾ, ਦੋਏ ਜੋੜ ਕਰੇ ਨਿਮਸਕਾਰ । ਅਗੇ ਹਰਿ ਜੀ ਸਿੰਘਆਸਣ ਸੋਤਾ, ਉਠੇ ਭੁਜਾ ਪਸਾਰ । ਆ ਨਾਨਕ ਮੈਂ ਦਰ ਅਗੇ ਖਲੋਤਾ, ਜਿਸ ਨੇ ਤੈਨੂੰ ਦਿਤਾ ਇਕ ਆਕਾਰ ।

ਸਾਚਾ ਰਥ ਮੈਂ ਲਈ ਖਲੋਤਾ, ਉਤੇ ਮਾਰ ਛਾਲ ਹੋ ਅਸਵਾਰ । ਨੇਤਰ ਭਰ ਭਰ ਨੀਰ ਨਾਨਕ ਰੋਤਾ, ਨਾ ਜਾਏ ਝਲਿਆ ਚਮਤਕਾਰ । ਚਾਰੋਂ ਤਰਫ਼ ਵੇਖੇ ਝਿਲਮਿਲ ਜੋਤ ਕਰੇ ਅਪਾਰ । ਜੋਤੀ ਜੋਤ ਸਰੂਪ ਹਰਿ, ਤੇਰੀ ਮਹਿਮਾ ਰਸਨਾ ਗਾਏ ਏਕਾ ਅਪਰਅਪਾਰ । ਨਾਨਕ ਗਿਆ ਹਰਿਦੁਆਰੇ । ਅਗੋਂ ਮਿਲਿਆ ਪ੍ਰਭ ਅਬਿਨਾਸ਼ੀ ਦੋਵੇਂ ਭੁਜਾ ਪਸਾਰੇ । ਆ ਨਾਨਕ ਅੱਠੇ ਪਹਰ ਮੇਰੀ ਤੇਰੀ ਤੇਰੀ ਮੇਰੀ ਵੱਜਦੀ ਰਹੇ ਇਕ ਸਤਾਰੇ । ਤੇਰੀ ਆਤਮ ਮੇਰਾ ਘਰ, ਹਰਿ ਜੀ ਵਸੇ ਤੇਰੀ ਕਾਇਆ ਮਹੱਲ ਮੁਨਾਰੇ । ਜੋਤ ਸਰੂਪੀ ਜੋਤ ਹਰਿ, ਅਗੇ ਬੈਠਾ ਸੱਚੇ ਦਰਬਾਰੇ । ਤਖ਼ਤੇ ਬੈਠਾ ਸਚ ਸੁਲਤਾਨਾ । **ਦਰ ਘਰ ਸਾਚੇ ਆਇਆ ਨਾਨਕ ਪਹਿਨ ਗ਼ਰੀਬੀ ਬਾਨਾ** । ਪ੍ਰਭ ਅਬਿਨਾਸ਼ੀ ਕਿਰਪਾ ਕਰ ਆਪਣੀ ਹੱਥੀਂ ਬੱਧਾ ਗਾਨਾ । **ਦੂਜੀ ਵਸਤ ਹੱਥ ਫੜਾਈ, ਸਤਿਨਾਮ ਦਿਤਾ ਇਕ ਨਿਸ਼ਾਨਾ** । ਧਰਤਮਾਤ ਦੇ ਵਿਚ ਵੜ ਬੇਮੁਖਾਂ ਦੇ ਦਿਲ ਵਸਾਨਾ । ਜੋਤ ਸਰੂਪੀ ਜੋਤ ਹਰਿ ਏਕਾ ਤੈਨੂੰ ਦੇਵੇ ਦਾਜ, ਸਿਰ ਤੇਰੇ ਤੇ ਰਖੇ ਤਾਜ, ਚੜ੍ਹਿਆ ਫਿਰੇ ਵਿਚ ਪਵਣ ਬਿਬਾਨਾ । ਸਾਚਾ ਵਰ ਝੋਲੀ ਪਾ । ਆਪਣਾ ਹੁਕਮ ਦਿਤਾ ਸੁਣਾ । ਨਾਨਕ ਗੁਰ ਜਾ ਵਿਚ ਮਾਤ ਸਾਚੇ ਥਾਂ । ਜੋਤ ਸਰੂਪੀ ਜੋਤ ਹਰਿ, ਸਾਰਿਆਂ ਤਾਈ ਜਾ ਸੁਣਾ । ਨਾਮ ਸਤਿ ਲੈ ਕੇ ਆਇਆ । ਆਪੇ ਵੇਖੇ ਕੇਹੜਾ ਵੱਤ ਕੇਹੜਾ ਤਤ ਕੇਹੜਾ ਯਤ ਜਿਥੇ ਦੇ ਬਜਾਇਆ । ਇਹਦਾ ਫਲ ਲੱਗੇ ਸਤਿ, ਮਾਤਲੋਕ ਦੇ ਉਪਜਾਇਆ । ਰਸਨਾ ਚਰਖਾ ਲੈਣਾ ਕੱਤ, ਸਾਚਾ ਹੁਕਮ ਆਪ ਸੁਣਾਇਆ । ਚਾਰੋਂ ਤਰਫ਼ ਚਾਰੋਂ ਕੁੰਟ ਚਾਰ ਉਦਾਸੀ ਆਪੇ ਆਪ ਲਗਾਇਆ । ਚਾਰ ਕੂਟ ਨਾਨਕ ਜਾਏ । ਅੱਠੇ ਪਹਰ ਕੰਨ ਸੁਣਾਏ । ਬੇਮੁਖ ਜੀਵ ਨਾ ਭੁੱਲੋ ਹਰਿ ਰਾਏ । ਜਿਧਰ ਜਾਏ ਪੈਣ ਝਾੜਾਂ, ਸਿਰ ਤੇ ਫਿਰਦਾ ਭਾਰ ਉਠਾਏ । ਕਦੀ ਸੁੱਤਾ ਵਿਚ ਉਜਾੜਾਂ, ਰੋੜਾਂ ਸੇਜ ਵਿਛਾਏ । ਮੁਗਲ ਪਠਾਣੀ ਮਗਰ ਲੱਗੀ ਧਾੜਾ, ਸਿਰ ਤੇ ਭਾਰ ਚੁਕਾਏ । ਬੰਦੀਖ਼ਾਨੇ ਦੇ ਵਿਚ ਵੜਦਾ, ਆਪਣੀ ਹੱਥੀਂ ਚੱਕੀ ਆਪੇ ਆਪ ਚਲਾਏ । ਜੋਤੀ ਜੋਤ ਸਰੂਪ ਹਰਿ, ਅੱਠੇ ਪਹਰ ਰਸਨਾ ਨਾਲ ਗਾਉਂਦਾ ਜਾਏ । ਨਾਨਕ ਕਰੀ ਫੇਰ ਵਿਚਾਰ । ਕੇਹੜੀ ਲੱਭਾਂ ਦੂਜੀ ਧਾਰ । ਜੇਹੜੀ ਮੇਰੇ ਕੰਨ ਸੁਣਾਏ ਕਰਤਾਰ ਕਰਤਾਰ । ਬਾਂਹੋਂ ਪਕੜ ਮਰਦਾਨਾ ਕੀਆ ਖ਼ਬਰਦਾਰ । ਉਠਾ ਲਿਆ ਇਕ ਸਿਤਾਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰ । ਮਰਦਾਨਾ ਜਾਏ ਵਿਚ ਬਾਜਾਰ । ਫੜ ਫੜ ਟੋਹੇ ਇਕ ਸਿਤਾਰ । ਕੋਈ ਨਾ ਲਵੇ ਅਗੇ ਸਾਰ । ਆਤਮ ਡੋਲੇ ਨਾ ਮੁਖੋਂ ਬੋਲੇ ਕਿਧਰੋਂ ਆਇਆ ਪਾਸਾ ਹਾਰ । ਆਤਮ ਪਰਦਾ ਕੇਹੜਾ ਖੋਲ੍ਹੇ, ਬਾਹਰ ਬੈਠਾ ਵਿਚ ਉਜਾੜ । ਨਾਨਕ ਨਿਰੰਕਾਰ ਕੋਲ ਆਇਆ, ਮੁੜ ਕਰੇ ਨਿਮਸਕਾਰ । ਹਰਿ ਜੀ ਮੈਨੂੰ ਨਾ ਮਿਲੇ ਕੋਈ ਸਿਤਾਰ । **ਜੇਹੜੀ ਬੋਲੇ ਹਰਿ ਕਰਤਾਰ** । ਜਾ ਸਾਰੰਗਾ ਇਕੋ ਭਾਲ । **ਜੇਹੜਾ ਵੱਜਦਾ ਰਹਿਆ ਰਾਜੇ ਜਨਕ ਦੇ ਦਰਬਾਰ । ਮੇਰਾ ਉਹਦਾ ਤ੍ਰੇਤੇ ਜੁਗ ਦਾ ਸੱਚਾ ਹੈ ਪਿਆਰ** । ਕੀਤਾ ਹੋਇਆ ਪੱਕਾ ਵਾਇਦਾ, ਕਲਜੁਗ ਤੇਰੀ ਕਰੂੰ ਵਿਚਾਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰ । ਮਰਦਾਨਾ ਉਠੇ ਉਠ ਕੇ ਧਾਏ । ਅਗੋਂ ਮਿਲਿਆ ਇਕ ਬਾਲਾ ਮੋਢੇ ਸਿਤਾਰ ਉਠਾਏ । ਕਰਦੀ ਜਾਏ ਖੇਲ ਨਿਰਾਲਾ, ਗਾਉਂਦੀ ਜਾਏ ਨਿਰੰਕਾਰ । ਨਾ ਕੋਈ ਕਿੱਲੀ, ਨਾ ਹੋਵੇ ਕਿਸੇ ਪਾਸਿਉਂ ਢਿੱਲੀ, ਨਾ ਬਣਾਈ ਨਾ ਘੜਾਈ ਕਿਸੇ ਸੁਨਿਆਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰ । ਮਰਦਾਨੇ ਅਗੋਂ ਅਰਜ ਗੁਜ਼ਾਰੀ । ਓ ਬਾਲ ਨਾਦਾਨੇ ਇਹ ਲਭਦਾ ਨਾਨਕ ਨਿਰੰਕਾਰੀ । ਆਤਮ ਵੱਜੇ ਸੀਨੇ ਬਾਣਾ, ਕਿਥੇ ਬੈਠਾ ਸਚ ਦਰਬਾਰੀ । ਤਿੰਨ ਜੁਗ ਹੋ ਗਏ ਵਿਛੜਿਆਂ, ਹੁਣ ਕਲਜੁਗ ਆਈ ਮਿਲਣ ਦੀ ਵਾਰੀ । ਭੱਜਾ ਆਇਆ ਵਾਹੋ ਦਾਹੀ ਦੂਰੋਂ ਵੇਖੇ ਚਮਤਕਾਰ । ਦੂਰੋਂ ਕਰੇ ਨਿਮਸਕਾਰ । ਸਤਿਗੁਰ ਸਾਚਾ ਕਿਰਪਾ ਧਾਰ । ਪੂਰਬ ਕਰਮ ਰਹਿਆ ਵਿਚਾਰ । ਦੋਹਾਂ ਹੱਥਾਂ ਦੇਵੇ ਪਿਆਰ । ਜੋਤੀ ਜੋਤ ਸਰੂਪ ਹਰਿ, ਆਪ ਦਾਤਾਰ । **ਸਾਚੀ ਸਿਤਾਰ ਸੰਗ ਰਲਾਈ** । ਇਕ ਧਾਰ ਜਿਸ ਰਖਾਈ । ਚਾਰੋਂ ਕੁੰਟ ਵਿਚ ਫਿਰਾਈ । ਬੇਮੁਖਾਂ ਮਤ ਦੇ ਸਮਝਾਈ । ਫੜ ਫੜ ਬਾਂਹੋਂ ਰਾਹੇ ਪਾਈ । ਭਰਮ ਭੁਲੇਖਾ ਰਹੇ ਨਾਹੀਂ । ਜੋਤੀ ਜੋਤ ਸਰੂਪ ਹਰਿ, ਵਸੇ ਸਭਨੀ ਥਾਈ । **ਨਾਨਕ ਤੇਰੀ ਸਚ ਸਿਤਾਰ । ਕਰਦੀ ਰਹੀ ਸਚ ਪੁਕਾਰ** । ਪ੍ਰਭ ਅਬਿਨਾਸ਼ੀ ਸਦਾ ਰਹਿਆ ਉਤੋਂ ਪਰਦੇ ਸਭ ਉਤਾਰ । ਸਾਚਾ ਜੋੜ ਜੁੜਦਾ ਰਹਿਆ, ਪੂਰਬ ਕਰਮ ਲਿਆ ਵਿਚਾਰ । ਅੰਤਮ ਅੰਤ ਕਲਜੁਗ ਨਿਹਕਲੰਕ ਲਿਆ ਅਵਤਾਰ । ਸਾਚਾ ਕਰਮ ਹਰਿ ਕਮਾਇਆ । **ਪਿਛਲਾ ਗਾਇਆ ਲੇਖੇ ਲਾਇਆ** । ਗੁਰਮੁਖ ਸਾਚੇ ਸਾਚੇ ਘਰ ਵਿਚ ਮਾਤ ਜਨਮ ਦਵਾਇਆ । ਪ੍ਰਭ ਅਬਿਨਾਸ਼ੀ ਕਿਰਪਾ ਕਰ ਅੱਠੇ ਪਹਰ ਜਿਸ ਦੇ ਵਿਚ ਸਮਾਇਆ । ਗੁਰਮੁਖ ਸਾਚੇ ਵੇਖ ਵਿਚਾਰੋ, ਅੰਤਮ ਅੰਤ ਕਲਜੁਗ ਨਿਹਕਲੰਕ ਲਿਆ ਅਵਤਾਰ । **ਸਾਚਾ ਕਰਮ ਹਰਿ ਕਮਾਇਆ । ਆਪੇ ਕਰ ਹਰਿ ਵਿਚਾਰ ਸਿੰਘ ਮਨਜੀਤ ਨਾਮ ਰਖਾਇਆ** ।

(ਪਹਿਲੀ ਮਾਘ ੨੦੧੦ ਬਿਕ੍ਰਮੀ)

## * ਜੋਤ ਪਰਵੇਸ਼ *
## ੨੬ ਪੋਹ ੨੦੦੦ ਬਿਕ੍ਰਮੀ ( ੯ ਜਨਵਰੀ ੧੯੪੪ ਈਸਵੀਂ )

ਮਹਾਰਾਜ ਸ਼ੇਰ ਸਿੰਘ ਤਨ ਵਜੂਦ ਮਾਟੀ ਖ਼ਾਕ ਪੰਜ ਤਤ ਦਾ ਪੁਤਲਾ ਸਰਗੁਣ ਸਰੂਪ ਬਵੰਜਾ ਸਾਲ ਦੀ ਆਯੂ ਭੋਗ ਕੇ ਇਸ ਸੰਸਾਰ ਮਾਤਲੋਕ ਵਿਚੋਂ ਛੱਬੀ ਪੋਹ ਵੀਹ ਸੌ ਬਿਕ੍ਰਮੀ ਨੂੰ ਦੇਹ ਛੱਡ ਕੇ ਆਪਣੀ ਜੋਤ ਨੂੰ ਸਚਖੰਡ ਪੁਰਖ ਅਕਾਲ ਦੀ ਨਿਰਗੁਣ ਧਾਰ ਜੋਤ ਵਿਚ ਮਿਲਾ ਕੇ ਫਿਰ ਓਸੇ ਸਮੇਂ ਅਗੰਮੀ ਖੇਲ ਕਰਨ ਵਾਸਤੇ ਜੋਤ ਸ਼ਬਦ ਦੀ ਧਾਰ ਬਣ ਕੇ ਪੂਰਨ ਸਿੰਘ ਸਪੁੱਤਰ ਸਰਦਾਰ ਪਾਲ ਸਿੰਘ ਦੇ ਪਵਿੱਤਰ ਸ਼ਰੀਰ ਵਿਚ ਪ੍ਰਗਟ ਹੋ ਗਏ । ਇਟਲੀ ਮੁਲਕ ਬ੍ਰਿੰਡਸੀ ਸ਼ਹਿਰ ਵਿਚ ਪੂਰਨ ਸਿੰਘ ਫੌਜੀ ਨੌਕਰੀ ਕਰਦਾ ਸੀ ਅਤੇ ਰਾਤ ਦੇ ਦਸ ਵਜੇ ਸਤਿਜੁਗ ਦੀ ਧਾਰ ਨਵਿਤ ਸਾਰੇ ਸੰਸਾਰ ਦਾ ਪ੍ਰਭੂ ਦਾ ਨਾਮ ਜਪਣ ਵਾਲਾ ਜੈਕਾਰਾ ਪ੍ਰਸਿਧ ਕੀਤਾ ਜੋ ਕਿ ਸਰਬ ਮਾਨਵ ਜਾਤੀ ਆਤਮਾ ਪ੍ਰਮਾਤਮਾ ਦੇ ਅਧਾਰ ਉਤੇ ਹੈ । ਜੈਕਾਰਾ ਇਸ ਪ੍ਰਕਾਰ ਹੈ :

**" ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ "**

੨੬ ਪੋਹ ੨੦੦੦ ਬਿਕ੍ਰਮੀ ਦਾ ਦਿਨ ਸੀ । ਸੂਰਜ ਛੁਪ ਚੁਕਾ ਸੀ ਅਤੇ ਸ਼ਾਮ ਵੇਲੇ ਦਾ ਘੁਸ ਮੁਸਾ ਜਿਹਾ ਹੋ ਗਿਆ ਸੀ । ਸ੍ਰੀ ਪੂਰਨ ਸਿੰਘ ਆਪਣੀ ਬੈਰਕ ਤੋਂ ਬਾਹਰ ਘੁੰਮਣ ਫਿਰਨ ਵਾਸਤੇ ਨਿਕਲ ਪਏ । ਰਸਤੇ ਵਿਚ ਉਨਹਾਂ ਨੂੰ ਇਕ ਬਹੁਤ ਬਿਰਧ ਸਰਦਾਰ ਸਾਹਿਬ ਜਿਨ੍ਹਾਂ ਦੇ ਚਿਹਰੇ ਤੋਂ ਜਲਾਲ ਟਪਕਦਾ ਸੀ ਅਤੇ ਸ਼ਰੀਰ ਦੇ ਸਾਰੇ ਰੋਮ ਸਫੇਦ ਸੀ, ਮਿਲੇ । ਦੋਹਾਂ ਇਕ ਦੂਜੇ ਨੂੰ ਫਤਹ ਗਜਾਈ । ਇਸ ਤੋਂ ਤੁਰੰਤ ਬਾਦ ਉਸ ਬਜ਼ੁਰਗ ਸਰਦਾਰ ਸਾਹਿਬ ਨੇ ਸ੍ਰੀ ਪੂਰਨ ਸਿੰਘ ਨੂੰ ਸੰਬੋਧਨ ਕਰਦਿਆਂ ਹੋਇਆ ਪੁਛਿਆ ਕਿ ਸਿੰਘ ਜੀ ਸਾਡੀ ਆਪ ਤਾਈਂ ਇਕ ਗਰਜ ਹੈ । ਜੇ ਤੁਸੀਂ ਇਸ ਨੂੰ ਪੂਰਾ ਕਰਨ ਦਾ ਬਚਨ ਦਿਉ ਤੇ ਮੈਂ ਆਖਾਂ । ਇਸ ਦੇ ਜਵਾਬ ਵਿਚ ਸ੍ਰੀ ਪੂਰਨ ਸਿੰਘ ਆਖਣ ਲੱਗੇ ਕਿ ਮੇਰੇ ਵਸ ਵਿਚ ਹੋਇਆ ਤੇ ਮੈਂ ਪੂਰੀ ਕਰਨ ਦੀ ਕੋਸ਼ਿਸ਼ ਕਰਾਂਗਾ (ਮਹਾਰਾਜ ਪੂਰਨ ਸਿੰਘ ਜੀ ਫਰਮਾਂਦੇ ਸਨ ਕਿ ਉਨ੍ਹਾਂ ਇਹ ਸਮਝਿਆ ਕਿ ਯੁੱਧ ਕਾਰਨ ਚੀਨੀ ਅਤੇ ਅੰਨ ਦੀ ਬੜੀ ਥੋੜ ਹੈ, ਸ਼ਾਇਦ ਇਹ ਬਜੁਰਗ ਸਿੰਘ ਸਾਹਿਬ ਚੀਨੀ ਜਾਂ ਅੰਨ ਸਵਾਲ ਅੱਗੇ ਰੱਖਣਗੇ) ਪਰੰਤੂ ਉਸ ਤੇਜਸਵੀ ਬਜ਼ੁਰਗ ਸਰਦਾਰ ਜੀ ਨੇ ਫਿਰ ਬਚਨ ਕੀਤਾ ਕਿ ਅਸੀਂ ਤੁਸਾਂ ਕੇਵਲ ਉਹੀ ਸੇਵਾ ਵਾਸਤੇ ਕਹਾਂਗੇ ਜੋ ਤੁਸੀਂ ਕਰ ਸਕੋਗੇ । ਪਰ ਸ੍ਰੀ ਪੂਰਨ ਸਿੰਘ ਨੇ ਫੇਰ ਉੱਤਰ ਦਿੱਤਾ ਕਿ ਦੱਸੋ ਆਪ ਜੀ ਦਾ ਕੀ ਸਵਾਲ ਹੈ । ਮੈਂ ਉਸ ਨੂੰ ਯਥਾ ਸ਼ਕਤ ਪੂਰਾ ਕਰਨ ਦਾ ਯਤਨ ਕਰਾਂਗਾ । ਉਸ ਪ੍ਰਤਾਪੀ ਮਹਾਂਪੁਰਸ਼ ਨੇ ਦੋਬਾਰਾ ਕਿਹਾ ਕਿ ਤੁਸੀਂ ਉਸ ਨੂੰ ਨਭਾ ਸਕੋਗੇ, ਅਗਰ ਤੁਸੀਂ ਬਿਨਾ ਕਿਸੇ ਰਖ ਰਖਾਓ ਦੇ ਇਹ ਸੇਵਾ ਕਰਨ ਦਾ ਬਚਨ ਦੇਂਦੇ ਜੇ ਤੇ ਤਾਂ ਮੈਂ ਦਸਾਂਗਾ, ਨਹੀਂ ਤੇ ਨਹੀਂ । ਤੀਸਰੀ ਵੇਰ ਪੁੱਛਣ ਤੇ ਸ੍ਰੀ ਪੂਰਨ ਸਿੰਘ ਨੇ ਉਸ ਨੂੰ ਇਹ ਬਚਨ ਦੇ ਦਿਤਾ ਕਿ ਦੱਸੋ ਉਹ ਕਿਹੜੀ ਸੇਵਾ ਹੈ ਜੋ ਕਰ ਸਕਦਾ ਹਾਂ । ਸ੍ਰੀ ਪੂਰਨ ਸਿੰਘ ਦੇ ਬਚਨ ਕਰਦੇ ਹੀ ਦੇਰੀ ਸੀ ਕਿ ਉਸ ਦੈਵੀ ਸਾਕਾਰ ਸਰੂਪ ਨੇ ਪਵਨ ਅਤੇ ਨੂਰ ਦਾ ਰੂਪ ਧਾਰਨ ਕਰਦਿਆਂ ਹੋਇਆ ਸ੍ਰੀ ਪੂਰਨ ਸਿੰਘ ਅੰਦਰ ਪ੍ਰਵੇਸ਼ ਕਰਨਾ ਸ਼ੁਰੂ ਕਰ ਦਿੱਤਾ ਅਤੇ ਸ੍ਰੀ ਪੂਰਨ ਸਿੰਘ ਦੀ ਦੇਹੀ ਵਿਚ ਸੰਪੂਰਨ ਤੌਰ ਤੇ ਘੁਲ ਮਿਲ ਗਏ ।

ਬੈਰਕ ਤਕ ਪੁੱਜਦਿਆਂ ਪੁੱਜਦਿਆਂ ਉਨ੍ਹਾਂ ਨੂੰ ਬਹੁਤ ਤੇਜ ਬੁਖਾਰ ਆ ਗਿਆ । ਓਸੇ ਸਮੇਂ ਡਾਕਟਰਾਂ ਨੂੰ ਬੁਲਾਇਆ ਗਿਆ । ਡਾਕਟਰ ਹੈਰਾਨ ਸਨ ਕਿ ਸ੍ਰੀ ਪੂਰਨ ਸਿੰਘ ਦੇ ਤਾਪਮਾਨ ਵਿਚ ਏਨੀ ਛੇਤੀ-ਛੇਤੀ ਇਤਨੇ ਜੋਰ ਦਾ ਉਤਾਰ ਚੜ੍ਹਾਉ ਕਿਉਂ ਆ ਰਿਹਾ ਹੈ । ਕਦੀ ਤਾਪਮਾਨ ੧੦੬-੧੦੭ ਡਿਗਰੀ ਵਧ ਜਾਂਦਾ, ਕਦੀ ਬਿਲਕੁਲ ਸਾਧਾਰਨ ਹੋ ਜਾਂਦਾ ਤੇ ਸਰੀਰ ਠੰਡਾ ਹੋ ਜਾਂਦਾ ਅਤੇ ਨਬਜਾਂ ਬੰਦ ਹੋ ਜਾਂਦੀਆਂ । ਕੁਝ ਦਿਨ ਤਕ ਬੁਖਾਰ ਏਸੇ ਤਰਾਂ ਲੁਕਨ ਮਿਟੀ ਦਾ ਖੇਲ ਖੇਡਦਾ ਰਿਹਾ ਅਤੇ ਡਾਕਟਰਾਂ ਨੂੰ ਪਰੇਸ਼ਾਨ ਰੱਖਿਆ । ਅੰਤ ਡਾਕਟਰਾਂ ਸ੍ਰੀ ਪੂਰਨ ਸਿੰਘ ਨੂੰ ਇਲਾਜ ਵਾਸਤੇ ਇਟਲੀ ਤੋਂ ਵਾਪਸ ਉਨ੍ਹਾਂ ਦੇ ਪ੍ਰਦੇਸ ਫੌਜੀ ਸ਼ਿਵਰ ਕਾਹਰਾ, ਮਿਸਰ, ਭੇਜ ਦਿੱਤਾ ਪਰ ਏਥੇ ਆਕੇ ਵੀ ਬਿਮਾਰੀ ਵਿਚ ਕੋਈ ਸੁਧਾਰ ਨਾ ਹੋਇਆ । ਅੰਤ ਇਸ ਅਦਭੁਤ ਮਰਜ ਬਾਰੇ ਫੌਜੀ ਚਿਕਿਤਸਾ ਬੋਰਡ ਵਿਚ ਵਿਚਾਰ ਕੀਤੀ ਗਈ । ਇਹ ਬੋਰਡ ਇਸ ਨਤੀਜੇ ਤੇ ਪੁੱਜਾ ਕਿ ਸ੍ਰੀ ਪੂਰਨ ਸਿੰਘ ਜੀ ਨੂੰ ਇਲਾਜ ਵਾਸਤੇ ਵਾਪਸ ਭਾਰਤ ਭੇਜ ਦਿੱਤਾ ਜਾਵੇ ।

ਮਹਾਰਾਜ ਪੂਰਨ ਸਿੰਘ ਇਹ ਵੀ ਦੱਸਿਆ ਕਰਦੇ ਸਨ ਕਿ ਉਪਰੋਤਕ ਹਾਦਸੇ ਦੇ ਵਾਪਰਨ ਤੋਂ ਕੁਝ ਦਿਨ ਪਹਿਲਾਂ ਦੀ ਗੱਲ ਹੈ ਕਿ ਇਕ ਰਾਤ ਜਦ ਉਹ ਸੌਣ ਲਈ ਆਪਣੇ ਬਿਸਤਰੇ ਤੇ ਸੁੱਤ-ਅਣੀਂਦੇ ਲੇਟੇ ਹੋਏ ਸਨ ਤਾਂ ਕੀ ਵੇਖਦੇ ਹਨ ਕਿ ਹਜ਼ਰਤ ਈਸਾ ਦੇ ਅਰਸ਼ੀ ਬਾਪ " ਰੂਮ ਸ਼ਾਹ ਮੁਲਾਣਾ ਨਿਰੰਕਾਰ " (ਇਹ ਵੇਸ ਦਿੱਲੀ ਵਿਖੇ ਮਹਾਰਾਜ ਪੂਰਨ ਸਿੰਘ ਨੇ ਫੁੱਲਾਂ ਦੇ ੧੫੧ ਹਾਰਾਂ ਨਾਲ ਆਪਣਾ ਸ਼ਿੰਗਾਰ ਕਰਕੇ ਬਣਾਇਆ ਸੀ) ਦੇ ਭੇਸ ਵਿਚ ਉਨਾਂ ਦੇ ਸਰਹਾਣੇ ਵਲ ਆ ਖਲੋਤੇ ਹਨ । ਰੂਮ ਸ਼ਾਹ ਮੁਲਾਣਾ ਨਿਰੰਕਾਰ ਦੀ ਦੇਹੀ ਨੂਰੀ ਸੀ ਅਤੇ ਹੱਥ ਵਿਚ ਇਕ ਨੂਰੀ ਚੋਬ ਫੜੀ ਹੋਈ ਸੀ । ਨੂਰੀ ਮੌਲਾਣਾ ਸਹਿਜੇ ਦੇਣੀ ਚਲ ਕੇ ਪੂਰਨ ਸਿੰਘ (ਸ਼ਾਹ ਰੂਮ) ਦੀ ਚਾਰਪਾਈ ਦੀ ਪੁਆਂਦੀ ਵਲ ਚਲੇ ਆਏ ਅਤੇ ਜਦ ਉਨ੍ਹਾਂ ਪੂਰਨ ਸਿੰਘ ਦੇ ਪੈਰਾਂ ਨੂੰ ਆਪਣੀ ਛੜੀ ਨਾਲ ਸਪਰਸ਼ ਦਿਤਾ ਤਾਂ ਪੂਰਨ ਸਿੰਘ ਚੇਤੰਨ ਹੋ ਕੇ ਬੈਠੇ ਗਏ । ਫਿਰ ਨੂਰੀ ਰੂਮ ਸ਼ਾਹ ਮੌਲਾਣੇ ਨੂੰ ਆਪਣੇ ਸਾਮ੍ਹਣੇ ਖੜੇ ਮੁਸਕਰਾਉਂਦੇ ਵੇਖ ਸ੍ਰੀ ਪੂਰਨ ਸਿੰਘ ਨੇ ਨਿਮਸਕਾਰ ਕੀਤੀ । ਫਿਰ ਨੂਰੀ ਰੂਮ ਸ਼ਾਹ ਮੌਲਾਣਾ ਆਖਣ ਲੱਗੇ ਕਿ ਪੂਰਨ ਸਿੰਹਾਂ ਤੂੰ ਏਥੇ ਸੁੱਤਾ ਪਿਆ ਜੇ, ਤੈਨੂੰ ਭਾਰਤ ਦੀ ਧਰਤੀ ਯਾਦ ਕਰ ਰਹੀ ਹੈ । ਓੱਥੇ ਜਾ ਕੇ ਆਪਣਾ ਉਹ ਧਾਰਮਿਕ ਕਾਰਜ ਆਰੰਭ ਕਰ ਜਿਸ ਵਾਸਤੇ ਤੈਂ ਜਨਮ ਧਾਰਨ ਕੀਤਾ ਹੈ । ਇਸ ਤੋਂ ਪਹਿਲਾਂ ਕਿ ਕਵਾਟਰ ਮਾਸਟਰ ਸ੍ਰੀ ਪੂਰਨ ਸਿੰਘ ਆਪਣੀ ਰਸਨਾ ਚੋਂ ਕੁਝ ਬੋਲਦੇ, ਰੂਮ ਸ਼ਾਹ ਮੌਲਾਣਾ ਨਿਰੰਕਾਰ ਆਪਣਾ ਹੁਕਮ ਦੇ ਕੇ ਅਲੋਪ ਹੋ ਚੁਕੇ ਸਨ ।

**ਰੂਮਾ ਸ਼ਾਹ ਰਹਿਆ ਬਿਰਾਜ । ਚੋਬਦਾਰ ਮਾਰੇ ਆਵਾਜ਼ । ਮਾਤਲੋਕ ਲਿਆਏ ਫੂਲਨ ਤਾਜ । ਉਠੇ ਸ਼ਾਹ ਲਾਜਨ ਲਾਜ । ਤਨ ਸ਼ਿੰਗਾਰੇ ਵੇਖ ਵਿਚਾਰੇ ਕੀ ਹੁਕਮ ਕਰਨਾ ਆਜ । ਜੋਤੀ ਜੋਤ ਸਰੂਪ ਹਰਿ, ਸਭ ਸਾਜਨਾ ਰਹਿਆ ਸਾਜ । ਆਸਣ ਛੱਡੇ ਸਚ ਸੁਲਤਾਨਾ । ਦੋਏ ਜੋੜ ਕਰੇ ਧਿਆਨਾ । ਖ਼ੁਦੀ ਖ਼ੁਦਾਈ ਦੇਣੀ ਮਾਰ, ਰਹਮਤ ਰਹਮਾਨ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਰੂਮੇ ਸ਼ਾਹ ਦਿਤਾ ਸੱਚਾ ਹਰਿ ਇਕ ਪ੍ਰਵਾਨਾ । ਇਕ ਪ੍ਰਵਾਨਾ ਲਿਖਿਆ ਲੇਖ । ਗੁਰਮੁਖਾਂ ਨੇਤਰ ਲੈਣਾ ਪੇਖ । ਮਾਦਰੇ ਬ੍ਰਿੰਡਸੀ ਧਰਿਆ ਭੇਖ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਰੇ ਸਾਚੀ ਮੇਖ । ਆਏ ਦਰ ਲਏ ਪ੍ਰਵਾਨਾ । ਵਾਹ ਵਾਹ ਲਿਖਿਆ ਲੇਖ ਵਿਸ਼ਨ ਮਿਹਰਬਾਨਾ । ਮਰਯਾ ਪੂਤ ਗੁਣਨਿਧਾਨਾ । ਪਿਤਾ ਨਾ ਦਿਸੇ ਕੋਈ ਜਹਾਨਾ । ਧੁਰਦਰਗਾਹੀ ਲਿਖਿਆ ਲੇਖ, ਅੰਤਮ ਪ੍ਰਗਟੇ ਨਿਹਕਲੰਕ ਬਲੀ ਬਲਵਾਨਾ । ਜੋਤੀ ਜੋਤ ਸਰੂਪ ਹਰਿ, ਦੂਰ ਦੁਰਾਡੇ ਅੱਡੋ ਆਡੇ ਨਾੜੀ ਬਲੋਏ ਕਰੇ ਸਰਬ ਪਛਾਨਾ ।** (੩ ਅੱਸੂ ੨੦੧੧ ਬਿਕ੍ਰਮੀ)

ਛੁਟੀ ਆਉਣ ਤੋਂ ਇਕ ਦੋ ਦਿਨ ਬਾਦ ਦੀ ਗੱਲ ਹੈ । ਸ਼ਾਮ ਦਾ ਸਮਾਂ ਸੀ ਅਤੇ ਸ੍ਰੀ ਪੂਰਨ ਸਿੰਘ ਜੀ ਚਾਦਰ ਓੜ੍ਹੀ ਲੇਟੇ ਹੋਏ ਸਨ ਕਿ ਇਕ ਸੱਜਨ ਉਨ੍ਹਾਂ ਨੂੰ ਮਿਲਣ ਆਇਆ । ਉਸ ਨੇ ਆਵਾਜ ਮਾਰ ਕੇ ਸ੍ਰੀ ਪੂਰਨ ਸਿੰਘ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ ਪਰ ਅਗੋਂ ਕੋਈ ਉੱਤਰ ਨਾਂ ਆਇਆ । ਉਹ ਨੇ ਅਗਾਂਹ ਵਧ ਕੇ ਸ੍ਰੀ ਪੂਰਨ ਸਿੰਘ ਜੀ ਦੇ ਪੈਰ ਹਿਲਾਇਆ ਤਾਂ ਜੋ ਉਹ ਜਾਗ ਪੈਣ ਪਰ ਉਹ ਫਿਰ ਭੀ ਨਾ ਜਾਗੇ ਅਤੇ ਗੁਮ ਸੁਮ ਪਏ ਰਹੇ । ਜਦ ਉਸ ਸੱਜਨ ਨੇ ਨਬਜ ਵੇਖੀ ਤਾਂ ਉਹ ਵੀ ਬੰਦ ਸੀ । ਬਸ ਫੇਰ ਕੀ ਸੀ, ਸਾਰੇ ਘਰ ਵਿਚ ਹਾਹਾਕਾਰ ਮਚ ਗਈ ਕਿ ਸ੍ਰੀ ਪੂਰਨ ਸਿੰਘ ਮਰ ਗਏ ਹਨ । ਪਰਿਵਾਰ ਦੇ ਜੀਅ ਜੋ ਖੇਤਾਂ ਵਿਚ ਕੰਮ ਕਰ ਰਹੇ ਸਨ ਉਹ ਇਹ ਰੋਣਾ ਧੋਣਾ ਸੁਣ ਕੇ ਘਰ ਵਲ ਭੱਜ ਉਠੇ । ਪਰੰਤੂ ਜਦ ਪ੍ਰੀਤਮ ਸਿੰਘ (ਸ੍ਰੀ ਪੂਰਨ ਸਿੰਘ ਜੀ ਦਾ ਸਗਾ ਚਚੇਰਾ ਭਾਈ) ਨੇ ਆਪਣਾ ਪੈਰ ਦਰਵਾਜੇ ਦੀ ਦਲੀਜ਼ ਦੇ ਅੰਦਰ ਧਰਿਆ ਤਾਂ ਸ੍ਰੀ ਪੂਰਨ ਸਿੰਘ ਜੀ ਕਾਨੇ ਵਾਂਗ ਸਿਧੇ ਬਿਨਾ ਕੋਈ ਵਲ ਖਾਧਿਆਂ ਉਠ ਖਲੋਤੇ ਅਤੇ ਉਨ੍ਹਾਂ ਦੇ ਮੁਖ ਵਿਚੋਂ ਇਹ ਸ਼ਬਦ ਨਿਕਲੇ :

**" ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ "**

ਇਹ ਸ਼ਬਦ ਹਵਲਦਾਰ ਪੂਰਨ ਸਿੰਘ ਦੇ ਨਹੀਂ ਸਨ, ਸਗੋਂ ਇਨ੍ਹਾਂ ਨੂੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨੇ ਜੋਤੀ ਆਕਾਰ ਕਰ ਕੇ ਬੋਲੇ ਸਨ ਅਤੇ ਮੁੜ ਪ੍ਰੀਤਮ ਸਿੰਘ ਨੂੰ ਸੰਬੋਧਨ ਕਰਦਿਆਂ ਹੋਇਆਂ ਕਹਿਣ ਲਗੇ - " ਪ੍ਰੀਤਮ ਸਿੰਘਾ, ਸਾਡੇ ਹੁੰਦਿਆਂ ਪੂਰਨ ਸਿੰਘ ਨੂੰ ਕੌਣ ਮਾਰ ਸਕਦਾ ਹੈ । ਮੈਂ ਕੋਈ ਭੂਤ ਪ੍ਰੇਤ ਨਹੀਂ । ਮੈਂ ਮਹਾਰਾਜ ਸ਼ੇਰ ਸਿੰਘ ਪਰੀ ਪੂਰਨ

ਪਰਮਾਤਮਾ ਹਾਂ ਜੋ ਦੇਹ ਛਡ ਕੇ ਜੋਤ ਸਰੂਪ ਹੋ ਮੁੜ ਮਾਤ ਅੰਦਰ ਆਇਆ ਹਾਂ । ਅਸੀਂ ਆਪਣਾ ਜਨਮ ਦਿਨ ਪੰਜ ਜੇਠ ਘਵਿੰਡ ਜਾ ਕੇ ਮਨਾਣਾ ਹੈ । ਸਾਰੀ ਸੰਗਤ ਘਵਿੰਡ ਚਲੇ । " ਅਜੇਹੇ ਬਚਨ ਸੁਣ ਕੇ ਘਰ ਵਾਲੇ ਪ੍ਰਭੂ ਦੀ ਜੋਤ ਸਰੂਪ ਖੇਡ ਨੂੰ ਨਾ ਜਾਣ ਸਕੇ ਤੇ ਘਬਰਾ ਗਏ ਅਤੇ ਮਸਤਾਨਾ ਸਮਝ ਰਹੇ ਸਨ । ਜਦ ਤਕ ਪ੍ਰਭੂ ਆਪਣਾ ਆਪ ਕਿਸੇ ਨੂੰ ਨਾ ਜਣਾਏ ਤਦ ਤਕ ਜੀਵ ਸਮਝ ਵੀ ਨਹੀਂ ਸਕਦਾ ਹੈ ।

**ਵੀਹ ਸੌ ਇਕ ਬਿਕ੍ਰਮੀ ਪਿਆਰੀ । ਕੀਤੀ ਅਸਾਂ ਖੇਲ ਨਿਆਰੀ । ਜੇਠ ਪਹਿਲੀ ਮੰਗਲਵਾਰੀ । ਆਪਣੀ ਜੋਤ ਆਕਾਸ਼ੋਂ ਉਤਾਰੀ । ਦੋ ਜੇਠ ਨੂੰ ਖੇਲ ਰਚਾਇਆ । ਪੂਰਨ ਸਿੰਘ ਵਿਚ ਪਰਮੇਸ਼੍ਵਰ ਆਇਆ । ਹੋਈ ਸੰਧਿਆ ਪਾਈ ਫੇਰੀ । ਕਲਜੁਗ ਦੀ ਢਾਹੀ ਢੇਰੀ । ਸਾਢੇ ਸੱਤ ਦਾ ਹੋਇਆ ਵੇਲਾ । ਸਤਿਗੁਰ ਨੇ ਪਾਇਆ ਫੇਰਾ । ਐਸੀ ਅਸਾਂ ਕਲਾ ਵਖਾਈ । ਪੂਰਨ ਸਿੰਘ ਦੀ ਨਬਜ ਹਟਾਈ । ਘਰ ਦੇ ਸਾਰੇ ਦੇਣ ਦੁਹਾਈ । ਪ੍ਰੀਤਮ ਸਿੰਘ ਨੂੰ ਆਵਾਜ਼ ਲਗਾਈ । ਛੇਤੀ ਆਜਾ ਘਰ ਅਸਾਡੇ । ਭਾਣਾ ਵਰਤਿਆ ਸਤਿਗੁਰ ਡਾਢੇ । ਭੇਤ ਅਸਾਡਾ ਕਿਨੈ ਨਾ ਪਾਇਆ । ਹਾ ਹਾ ਕਰਕੇ ਸ਼ੋਰ ਮਚਾਇਆ । ਮੈਂ ਆਪਣੀ ਜੋਤ ਪ੍ਰਗਟਾ ਕੇ । ਆਪ ਆਪਣੀ ਜੋਤ ਜਗਾ ਕੇ । ਮਹਾਰਾਜ ਸ਼ੇਰ ਸਿੰਘ ਨਾਮ ਰਖਾ ਕੇ । ਐਸਾ ਦੇਹ ਨੂੰ ਵਟ ਚੜ੍ਹਾ ਕੇ । ਐਸਾ ਵਟ ਇਹਨੂੰ ਚੜ੍ਹਾਇਆ । ਸਾਰੀ ਖ਼ਲਕਤ ਨੂੰ ਖ਼ਾਕ ਰਲਾਇਆ । ਜੋਤ ਨੇ ਫੇਰ ਜੋਰ ਸੀ ਪਾਇਆ । ਸਿੱਖਾਂ ਤਾਈ ਫੇਰ ਉਠਾਇਆ । ਪੰਜਵੀਂ ਜੇਠ ਦਾ ਦਿਨ ਸੀ ਆਇਆ । ਸੰਗਤਾਂ ਨੂੰ ਫਿਰ ਮਾਣ ਦਵਾਇਆ । ਚਾਰ ਜੇਠ ਥਿਤ ਵਾਰ ਲਿਖਾ ਕੇ । ਪਰਗਟ ਹੋਇਆ ਘਵਿੰਡ ਵਿਚ ਆ ਕੇ । ਛੱਬੀ ਪੋਹ ਨੂੰ ਸੀ ਦੇਹ ਤਜਾਈ । ਝੂਠੀ ਦੇਹ ਭਸਮ ਕਰਾਈ । ਐਸੀ ਭਸਮ ਏਸ ਦੀ ਹੋਈ । ਹਾਹਾਕਾਰ ਸ੍ਰਿਸ਼ਟੀ ਰੋਈ । ਮੈਂ ਆਪਣਾ ਆਪ ਪ੍ਰਗਟਾ ਕੇ । ਦਿਤਾ ਦਰਸ ਆਪ ਆ ਕੇ । ਐਸੀ ਵਰਤਾਈ ਖੇਲ ਅਪਾਰਾ । ਦਿਤਾ ਬਾਣੀ ਦਾ ਖੋਲ੍ਹ ਭੰਡਾਰਾ । ਸੋਲਾਂ ਪਹਰ ਫਿਰ ਆਪ ਖਲੋ ਕੇ । ਪੂਰਨ ਵਿਚ ਪਰਮੇਸ਼੍ਵਰ ਹੋ ਕੇ । ਐਸੀ ਰਸਨਾ ਅਸਾਂ ਚਲਾਈ । ਦਰਬਾਰ ਸਾਹਿਬ ਦੀ ਬਾਣੀ ਅਲਾਈ । ਚੌਦਾਂ ਸੌ ਤੀਹ ਅੰਕ ਦੇ ਤਾਈ । ਬਾਣੀ ਪੜ੍ਹ ਪੜ੍ਹ ਸੰਗਤ ਕੰਨ ਪਾਈ । ਅਠਾਰਾਂ ਧਿਆਏ ਗੀਤਾ ਦੇ ਗਾਏ । ਮੁਖੋਂ ਐਸੇ ਬਚਨ ਸੁਣਾਏ । ਮੇਰੇ ਸਾਮ੍ਹਣੇ ਕੋਈ ਚਲ ਕੇ ਆਏ । ਸਭ ਭੁਲੇਖੇ ਦਿਲ ਤੋਂ ਲਾਹੇ । ਕੁਰਾਨ ਮਜੀਦ ਇੰਜੀਲ ਦੇ ਤਾਈ । ਮੁਹੰਮਦ ਈਸਾ ਜਿਨ੍ਹ ਲਿਖਤ ਕਰਾਈ । ਇਹਨਾਂ ਸਭਨਾ ਦਾ ਹੁਣ ਮਾਣ ਹਟਾਇਆ । ਸੋਹੰ ਸ਼ਬਦ ਪ੍ਰਚਲਤ ਕਰਾਇਆ । ਆਪਣੇ ਨਾਮ ਦੀ ਜੈ ਕਰਾਈ । ਬਾਕੀ ਸਭ ਦੀ ਕਰੀ ਸਫਾਈ । ਐਸਾ ਨਾਮ ਸਿੱਖਾਂ ਕੋ ਦੇ ਕੇ । ਆ ਬੈਠਾ ਹੁਣ ਪਰਗਟ ਹੋ ਕੇ । ਮੇਰੀ ਜੋ ਬਣਾਈ ਸੋ ਢੇਰੀ । ਓਥੋਂ ਪ੍ਰਗਟੀ ਜੋਤ ਸੀ ਮੇਰੀ । ਐਸਾ ਕਿਸੇ ਨਾ ਖੇਲ ਰਚਾਇਆ । ਜਾ ਕੇ ਫੇਰ ਕੋਈ ਨਾ ਆਇਆ । ਮੈਂ ਆਪਣੀ ਬਣਤ ਬਣਾਈ । ਤਜੀ ਦੇਹ ਜੋਤ ਪ੍ਰਗਟਾਈ । ਜੋਤ ਵਿਚ ਮੈਂ ਜੋਤ ਸਰੂਪਾ । ਅਨਹਦ ਸ਼ਬਦ ਵਜਾਵੇ ਭੂਪਾ । ਆਪਣਾ ਆਪ ਆਪ ਉਪਾ ਕੇ । ਘਵਿੰਡ ਵਿਚ ਖਲੋਤਾ ਜਾ ਕੇ । ਐਸਾ ਸ਼ੇਰ ਸਿੰਘ ਸ਼ੇਰ ਹੈ ਹੋਇਆ । ਰਾਮ ਕ੍ਰਿਸ਼ਨ ਦਾ ਤੇਜ ਹੈ ਹੋਇਆ । ਐਸਾ ਹੁਕਮ ਆਪ ਸੁਣਾਇਆ । ਵਿਸ਼ਨੂੰ ਭਗਵਾਨ ਦਾ ਜਾਪ ਕਰਾਇਆ । ਸਿੱਖਾਂ ਤਾਈ ਹੁਕਮ ਸੁਣਾਇਆ । ਘਵਿੰਡ ਵਿਚ ਪੱਲਾ ਫਿਰਵਾਇਆ । ਕਲਜੁਗ ਦਾ ਨਿਹਕਲੰਕ ਆਇਆ । ਮਨਮੁਖਾਂ ਤੋਂ ਮੂੰਹ ਭਵਾਇਆ । ਮਨਮੁਖ ਏਥੇ ਠੌਰ ਨਾ ਪਾਵੇ । ਮੇਰਾ ਸਿਖ ਮੇਰਾ ਜਸ ਗਾਵੇ । ਮੈਂ ਹੂੰ ਸਤਿਗੁਰ ਦੀਨਦਿਆਲਾ । ਭੈ ਭਿਆਨਕ ਵਿਚ ਸਦਾ ਰਖਵਾਲਾ । ਮੇਰਾ ਇਹ ਖੇਲ ਨਿਰਾਲਾ । ਅੰਧਘੋਰ ਵਿਚ ਮੈਂ ਰਖਵਾਲਾ । ਸਿਖ ਆਪਣੇ ਆਪ ਉਪਾ ਕੇ । ਬੈਠਾ ਕਲਜੁਗ ਵਿਚ ਸਰਨੀ ਲਾ ਕੇ । ਬਾਕੀ ਸਭ ਤੇ ਪਾਈ ਮਾਇਆ । ਆਪਣਾ ਸ਼ਬਦ ਨਾ ਕਿਸੇ ਸੁਣਾਇਆ । ਮੇਰੇ ਸ਼ਬਦ ਦੀ ਇਹ ਵਡਿਆਈ । ਤੀਨ ਲੋਕ ਵਿਚ ਮਿਲੇ ਵਡਿਆਈ । ਤੀਨ ਲੋਕ ਬੈਕੁੰਠ ਦਾ ਵਾਸੀ । ਮੇਰੀ ਮਾਇਆ ਐਸੀ ਛਾਸੀ । ਮੇਰਾ ਨਾਮ ਬੇਮੁਖ ਨਾ ਸੁਣੇ ਕੋਈ । ਨਿੰਦਕਾਂ ਦੁਸਟਾਂ ਦੀ ਦੁਰਮਤ ਹੋਈ । ਨਿੰਦਿਆ ਜਿਨ੍ਹਾਂ ਨੇ ਮੇਰੀ ਕੀਤੀ । ਪ੍ਰੇਤ ਜੂਨ ਉਨ੍ਹਾਂ ਦੀ ਕੀਤੀ । ਜਿਸ ਨੇ ਮੇਰਾ ਮਾਣ ਹੈ ਕੀਤਾ । ਪੀਆ ਅੰਮ੍ਰਿਤ ਸਦਾ ਹੈ ਜੀਤਾ । ਆਤਮ ਉਸ ਦੀ ਹੋਈ ਨਿਰਾਲੀ । ਜੋਤ ਸੰਗ ਜੋਤ ਮਿਲਾ ਲਈ । ਮੇਰਾ ਬਚਨ ਨਾ ਹੋਏ ਅਧੂਰਾ । ਮਹਾਰਾਜ ਸ਼ੇਰ ਸਿੰਘ ਸਤਿਗੁਰ ਪੂਰਾ ।**

(੧੪ ਭਾਦਰੋਂ ੨੦੦੬ ਬਿਕ੍ਰਮੀ)

੯ ਜਨਵਰੀ ( ਜਿਸ ਦਿਨ ਜੋਤ ਪ੍ਰਵੇਸ਼ ਹੋਈ ) ਤੋਂ ੧੮ ਮਈ ੧੯੪੪( ਜਿਸ ਦਿਨ ਜੋਤ ਨੇ ਘਵਿੰਡ ਜਾ ਕੇ ਆਪਣੇ ਆਪ ਨੂੰ ਪਰਗਟ ਕੀਤਾ) ਦਾ ਸਮਾਂ ੪ ਮਹੀਨੇ ਅਤੇ ੯ ਦਿਨ ਬਣਦਾ ਹੈ ।

**ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਾਇਆ ਆਪ ਤਜਾਈ, ਵੀਹ ਸੌ ਬਿਕ੍ਰਮੀ ਛੱਬੀ ਪੋਹ । ਛੱਬੀ ਪੋਹ ਦੇਹ ਤਜਾਈ । ਅਚਰਜ ਖੇਲ ਹਰਿ ਵਰਤਾਈ । ਚਾਰ ਮਹੀਨੇ ਨੌਂ ਦਿਨ ਗਿਣ ਗਿਣ ਲੰਘਾਈ । ਜੋਤੀ ਜੋਤ ਸਰੂਪ ਹਰਿ, ਪੰਚਮ ਜੇਠ ਅਚਰਜ ਖੇਲ ਮਾਤ ਵਰਤਾਈ ।** (੭ ਜੇਠ ੨੦੧੧ ਬਿਕ੍ਰਮੀ)

ਸੱਚੇ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਦੀ ਮਿਰਤਕ ਦੇਹ ਦਾ ਸਸਕਾਰ ਸਚੇ ਪਾਤਸ਼ਾਹ ਜੀ ਦੇ ਨਿਵਾਸ ਸਥਾਨ ਦੇ ਵਿਹੜੇ ਵਿਚ ਉਤਰ-ਪੂਰਬ ਦੀ ਬਾਹੀ ਵਲ ਕੀਤਾ ਗਿਆ ਸੀ ਅਤੇ ਉਸ ਜਗਾਹ ਤੇ ਸਮਾਧ ਬਣਾ ਦਿੱਤੀ ਗਈ ਸੀ ਪਰੰਤੂ ਅਜੇ ਉਸ ਦੇ ਦੱਖਣ ਵਲ ਦੇ ਪਾਸੇ ਨਾਂਉ-ਪੱਥਰ ਲਾਉਣ ਵਾਸਤੇ ਇਕ ਵੱਡਾ ਸਾਰਾ ਮੋਰਾ ਰਖਿਆ ਹੋਇਆ ਸੀ । ਸਚੇ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਦੀ ਦੇਹ ਛੱਡਣ ਤੋਂ ਬਾਦ ਪਹਿਲਾ ਪੰਚਮ ਜੇਠ ਮਨਾਉਣ ਵਾਸਤੇ ਸਾਰੀ ਸੰਗਤ ਇਕੱਤਰ ਹੋ ਚੁਕੀ ਸੀ । ਮਹਾਰਾਜ ਪੂਰਨ ਸਿੰਘ ਜੀ ਵੀ 'ਬਾਰ' ਵਾਲੀ ਸੰਗਤ ਨਾਲ ਪੁੱਜ ਚੁੱਕੇ ਸਨ । ਰਾਤ ਨੂੰ ਜਦ ਸੰਗਤ ਲੰਗਰ ਛਕ ਚੁਕਣ ਤੋਂ ਬਾਦ ਸ਼ਬਦ ਪੜ੍ਹਨ ਵਾਸਤੇ ਜੁੜੀ, ਤਾਂ ਮਹਾਰਾਜ ਪੂਰਨ ਸਿੰਘ ਜੋ ਉਸ ਸਮੇਂ ਸਚੇ ਪਾਤਸ਼ਾਹ ਜੀ ਦੇ ਸਿੰਘਾਸਣ ਦੇ ਪਾਸ ਬੈਠੇ ਸਨ, ਓਸੇ ਸਮੇਂ ਜੋਤ ਪ੍ਰਵੇਸ਼ ਹੋ ਗਈ, ਓਨ੍ਹਾਂ ਦੀ ਦਸਤਾਰ ਸੀਸ ਤੋਂ ਉਤਰ ਗਈ, ਅਤੇ ਉਹ ਸੀਸ ਅਤੇ ਕੇਸਾਂ ਨਾਲ ਚੌਰ ਕਰਨ ਲਗ ਪਏ । ਕੁਝ ਦੇਰ ਕੇਸਾਂ ਦਾ ਚੌਰ ਕਰਨ ਤੋਂ ਬਾਦ ਉਹ ਸਚੇ ਪਾਤਸ਼ਾਹ ਜੀ ਦੀ ਸਮਾਧ ਅੰਦਰ ਘੁਸ ਗਏ ਅਤੇ ਫਿਰ ਬਾਹਰ ਨਿਕਲ ਕੇ ਕਹਿਣ ਲਗੇ ਕਿ ਅਜ ਤਕ ਮਰ ਕੇ ਕੋਈ ਵਾਪਸ ਨਹੀਂ ਆਇਆ ਪਰ ਅਸੀਂ ਮੁੜ ਵਾਪਸ ਆ ਗਏ ਹਾਂ ।

**ਸ਼ੇਰ ਸਿੰਘ ਤੂੰ ਹੋਇਆ ਸੜ ਕੇ ਸੁਆਹ । ਜਿਸ ਦੀ ਮਾਤਾ ਤਾਬੋ ਜਵੰਦ ਸਿੰਘ ਰਖਾਇਆ ਨਾਂ । ਗਿਆ ਕੋਈ ਫੇਰ ਨਾ ਆਇਆ, ਕਿਸੇ ਲਭੇ ਵਿਚ ਕਤੇਬਾਂ ਨਾ । ਘਨਕਪੁਰ ਵਾਸੀ ਜਾਮਾ ਪਾਇਆ, ਮੜ੍ਹੀ ਮਸਾਣੀ ਜੋਤ ਜਗਾਇਆ, ਪਰਗਟ ਹੋਇਆ ਵਿਚੋਂ ਸੁਆਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਭਾਗ ਲਗਾ । ਸੜਿਆ ਤਨ ਹੋਇਆ ਢੇਰ । ਚਾਰੋਂ ਤਰਫ਼ ਹੋਇਆ ਅੰਧੇਰ । ਪੰਚਮ ਜੇਠ ਨੇੜੇ ਆਈ, ਪ੍ਰਭ ਅਬਿਨਾਸ਼ੀ ਪਰਗਟ ਹੋਇਆ ਫੇਰ । ਵਿਚੋਂ ਸਮਾਧੀ ਨਿਕਲ ਆਇਆ ਵੇਖੇ ਚਾਰ ਚੁਫੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਨੀਂਹ ਰਖਾਈ, ਲੰਮੇ ਪੈ ਕੇ ਹੱਦ ਰਖਾਈ ਨੇਤਰ ਵੇਖੋ ਨਾ ਕੀਨਾ ਹੇਰ ਫੇਰ ।**

(੩ ਮਾਘ ੨੦੧੦ ਬਿਕ੍ਰਮੀ)

ਇਹ ਕੌਤਕ ਵੇਖ ਸਾਰੀ ਸੰਗਤ, ਜੋ ਉਨ੍ਹਾਂ ਨੂੰ ਪਹਿਲਾਂ ਇਕ ਮਸਤਾਨਾ ਸਮਝ ਰਹੀ ਸੀ, ਹੱਕੀ ਬੱਕੀ ਰਹਿ ਗਈ । ਸੰਗਤ ਦੀ ਹੈਰਾਨੀ ਹੋਰ ਭੀ ਵਧ ਗਈ ਜਦ ਜੋਤ ਪ੍ਰਵੇਸ਼ ਮਹਾਰਾਜ ਪੂਰਨ ਸਿੰਘ ਸਚੇ ਪਾਤਸ਼ਾਹ ਜੀ ਦੇ ਸਿੰਘਾਸਣ ਤੇ ਚੜ੍ਹੇ ਪਰੰਤੂ ਇਹ ਕਿਸੇ ਦੀ ਜੁਰਅਤ ਨਾ ਪਈ ਕਿ ਕੋਈ ਮਹਾਰਾਜ ਪੂਰਨ ਸਿੰਘ ਨੂੰ ਬਾਂਹੋਂ ਪਕੜ ਕੇ ਪਲੰਘ ਤੋਂ ਥੱਲੇ ਲਾਹ ਦਿੰਦੇ । ਅਕਾਲ ਪੁਰਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮੁੜ ਜੋਤੀ ਜਾਮਾ ਧਾਰ ਕੇ ਮਹਾਰਾਜ ਪੂਰਨ ਸਿੰਘ ਅੰਦਰ ਵੜ ਬੈਠੇ ਸਨ । ਉਸ ਰਾਤ ਸੱਚੇ ਪਾਤਸ਼ਾਹ ਜੀ ਕਦੀ ਸੰਗਤ ਪਾਸੋਂ ਸ਼ਬਦ ਪੜ੍ਹਾਉਣ ਲਗ ਪੈਂਦੇ, ਕਦੀ ਆਪ ਬੀਬੀ ਤਾਰੋਂ (ਇਹ ਮਹਾਰਾਜ ਸ਼ੇਰ ਸਿੰਘ ਦੀ ਛੋਟੀ ਸਪੁਤਰੀ ਸੀ ਜਿਸ ਨੂੰ ਸਚੇ ਪਾਤਸ਼ਾਹ ਲਾਡ ਵਿਚ ਇਹ ਕਹਿ ਦਿਆ ਕਰਦੇ ਸਨ ਕਿ ਤਾਰੀ, ਅਸਾਂ ਤੇਰੀ ਸ਼ਾਦੀ ਕਰ ਕੇ ਵਲੈਤ ਚਲੇ ਜਾਣਾ ਹੈ, ਸੋ ਉਸ ਦੀ ਸ਼ਾਦੀ ਨੂੰ ਅਜੇ ਕੋਈ ਮਹੀਨਾ ਖੰਡ ਹੀ ਹੋਇਆ ਸੀ ਕਿ ਸਚੇ ਪਾਤਸ਼ਾਹ ਜੀ ਨੇ ਦੇਹ ਛਡ ਦਿਤੀ ਸੀ) ਦੇ ਵਰੀ ਦੇ ਦੁਪੱਟੇ ਆਦਿ ਪਹਿਨ ਕੇ ਕ੍ਰਿਸ਼ਨ ਮਹਾਰਾਜ ਦਾ ਸਵਾਂਗ ਬਣਾ ਕੇ ਕੋਈ ਖੇਡ ਕਰਨ ਲਗ ਪੈਂਦੇ, ਜਾਂ ਫਿਰ ਜਬਾਨੀ ਪਿਛਲਿਆਂ ਬਾਣੀਆਂ ਸਣਾਉਣ ਲਗ ਪੈਂਦੇ । ਭਾਂਵੇ ਮਹਾਰਾਜ ਪੂਰਨ ਸਿੰਘ ਪੰਜ-ਛੇ ਜਮਾਤਾਂ ਹੀ ਪੜ੍ਹੇ ਹੋਏ ਸਨ ਪਰ ਜੋਤ ਪ੍ਰਵੇਸ਼ ਸਮੇਂ ਜੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਸ਼ੁਰੂ ਕੀਤਾ ਤਾਂ ਕਈ ਕਈ ਪਹਿਰ ਤੱਕ ਲਗਾਤਾਰ ਗੁਰ ਬਾਣੀ ਦਾ ਪਾਠ ਹੀ ਚਲਦਾ ਰਹਿਆ । ਜੇ ਗੀਤਾ ਦਾ ਪਾਠ ਸ਼ੁਰੂ ਕੀਤਾ ਤਾਂ ਸਾਰੀ

ਗੀਤਾ ਹੀ ਉਚਾਰ ਦਿਤੀ । ਇਸੇ ਹੀ ਤਰ੍ਹਾਂ ਅੰਜੀਲ, ਕੁਰਾਨ, ਵੇਦ, ਆਦਿ ਬਾਣੀਆਂ ਦੇ ਉਚਾਰਨ ਕਰ ਦੇਂਦੇ । ਇਹ ਮਾਜਰਾ ਵੇਖ ਸੰਗਤ ਅਤਿ ਹੈਰਾਨ ਸੀ ਕਿ ਇਸ ਅਨਪੜ੍ਹ ਮਸਤਾਨੇ ਨੂੰ ਗ੍ਰੰਥ, ਵੇਦ, ਸ਼ਾਸਤਰ, ਅੰਜੀਲ, ਕੁਰਾਨ, ਆਦਿ ਕਿਵੇਂ ਕੰਠ ਹੋ ਗਏ ।

ਸੰਗਤ ਦੀ ਦੁਬਿਧਾ ਨੂੰ ਦੂਰ ਕਰਨ ਵਾਸਤੇ ਸਚੇ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨੇ ਲਲਕਾਰੇ ਮਾਰ ਮਾਰ ਕਹਿਣਾ ਸ਼ੁਰੂ ਕਰ ਦਿੱਤਾ ਕਿ ਮੈਂ ਮੁੜ ਵਾਪਸ ਆਇਆ ਹਾਂ, ਮੈਂ ਅਕਾਲ ਪੁਰਖ ਹਾਂ, ਮੇਰੀ ਇਹ ਖਾਸ ਪਛਾਣ ਹੈ ਕਿ ਜਿਥੇ ਮੈਂ ਪ੍ਰਵੇਸ਼ ਹੁੰਦਾ ਹਾਂ ਉਸ ਪ੍ਰਾਣੀ ਦੀ ਨਬਜ਼ ਨਹੀਂ ਚਲਦੀ ਅਰਥਾਤ ਮੈਂ ਨਾੜੀ ਚਲਣ ਤੋਂ ਬਿਨਾਂ ਹੀ ਜੀਵਤ ਰਹਿ ਸਕਦਾ ਹਾਂ, ਜੇ ਕਿਸੇ ਨੂੰ ਸ਼ੰਕਾ ਹੈ ਤਾਂ ਸਾਡੀ ਨਾੜੀ ਵੇਖ ਸਕਦਾ ਹੈ, ਮੈਂ ਦੇਹ ਛਡ ਕੇ ਜੋਤੀ ਜਾਮਾ ਧਾਰਨ ਕਰ ਲਿਆ ਹੈ ।

**ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ, ਅੰਧ ਅਗਿਆਨ ਗੁਰਸ਼ਬਦ ਗਵਾਇਆ । ਨਿਰਭੈ ਨਿਰਵੈਰ ਮੂਰਤਅਕਾਲ ਘਰ ਸਿਖ ਦੇ ਆਇਆ । ਹੋਏ ਪ੍ਰਤਖ ਆਪ ਸਮਰਥ, ਇਹ ਸੁਖ਼ਨ ਸੁਣਾਇਆ । ਪ੍ਰਗਟੇ ਦਾਤਾਰ, ਬੈਠੇ ਸੰਗਤ ਵਿਚਕਾਰ, ਕਰੇ ਬਚਨ ਲਲਕਾਰ, ਮੈਂ ਹਾਂ ਰਘੁਰਾਇਆ । ਮੇਰੀ ਕਰੇ ਪਛਾਣ, ਬਿਨ ਨਾੜੀ ਦੇ ਹੈ ਜਾਨ, ਜਿਥੇ ਪ੍ਰਵੇਸ਼ ਭਗਵਾਨ, ਸਰਬਸੁਖ ਹੈ ਪਾਇਆ ।** (੩ ਵੈਸਾਖ ੨੦੦੭ ਬਿਕ੍ਰਮੀ)

ਰਾਤ ਦੀ ਖ਼ਾਮੋਸ਼ੀ ਵਿਚ ਸਚੇ ਪਾਤਸ਼ਾਹ ਜੀ ਦੇ ਲਲਕਾਰੇ ਦੂਰ ਦੂਰ ਤਕ ਸੁਣਾਈ ਦੇ ਰਹੇ ਸਨ ਅਤੇ ਸਵੇਰ ਹੁੰਦਿਆਂ ਤੱਕ ਸਾਰੇ ਘਵਿੰਡ ਵਿਚ ਇਸ ਗੱਲ ਦਾ ਚਰਚਾ ਛਿੜ ਗਿਆ ਕਿ ਦੇਹ ਛਡਣ ਤੋਂ ਬਾਅਦ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੋਬਾਰਾ ਪ੍ਰਗਟ ਹੋ ਬੈਠੇ ਹਨ । ਅਗਲੇ ਦਿਨ ਦੋਪਹਿਰ ਦਾ ਸਮਾਂ ਸੀ, ਕੜਕ ਧੁੱਪ ਪੈ ਰਹੀ ਸੀ, ਜੋਤ ਪ੍ਰਵੇਸ਼ ਮਹਾਰਾਜ ਪੂਰਨ ਸਿੰਘ ਸੱਚੇ ਪਾਤਸ਼ਾਹ ਦੀ ਸਮਾਧ ਤੇ ਖੜੇ ਸੀ । ਸੰਗਤ ਸ਼ਬਦ ਪੜ੍ਹ ਰਹੀ ਸੀ । ਘਵਿੰਡ ਨਗਰ ਦੇ ਅਨੇਕ ਨਰ ਨਾਰੀ ਦੀ ਭੀੜ ਪ੍ਰਭੂ ਦੀ ਇਸ ਵਚਿਤ੍ਰ ਖੇਡ ਨੂੰ ਵੇਖਣ ਵਾਸਤੇ ਘਰ ਦੇ ਬਾਹਰ ਇਕੱਠੀ ਹੋ ਗਈ ਸੀ । ਕਾਫੀ ਵੱਡੀ ਭੀੜ ਮਕਾਨਾਂ ਉੱਪਰ ਬਨੇਰਿਆਂ ਤੇ ਚੜ੍ਹੀ ਹੋਈ ਸੀ । ਇਸ ਭੀੜ ਭੜਾਕੇ ਵਿਚੋਂ ਕਈ ਅਲਪਗ ਸੱਚੇ ਪਾਤਸ਼ਾਹ ਜੀ ਨੂੰ ਟਾਂਚਾ ਕਰ ਰਹੇ ਸਨ । ਏਕਾ ਏਕ ਸਚੇ ਪਾਤਸ਼ਾਹ ਜੀ ਨੇ ਨਗਰ ਨਿਵਾਸਿਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਇੰਞ ਲਲਕਾਰਨ ਲਗੇ - ਐ ਨਿੰਦਕੋ, ਅਜ ਤਕ ਕੋਈ ਗੁਰ ਪੀਰ ਮਾਤਲੋਕ ਵਿਚ ਕਦੀ ਪਰਤ ਕੇ ਨਹੀਂ ਆਇਆ । ਮੈਂ ਨਿਰਗੁਣ ਨਿਰੰਕਾਰ, ਨੇਹਕਲੰਕ ਨਰਾਇਣ ਨਰ ਅਵਤਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹਾਂ, ਮੈਂ ਅਜਨਮਾਂ ਹਾਂ, ਅਜੂਨੀ ਹਾਂ, ਸੈਭੰ ਹਾਂ, ਨਿਰਵੈਰ ਹਾਂ, ਅਕਾਲ ਮੂਰਤ ਹਾਂ । ਅਸਾਂ ਆਪਣੀ ਝੂਠੀ ਦੇਹ ਛਡ ਕੇ, ਸੰਸਾਰੀ ਕੂੜੇ ਰਿਸ਼ਤੇ ਨਾਤੇ ਤਜ ਕੇ, ਅਤੇ ਜੋਤੀ ਜਾਮਾ ਧਾਰਨ ਕਰ ਕੇ ਦੋਬਾਰਾ ਲੋਕਮਾਤ ਵਿਚ ਫੇਰੀ ਪਾਈ ਹੈ । ਤੁਸਾਂ ਸਦ ਮੇਰੀ ਵਿਰੋਧਤਾ ਕੀਤੀ ਅਤੇ ਮੇਰੇ ਵੈਰੀ ਬਣੇ ਰਹੇ । ਇਹ ਜੋ ਬਰੇਰਿਆਂ ਤੇ ਬੈਠੇ ਹਨ ਕਾਉਂ ਹਨ, ਅਤੇ ਜੋ ਦਰਾਂ ਵਿਚ ਖਲੋਤੇ ਹਨ ਇਹ ਸਾਡੇ ਦਰ ਦੇ ਕੂਕਰ ਹਨ, ਆਦਿ, ਆਦਿ । ਅਜਿਹੇ ਕਠੋਰ ਬਚਨ ਸੁਣ ਕੇ ਨਿੰਦਕਾਂ ਨੂੰ ਕੁਝ ਬੋਲਣ ਦੀ ਜੁਰਅਤ ਨਾ ਪਈ ਅਤੇ ਸਚੇ ਪਾਤਸ਼ਾਹ ਜੀ ਫਿਰ ਧਰਮ ਗ੍ਰੰਥ ਦਾ ਉਚਾਰਨ ਅਤੇ ਹੋਰ ਅਨੇਕ ਪ੍ਰਕਾਰ ਦੇ ਖੇਡ ਕਰ ਕਰ ਸੰਗਤ ਨੂੰ ਨਿਹਾਲ ਕਰਨਾ ਸ਼ੁਰੂ ਕਰ ਦਿੱਤਾ ਅਤੇ ਨਾਲੇ ਸੰਗਤ ਨੂੰ ਆਪਣਾ ਜੈਕਾਰਾ : " **ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ** " ਪਰਦਾਨ ਕੀਤਾ ।

**੨੬ ਪੋਹ ੨੦੦੦ ਬਿਕ੍ਰਮੀ - ਸਰਬ ਮਾਨਵ ਜਾਤੀ ਵਾਸਤੇ - ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ, ਜੈਕਾਰਾ ਪ੍ਰਸਿੱਧ ਕੀਤਾ ।** (ਮੁਖਬੰਦ)

ਉਸੇ ਹੀ ਪੰਚਮ ਜੇਠ (**੫ ਜੇਠ ੨੦੦੧ ਬਿਕ੍ਰਮੀ**) ਦੇ ਜੋੜ ਮੇਲੇ ਤੇ ਜੋਤ ਸਰੂਪ ਸੱਚੇ ਪਾਤਸ਼ਾਹ ਮਹਾਰਾਜ ਪੂਰਨ ਸਿੰਘ ਜੀ ਨੇ ਅੰਮ੍ਰਿਤ ਤਿਆਰ ਕੀਤਾ ਜਿਸ ਵਿਚ ਇਹ ਪੰਜ ਵਸਤੂਆਂ ਪਾਈਆਂ ਸਨ - ੧. ਜਲ ( ਜੋ ਸਭ ਨੂੰ ਜੀਅ ਦਾਨ ਦੇਂਦਾ ਹੈ ), ੨. ਦੁੱਧ ( ਜਿਸ ਦੀ ਸਫੇਦ ਧਾਰ ਪਵਿਤਰਤਾ ਅਤੇ ਸਤਿ ਦਾ ਚਿੰਨ੍ਹ ਹੈ ), ੩. ਕਲੀਆਂ ( ਜਿਨ੍ਹਾਂ ਦੀ ਸੁਗੰਧ ਸੁਚੱਜੇ ਅਤੇ ਸਦਾਚਾਰ ਦਾ ਪ੍ਰਤੀਕ ਹੈ ), ੪. ਪਤਾਸੇ ( ਜਿਨ੍ਹਾਂ ਦੀ ਮਿਠਾਸ, ਨਿਮਰਤਾ, ਪ੍ਰੇਮ ਅਤੇ ਸੇਵਾ ਭਾਵ ਨੂੰ ਪ੍ਰਗਟਾਉਂਦੀ

ਹੈ ), ੫. ਨਮਕ ( ਇਸ ਨੂੰ ਅੰਮ੍ਰਿਤ ਵਿਚ ਪਾਕੇ ਸਤਿਗੁਰਾਂ ਬਚਨ ਕੀਤਾ ਕਿ ਇਹ ਤਾਂ ਮਿਲਾਇਆ ਹੈ ਤਾਂ ਜੋ ਕੋਈ ਗੁਰਸਿਖ ਨਮਕ ਹਰਾਮ ਨਾ ਬਣ ਬੈਠੇ । ਇਸ ਅੰਮ੍ਰਿਤ ਦੀ ਮਹਿਮਾ ਦਰਸਾਉਂਦੇਆਂ ਹੋਇਆ ਸਤਿਗੁਰਾਂ ਫਰਮਾਇਆ ਸੀ ਕਿ ਇਹ ਅੰਮ੍ਰਿਤ ਤੇ ਦੇਵੀ ਦੇਵਤਿਆਂ ਦੇ ਹੱਥ ਵੀ ਨਹੀਂ ਆਉਂਦਾ । ਇਹ ਅੰਮ੍ਰਿਤ ਮੈਂ ਆਪ ਜੋਤੀ ਜਾਮਾ ਧਾਰਨ ਕਰ ਕੇ ਹੀ ਤਿਆਰ ਕਰਦਾ ਹਾਂ । ਇਸ ਨੂੰ ਹੋਰ ਕੋਈ ਤਿਆਰ ਨਹੀਂ ਕਰ ਸਕਦਾ ।

ਇੱਕ ਦਿਨ ਵਿਹਾਰ ਮਸੀਤ ਵਿਖੇ ਹੋ ਰਿਹਾ ਸੀ । ਦੁਪਹਿਰ ਢਲ ਚੁੱਕੀ ਸੀ । ਜੋਤ ਸਰੂਪ ਮਹਾਰਾਜ ਪੂਰਨ ਸਿੰਘ ਪੁਛੱਣ ਲੱਗੇ ਕਿ ਡਾਕਟਰ ਪਾਲ ਸਿੰਹਾਂ ਸਾਡੀ ਆਵਾਜ਼ ਕਿਥੋਂ ਆ ਰਹੀ ਹੈ । ਡਾਕਟਰ ਪਾਲ ਸਿੰਘ ਕਹਿਣ ਲੱਗਾ- ਹਜ਼ੂਰ, ਥੰਮ ਵਿਚੋਂ । ਥੰਮ ਵਿਚੋਂ ਔਂਦੀ ਆਵਾਜ਼ ਸੰਗਤ ਨੇ ਵੀ ਸੁਣੀ । ਇਸ ਤੇ ਜੋਤ ਨੇ ਬਚਨ ਕੀਤਾ ਕਿ ਅਸੀਂ ਪੂਰਨ ਸਿੰਘ ਦੇ ਸ਼ਰੀਰ ਨਾਲ ਬੱਝੇ ਹੋਏ ਨਹੀਂ ਹਾਂ, ਅਸੀਂ ਕਿਤੋਂ ਵੀ ਬੋਲ ਸਕਦੇ ਹਾਂ ।

ਬਾਬਾ ਮਨੀ ਸਿੰਘ ਦਾ ਮਹਾਰਾਜ ਸ਼ੇਰ ਸਿੰਘ ਦੇ ਇਸ ਹੁਕਮ ਦੀ, ਕਿ ਸੰਤਾ ਤੂੰ ਰਾਣੇ ਸੰਗਰੂਰ ਨੂੰ ਇਹ ਕਹਿ ਦੇ ਕਿ ਮੈਂ ( ਸੱਚੇ ਪਾਤਸ਼ਾਹ ਜੀ ) ਪਰਮੇਸ਼ਵਰ ਨਹੀਂ, ਪਾਲਨਾ ਕਰਨ ਤੋਂ ਇਨਕਾਰ ਕਰ ਦੇਣ ਤੇ ਮਹਾਰਾਜ ਸ਼ੇਰ ਸਿੰਘ ਨੇ ਇਹ ਬਚਨ ਕਰ ਦਿਤਾ ਕਿ ਬਾਬਾ ਜੇ ਤੂੰ ਇੰਞ ਨਹੀਂ ਕਰਨਾ ਤੇ ਤੂੰ ਭੀ ਘਵਿੰਡ ਨਹੀਂ ਪਰਤ ਸਕੇਂਗਾ । ਬਾਬਾ ਮਨੀ ਸਿੰਘ ਜਾਣਦੇ ਸਨ ਕਿ ਸੱਚੇ ਪਾਤਸ਼ਾਹ ਜੀ ਦੇ ਰਸਨਾ ਵਿਚੋਂ ਨਿਕਲਿਆ ਤੀਰ ਅਚੂਕ ਹੈ । ਸੋ ਉਨ੍ਹਾਂ ਵੀ ਬਚਨ ਕਰ ਦਿੱਤਾ ਕਿ ਜੇ ਮੇਰੇ ਲਈ ਘਵਿੰਡ ਦੇ ਦਰਵਾਜੇ ਬੰਦ ਹੋ ਗਏ ਹਨ ਤਾਂ ਫਿਰ ਤੇਰੇ ਸਿਖਾਂ ਲਈ ਵੀ ਘਵਿੰਡ ਦੇ ਦਰਵਾਜ਼ੇ ਬੰਦ ਹੋ ਜਾਣਗੇ । ਉਹ ਕੇਵਲ ਨਹਿਰ ਤੋਂ ਹੀ ਘਵਿੰਡ ਦੇ ਦਰਸ਼ਨ ਕਰ ਕੇ ਵਾਪਸ ਮੁੜ ਜਾਇਆ ਕਰਨਗੇ ।

**ਸੰਤ ਮਨੀ ਸਿੰਘ ਤੇਰੀ ਕਲਮ ਚਲਾਈ, ਹਰਿ ਜੀ ਆਪੇ ਪੂਰ ਕਰਾਈ । ਅੱਖੀਂ ਗੁਰਸਿਖ ਘਵਿੰਡ ਨਾ ਵੇਖਣ, ਦੂਰ ਖਲੋਤੇ ਵਡ ਸ਼ੇਰ ਦਲੇਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਜੋਤ ਆਪ ਜਗਾਈ, ਘਨਕਪੁਰ ਦਏ ਵਸਾਏ ਦੂਜੀ ਵੇਰ ।** (੩ ਮਾਘ ੨੦੧੦ ਬਿਕ੍ਰਮੀ)

ਇਕ ਵੇਰਾਂ ਘਵਿੰਡ ਸ਼ਾਮ ਨੂੰ ਸੱਚੇ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਜੀ ਅਤੇ ਬਾਬਾ ਮਨੀ ਸਿੰਘ ਘੁੰਮਣ ਫਿਰਨ ਬਾਹਰ ਗਏ । ਏਕਾ ਏਕ ਬਾਬਾ ਮਨੀ ਸਿੰਘ ਰੁਕ ਗਏ ਅਤੇ ਜ਼ਮੀਨ ਉੱਤੇ ਇੱਕ ਲਕੀਰ ਖਿਚ ਕੇ, ਜੋ ਸੰਗਤ ਨਾਲ ਸੀ ਨੂੰ ਹਾਸੇ ਹਾਸੇ ਵਿਚ ਕਹਿਣ ਲਗੇ ਕਿ ਜਿਹੜੇ ਸੱਚੇ ਪਾਤਸ਼ਾਹ ਜੀ ਦੇ ਸਿਖ ਹਨ ਉਹ ਲਕੀਰ ਦੇ ਪਾਰ ਸਚੇ ਪਾਤਸ਼ਾਹ ਜੀ ਪਾਸੇ ਚਲੇ ਜਾਣ ਅਤੇ ਜੋ ਸਾਡੇ ਸਿਖ ਹਨ ਉਹ ਉਰਾਂ ਸਾਡੇ ਵਲ ਆਜਾਣ । ਇਸ ਕੌਤਕ ਦੇ ਮਰਮ ਦਾ ਉਸ ਵੇਲੇ ਤਾਂ ਕਿਸੇ ਨੂੰ ਪਤਾ ਨਾ ਲਗਾ ਪਰ ਘਰ ਪਰਤ ਕੇ ਸਚੇ ਪਾਤਸ਼ਾਹ ਜੀ ਬਾਬਾ ਮਨੀ ਸਿੰਘ ਤੋਂ ਸ਼ਬਦ ਲਿਖਵਾਇਆ ਕਿ ਸੰਤਾ ਜਿਵੇਂ ਤੈਂ ਅੱਜ ਲਕੀਰ ਮਾਰ ਕੇ ਸੰਗਤ ਨੂੰ ਦੋ ਧੜ ਕੀਤਾ ਏਸੇ ਤਰ੍ਹਾਂ ਹਿੰਦੋਸਤਾਨ ਦੋਹ ਭਾਗਾਂ ਵਿਚ ਵਟ ਜਾਵੇਗਾ । ਚੂੰਕਿ ਤੁਸਾਂ ਲਕੀਰ ਘਵਿੰਡ ਦੀ ਧਰਤੀ ਉਤੇ ਮਾਰੀ ਹੈ, ਸੋ ਘਵਿੰਡ ਹਿੰਦੋਸਤਾਨ ਦੀ ਵੰਡ ਸਮੇਂ ਹਦ ਦਾ ਕੰਮ ਕਰੇਗਾ । ਜਿਵੇਂ ਸਿਖ ਸਾਡਾ ਸਾਥ ਛੱਡ ਕੇ ਤੁਸਾਂ ਨਾਲ ਚਲੇ ਗਏ ਹਨ ਤਿਵੇਂ ਹੀ ਸਿਖ ਘਵਿੰਡ ਛੱਡ ਕੇ ਚਲੇ ਜਾਣਗੇ ਅਤੇ ਫਿਰ ਕੇਵਲ ਦੂਰੋਂ ਖਲੋ ਕੇ ਹੀ ਘਵਿੰਡ ਨੂੰ ਨਿਮਸਕਾਰ ਕਰ ਕੇ ਮੁੜ ਜਾਇਆ ਕਰਨਗੇ ।

ਚੂੰਕਿ ਦੇਹ ਕਰਕੇ ਮਹਾਰਾਜ ਸ਼ੇਰ ਸਿੰਘ ਹਫ਼ਤੇ ਵਿਚ ਇੱਕ ਦੋ ਵਾਰੀ ਖਾਲੜੇ ਚੱਕਰ ਮਾਰ ਜਾਇਆ ਕਰਦੇ ਸਨ ਇਸ ਲਈ ਖਾਲੜੇ ਵਸਨੀਕ ਮਹਾਰਾਜ ਸ਼ੇਰ ਸਿੰਘ ਨੂੰ ਭਲੀ ਭਾਂਤੀ ਜਾਨਣ ਲੱਗ ਪਏ ਸਨ । ਖਾਲੜੇ ਵਾਸੀਆਂ ਨੂੰ ਇਹ ਵੀ ਪਤਾ ਸੀ ਕਿ ਮਹਾਰਾਜ ਸ਼ੇਰ ਸਿੰਘ ਚੜ੍ਹਾਈ ਕਰ ਚੁੱਕੇ ਸਨ । ਇਕ ਵੇਰਾਂ ਕਲਸੀਆਂ ਨੂੰ ਜਾਂਦਿਆਂ ਹੋਇਆਂ ਮਹਾਰਾਜ ਪੂਰਨ ਸਿੰਘ ਜੀ ਕੁਝ ਸਮੇਂ ਲਈ ਖਾਲੜੇ ਰੁਕ ਗਏ । ਸਤਿਗੁਰਾਂ ਨਾਲ ਕਾਫੀ ਸੰਗਤ ਸੀ । ਬਸ ਵਿਚੋਂ ਉੱਤਰਦਿਆਂ ਹੀ ਜਦ ਸੰਗਤ ਨੇ ਸ਼ਬਦ ਪੜ੍ਹਨੇ ਸ਼ੁਰੂ ਕਰ ਦਿੱਤੇ ਤਾਂ ਮਹਾਰਾਜ ਪੂਰਨ ਸਿੰਘ ਜੀ ਚ ਜੋਤ ਪ੍ਰਵੇਸ਼ ਅਤੇ ਪਰਗਟ ਹੋ ਗਈ ਅਤੇ ਉਨ੍ਹਾਂ ਦੀ ਦੇਹੀ ਮਹਾਰਾਜ ਸ਼ੇਰ ਸਿੰਘ ਜੀ ਵਾਕਰ ਡਗਮਗੌਣ ਲੱਗ ਪਈ । ਮਹਾਰਾਜ ਸ਼ੇਰ ਸਿੰਘ ਜੀ ਦੀ ਤਰ੍ਹਾਂ ਓਦੋਂ

ਮਹਾਰਾਜ ਪੂਰਨ ਸਿੰਘ ਜੀ ਵੀ ਇੱਕ ਚਾਦਰਾ ਤੇੜ ਬੰਨ੍ਹਿਆ ਕਰਦੇ ਸਨ ਅਤੇ ਦੂਸਰੇ ਚਾਦਰੇ ਦਾ ਸਿਰਾ ਉਪਰ ਦੀ ਝੁੰਬਲ ਵਾਟਾ ਇਸ ਤਰ੍ਹਾਂ ਮਾਰ ਲਿਆ ਕਰਦੇ ਸਨ ਕਿ ਉਹਨਾਂ ਦਾ ਵੀ ਅੱਧਾ ਮੱਥਾ ਮਹਾਰਾਜ ਸ਼ੇਰ ਸਿੰਘ ਵਾਂਗ ਢਕਿਆ ਜਾਂਦਾ ਸੀ । ਓਸ ਵੇਲੇ ਉਨਾਂ ਦੀ ਚਾਲ ਢਾਲ ਬਿਲਕੁਲ ਮਹਾਰਾਜ ਸ਼ੇਰ ਸਿੰਘ ਵਰਗੀ ਹੋ ਜਾਇਆ ਕਰਦੀ ਸੀ । ਉਸ ਦਿਨ ਮਹਾਰਾਜ ਪੂਰਨ ਸਿੰਘ ਦੀ ਨੁਹਾਰ ਮਹਾਰਾਜ ਸ਼ੇਰ ਸਿੰਘ ਨਾਲ ਮਿਲਦੀ ਜੁਲਦੀ ਵੇਖ ਖਾਲੜੇ ਦੇ ਲੋਗ ਵੀ ਭੁਲੇਖੇ ਖਾ ਗਏ ਕਿ ਮਹਾਰਾਜ ਸ਼ੇਰ ਸਿੰਘ ਜੋ ਦੇਹੀ ਤਜ ਚੁੱਕੇ ਹਨ ਉਹ ਦੋਬਾਰਾ ਆ ਗਏ ਸਨ । ਆਪਣੀ ਸ਼ੰਕਾ ਦੂਰ ਕਰਨ ਵਾਸਤੇ ਭ੍ਰਮਚਿੱਤ ਲੋਕਾਂ ਦੀ ਇਕ ਵੱਡੀ ਭੀੜ ਮਹਾਰਾਜ ਪੂਰਨ ਸਿੰਘ ਜੀ ਦੇ ਆਲੇ ਦੁਆਲੇ ਜਮ੍ਹਾ ਹੋ ਗਈ । ਉਸ ਭੀੜ ਵਿਚ ਇੱਕ ਘਵਿੰਡ ਦੀ ਰਹਿਣ ਵਾਲੀ ਬੀਬੀ ਵੀ ਸੀ । ਮਹਾਰਾਜ ਪੂਰਨ ਸਿੰਘ ਜੀ ਦੀ ਚਾਲ ਢਾਲ ਵੇਖ ਕੇ ਉਹ ਬੀਬੀ ਮਹਾਰਾਜ ਪੂਰਨ ਸਿੰਘ ਜੀ ਨੂੰ ਮਹਾਰਾਜ ਸ਼ੇਰ ਸਿੰਘ ਸਮਝ ਬੈਠੀ । ਪਰ ਜਦ ਸਤਿਗੁਰਾਂ ਦਾ ਮੁਖੜਾ ਵੇਖਿਆ ਤੇ ਉਹ ਕਹਿਣ ਲੱਗੀ, " ਹੈਂ ! ਮੈਂ ਤੇ ਸਮਝੀ ਸੀ ਕਿ ਮਹਾਰਾਜ ਸ਼ੇਰ ਸਿੰਘ ਦੋਬਾਰਾ ਆ ਗਏ ਹਨ ਪਰ ਚਿਹਰਾ ਵੇਖ ਕੇ ਪਤਾ ਲੱਗਾ ਕਿ ਉਹ ਨਹੀ, ਕੋਈ ਹੋਰ ਹੈ ।"

**ਬਾਰਾਂ ਜੇਠ ਦਿਨ ਆਣ ਢਲਿਆ । ਪ੍ਰਭ ਅਬਿਨਾਸ਼ੀ ਸਾਚਾ ਚਲਿਆ । ਖਾਲੜੇ ਆਏ ਚਿਰ ਥੋੜ੍ਹਾ ਜਿਹਾ ਖੜਿਆ । ਸ੍ਰਿਸ਼ਟ ਸਬਾਈ ਵੇਖੇ ਬਾਹਰ ਪ੍ਰਭ ਅਬਿਨਾਸ਼ੀ ਫੇਰੇ ਪੱਲਿਆ । ਜੋਤੀ ਧਾਰ ਨਾ ਜਾਵੇ ਝਲਿਆ । ਗੁਰਸੰਗਤ ਸ਼ਬਦ ਰਸਨਾ ਗਾਏ, ਵਾਹ ਵਾਹ ਰੰਗ ਸੋਹਲਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪੇ ਬਣ ਗਿਆ ਵਲੀਆ ਛਲੀਆ । ਵਲ ਛਲ ਆਪ ਕਰਾ ਕੇ । ਸ੍ਰਿਸ਼ਟ ਸਬਾਈ ਭਰਮ ਵਿਚ ਪਾ ਕੇ । ਗੁਰਮੁਖ ਸਾਚੇ ਸੰਤਜਨਾਂ ਪ੍ਰਭ ਸਾਚਾ ਧਰਮ ਰਖਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਸਰਨ ਲਗਾਏ ਮਾਇਆ ਬੰਧਨ ਆਪ ਕਟਾ ਕੇ । ਬਾਰਾਂ ਜੇਠ ਹਰਿ ਸ਼ਾਮ ਘਨੈਯਾ । ਡੇਰਾ ਲਾਏ ਉਪਰ ਜਾ ਰਈਆ । ਸਾਚੇ ਸ਼ਬਦ ਦੀ ਇਕ ਚਲਾਈ ਸਾਚੀ ਨਈਆ । ਵੇਖ ਆਏ ਸੁਣੇ ਲੋਕਾਈਆ । ਪ੍ਰਭ ਅਬਿਨਾਸ਼ੀ ਭੇਵ ਨਾ ਪਈਆ । ਕੌਣ ਭੁਲੇ ਕਵਣ ਭੁਲਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਆਪ ਸਮਈਆ ।** (੧੬ ਜੇਠ ੨੦੧੦ ਬਿਕ੍ਰਮੀ)

ਸੱਚੇ ਪਾਤਸ਼ਾਹ ਜੀ ਮਹਾਰਾਜ ਸ਼ੇਰ ਸਿੰਘ ਦੇ ਸ਼ਰੀਰ ਦਾ ਸਸਕਾਰ ( ਜੋ ਪਹਿਲਾਂ ਹਵੇਲੀ ਸੀ ਪਰ ਮਗਰੋਂ ਘਰ ਦੀ ਵੰਡ ਸਮੇਂ ਘਰ ਹਰਨਾਮ ਸਿੰਘ ਦੇ ਹਿੱਸੇ ਆਇਆ ਤੇ ਹਵੇਲੀ ਸੱਚੇ ਪਾਤਸ਼ਾਹ ਜੀ ਪਾਸ ) ਘਰ ਦੇ ਆਂਗਣ ਵਿਚ ਕੀਤਾ ਗਿਆ ਸੀ ਅਤੇ ਮਗਰੋਂ ਉਸ ਅਸਥਾਨ ਤੇ ਇਕ ਸਮਾਧ ਬਣਾ ਦਿੱਤੀ ਗਈ ਸੀ । ਤਿੰਨ ਅੱਸੂ ੨੦੦੩ ਬਿਕ੍ਰਮੀ (ਮੁਤਾਬਕ ੧੮ ਸਤੰਬਰ ੧੯੪੬ ਈਸਵੀਂ) ਦੀ ਗੱਲ ਹੈ । ਮਹਾਰਾਜ ਪੂਰਨ ਸਿੰਘ ਜੀ ਅੰਦਰ ਜੋਤ ਪ੍ਰਵੇਸ਼ ਅਤੇ ਪ੍ਰਗਟ ਸਮੇਂ ਜੋਤ ਸਰੂਪੀ ਮਹਾਰਾਜ ਸ਼ੇਰ ਸਿੰਘ ਨੇ ਬਚਨ ਕੀਤਾ ਕਿ ਅਸਾਂ ਆਪਣੀ ਸਮਾਧ ਵਾਲੀ ਥਾਂ ਤੇ ਧਾਮ ਬਣਾਉਣਾ ਹੈ, ਅਤੇ ਕੁਝ ਗੁਰਸਿੱਖ ਕਲ ਨੂੰ ਜਾ ਕੇ ਭੱਠੇ ਤੋਂ ਇੱਟਾਂ ਖਰੀਦ ਲਿਆਉਣ । ਅਗਲੀ ਸਵੇਰ ਚੇਤ ਸਿੰਘ, ਇੰਦਰ ਸਿੰਘ, ਤੇਜਾ ਸਿੰਘ, ਮੋਹਣ ਸਿੰਘ ਅਤੇ ਕੁਝ ਹੋਰ ਸਿੱਖ ਇੱਟਾਂ ਲੈਣ ਭੱਠੇ ਨੂੰ ਚਲੇ ਗਏ । ਵਰਸ਼ਾ ਰਿਤੂ ਹੋਣ ਕਰ ਕੇ ਭੱਠੇ ਵੀ ਬੰਦ ਪਏ ਸਨ ਜਿਸ ਕਰਕੇ ਭੱਠੇਵਾਲੇ ਅੱਛਈਆਂ ਇੱਟਾਂ ਵਿਚ ਘਟੀਆ ਤੇ ਪੀਲੀਆਂ ਇੱਟਾਂ ਰਲਾ ਕੇ ਬੇਚ ਰਹੇ ਸਨ । ਚੂੰਕਿ ਭੱਠੇ ਵਾਲੇ ਇਨ੍ਹਾਂ ਰਲੀਆਂ ਮਿਲਿਆਂ ਇੱਟਾਂ ਦਾ ਮੁੱਲ ਅੱਛਿਆਂ ਇੱਟਾਂ ਵਾਲਾ ਹੀ ਮੰਗਦੇ ਸਨ, ਸਿੱਖਾਂ ਸਲਾਹ ਕੀਤੀ ਕਿ ਇਕ ਅੱਧਾ ਕੁ ਮਹੀਨਾ ਹੋਰ ਅਟਕ ਕੇ ਦਰਬਾਰ ਬਣਾ ਲਵਾਂਗੇ ਤੇ ਖਾਲੀ ਹੱਥ ਵਾਪਸ ਆ ਗਏ । ਜੋਤ ਸਰੂਪੀ ਸੱਚੇ ਪਾਤਸ਼ਾਹ ਜਦੋਂ ਸਿੱਖਾਂ ਨੂੰ ਪੁੱਛਿਆ ਕਿ ਕੀ ਇੱਟਾਂ ਲੈ ਆਂਦੀਆਂ ਹਨ ਤਾਂ ਮੋਹਣ ਸਿੰਘ ਅਜੇ ਅਜੇਹਾ ਉੱਤਰ ਦਿੱਤਾ ਕਿ ਭੱਠੇ ਵਾਲੇ ਚੰਗੀਆ ਨਾਲ ਪਿੱਲੀਆਂ ਇੱਟਾਂ ਮਿਲਾ ਕੇ ਦੇ ਰਹੇ ਸਨ ਜੋ ਅਸੀਂ ਇਹ ਸੋਚ ਕੇ ਕਿ ਮਹੀਨਾ ਖੰਡ ਮਗਰੋਂ ਅੱਛੀਆਂ ਇਟਾਂ ਲਿਆ ਕੇ ਦਰਬਾਰ ਬਣਾ ਲਵਾਂਗੇ, ਨਹੀਂ ਲਿਆਏ-ਦੇਣ ਹੀ ਲੱਗਾ ਸੀ ਕਿ ਮੋਹਣ ਸਿੰਘ ਦੇ ਅੱਧੇ ਪੱਚਧੇ ਉੱਤਰ ਵਿੱਚ ਹੀ ਚੇਤ ਸਿੰਘ ਨੇ ਓਹਦੇ ਮੂੰਹ ਤੇ ਹੱਥ ਰੱਖ ਕੇ ਉਸ ਨੂੰ ਚੁਪ ਕਰਾ ਦਿੱਤਾ ਤੇ ਕਹਿਣ ਲੱਗਾ ਕਿ ਮੋਹਣ ਸਿੰਹਾਂ ਵੇਖੀਂ ਕਿਤੇ ਬਚਨ ਮੋੜਨ ਦੀ ਅਵੱਗਿਆ ਨਾ ਕਰ ਦੇਵੀਂ, ਇਹ ਖੜੱਪੇ ਕਾਲੇ ਨਾਗ ਹਨ, ਇਨ੍ਹਾਂ ਦਾ ਡਸਿੱਆ ਪਾਣੀ ਨਹੀਂ ਮੰਗਦਾ । ਪਰ ਮੋਹਣ ਸਿੰਘ ਦੀ ਜ਼ਬਾਨ ਵਿਚੋਂ ਤੀਰ ਨਿਕਲ ਚੁੱਕਾ ਸੀ । ਜੋਤ ਸਰੂਪੀ ਸੱਚੇ ਪਾਤਸ਼ਾਹ ਇਹ ਉੱਤਰ ਸੁਣ ਕੇ ਨਾਰਾਜ ਹੋ ਕੇ ਆਖਣ ਲੱਗੇ

ਕਿ ਤੁਸਾਂ ਵਿੱਚੋਂ ਕੋਈ ਹੱਥ ਖੜਾ ਕਰੋ ਜੋ ਆਪ ਪੱਕਾ ਹੈ, ਅਸੀਂ ਕੱਚਿਆ ਨੂੰ ਪੱਕੇ ਬਣਾਉਣ ਵਾਲੇ ਹਾਂ, ਸਾਡੇ ਲਈ ਪੱਕਿਆਂ ਅੱਤੇ ਪਿੱਲੀਆਂ ਇੱਟਾਂ ਸਭ ਬਰਾਬਰ ਹਨ ਕਿਉਂਕੀ ਅਸਾਂ ਦਰਬਾਰ ਛੇਤੀ ਬਨਾਣਾ ਹੈ । ਮੋਹਣ ਸਿੰਹਾਂ, ਤੈਂ ਸਾਡਾ ਬਚਨ ਮੋੜ ਕੇ ਅੱਛਾ ਨਹੀਂ ਕੀਤਾ । ਅਗਲੇ ਦਿਨ ਜਿਸ ਤਰਾਂ ਦੀਆਂ ਵੀ ਇੱਟਾਂ ਮਿਲੀਆਂ ਸਿੱਖ ਓਹੋ ਜਿਹੀਆਂ ਲੈ ਆਏ । ਫਿਰ ਜੋਤ ਪ੍ਰਵੇਸ਼ ਮਹਾਰਾਜ ਪੂਰਨ ਸਿੰਘ ਨੇ ਧਰਤੀ ਤੇ ਲੇਟ ਲੇਟ ਕੇ ਸਮਾਧ ਦੇ ਚੌਗਿਰਦੇ ਦਰਬਾਰ ਬਨਾਉਣ ਲਈ ਨੀਂਹ ਧਰਾ ਦਿੱਤੀ ਅਤੇ ਮੋਹਣ ਸਿੰਘ ਨੂੰ ਬਚਨ ਮੋੜਨ ਤੇ ਮਿਰਤੂ ਡੰਨ ਭੋਗਣਾ ਪਿਆ । ਦੀਨ ਦਿਆਲ ਜੋਤੀ ਜਾਤੇ ਨੇ ਮੋਹਣ ਸਿੰਘ ਦੀ ਸੇਵਾ ਅਤੇ ਕਰਮ ਵੇਖਦਿਆਂ ਉਸ ਨੂੰ ਆਪਣੇ ਮਹਾਰਾਜ ਪੂਰਨ ਸਿੰਘ ਦੇ ਘਰ ਦੋਬਾਰਾ ਜਨਮ ਦਵਾਇਆ ਤੇ ਹੁਣ ਉਸ ਦਾ ਨਾਉਂ ਸੁਰਜੀਤ ਸਿੰਘ 'ਲਿਖਾਰੀ' ਹੈ ।

ਜੋਤ ਸਰੂਪ ਸਚੇ ਪਾਤਸ਼ਾਹ ਮਹਾਰਾਜ ਪੂਰਨ ਸਿੰਘ ਜੀ ਨੇ ਇਸ ਉੱਪਰ ਇੱਕ ਗੰਬਦਨੁਮਾ (dome shaped) ਚੌਰਸ ਦਰਬਾਰ ਬਣਵਾਇਆ ਜਿਸ ਦੀ ਨੀਂਹ ਜੋਤ ਸਰੂਪ ਸੱਚੇ ਪਾਤਸ਼ਾਹ ਮਹਾਰਾਜ ਪੂਰਨ ਸਿੰਘ ਜੀ ਨੇ ਧਰਤੀ ਉੱਪਰ ਲੇਟ ਲੇਟ ਕੇ ਤਿੰਨ ਅਸੂ ੨੦੦੩ ਬਿਕ੍ਰਮੀ (ਮੁਤਾਬਕ ੧੮ ਸਤੰਬਰ ੧੯੪੬ ਈਸਵੀਂ) ਦੀ ਸ਼ਾਮ ਨੂੰ ਰੱਖੀ ਸੀ । ਨੀਂਹ ਰੱਖਣ ਸਮੇਂ ਜੋਤ ਸਰੂਪ ਸੱਚੇ ਪਾਤਸ਼ਾਹ ਮਹਾਰਾਜ ਪੂਰਨ ਸਿੰਘ ਜੀ ਨੇ ਹੁਕਮ ਕੀਤਾ ਕਿ ਸੰਗਤੇ ਵੇਖਿਉ ਇਸ ਦਰਬਾਰ ਵਿਚ ਭੁੱਲ ਕੇ ਵੀ ਚੂਨੇ ਦੀ ਛਿਟ ਨਾ ਲਾ ਦੇਣੀ ਕਿਉਂਕੀ ਅਸਾਂ ਦੁਨੀਆ ਦੇ ਜੀਵਾਂ ਨੂੰ ਹਨੇਰੇ ਵਿਚ ਰੱਖਣਾ ਹੈ ਅਸਾਂ ਇਨ੍ਹਾਂ ਨੂੰ ਸੋਝੀ ਨਹੀਂ ਆਉਣ ਦੇਣੀ, ਵੇਖਿਉ ਇਹ ਫਿਰ ਕਿਵੇਂ ਲੜ ਲੜ ਕੇ ਮਰਦੇ ਹਨ । ਜੇ ਚੂਨਾਂ ਲਾ ਦਿੱਤਾ ਤਾਂ ਫਿਰ ਸਾਨੂੰ ਇਨ੍ਹਾਂ ਆਪਣੀ ਪਛਾਣ ਦੇਣੀ ਪਏਗੀ ।

**ਘਵਿੰਡ ਵਿਚ ਇਹ ਖੇਲ ਰਚਾਇਆ । ਦੋ ਹਜ਼ਾਰ ਤਿੰਨ ਬਿਕ੍ਰਮੀ ਤਾਈ । ਤਿੰਨ ਅੱਸੂ ਨੂੰ ਬਣਤ ਬਣਾਈ । ਸੰਗਤ ਆਈ ਮੇਰੀ ਸਾਰੀ । ਧਾਮ ਬਣਾਉਣ ਦੀ ਕਰੀ ਤਿਆਰੀ । ਐਸਾ ਖੇਲ ਆਪ ਰਚਾਇਆ । ਲੰਮਾ ਪੈ ਕੇ ਨਿਸ਼ਾਨ ਲਵਾਇਆ । ਏਥੇ ਨੀਂਹ ਧਰਿਓ ਭਾਈ । ਐਸੀ ਸਤਿਗੁਰ ਕਾਰ ਲਗਾਈ । ਮਾਝੇ ਦੀ ਹੱਦ ਘਵਿੰਡ ਬਣਾਈ । ਦਰਬਾਰ ਆਪਣੇ ਦੀ ਨੀਂਹ ਰਖਾਈ । ਸਿੱਖਾਂ ਨੂੰ ਇਹ ਹੁਕਮ ਸੁਣਾਇਆ । ਚਿੱਟਾ ਚੂਨਾ ਏਥੇ ਨਾ ਲਾਇਆ । ਅਸਾਂ ਇਹਨੂੰ ਅੰਧੇਰ ਰਖਾਉਣਾ । ਹਾਹਾਕਾਰ ਕਰ ਜਗਤ ਰਵਾਉਣਾ ।**

(੧੪ ਭਾਦਰੋਂ ੨੦੦੬ ਬਿਕ੍ਰਮੀ)

੨੦੦੧ ਬਿਕ੍ਰਮੀ ਤੋਂ ਬਾਦ, ਅਕਾਲ ਪੁਰਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੀ ਜੋਤ ਸ਼ਬਦ ਧਾਰ ਨੂੰ ਮਹਾਰਾਜ ਪੂਰਨ ਸਿੰਘ ਜੀ ਦੇ ਸ਼ਰੀਰ ਰਾਹੀਂ ਪ੍ਰਗਟਾ ਕੇ ਅਤੇ ਆਪਣੇ ਆਪ ਨੂੰ ਨਿਹਕਲੰਕ ਨਰਾਇਣ ਨਰ ਦਾ ਨਾਉਂ ਦੇ ਕੇ **ਸਵਾ ਬੱਤੀ ਸਾਲ** ਆਪਣੇ ਜੋਤੀ ਜਾਮੇ ਦੀ ਖੇਡ ਨੂੰ ਮਾਤਲੋਕ ਅੰਦਰ ਖੇਡਦੇ ਰਹੇ । **ਜੋਤ ਸਰੂਪ ਵੇਸ ਦੇ ਪਹਿਲੇ ਛੇ ਸਾਲ ਤਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇ ਬਚਨਾਂ ਨੂੰ, ਜੋ ਸਾਧਾਰਣ ਵਾਰਤਾ ਵਿਚ ਹੁੰਦੇ ਸਨ, ਬੇਬੇ ਬੰਸੋ ਦੇਵੀ ਸੁਪਤਨੀ ਬਾਬਾ ਮੋਤਾ ਸਿੰਘ ਉਲਕਿਆ ਕਰਦੇ ਸਨ ।**

੭ ਜੇਠ ੨੦੦੬ ਬਿਕ੍ਰਮੀ ਵਾਲੇ ਦਿਨ ਬਾਬਾ ਮੋਤਾ ਸਿੰਘ ਦੇ ਘਰ ਸੰਗਤ ਸ਼ਬਦ ਪੜ੍ਹ ਰਹੀ ਸੀ । ਸਚੇ ਪਾਤਸ਼ਾਹ ਮਹਾਰਾਜ ਪੂਰਨ ਸਿੰਘ ਵਿਚ ਜੋਤ ਪ੍ਰਵੇਸ਼ ਸੀ ਅਤੇ ਆਪਣੇ ਸਿੰਘਾਸਣ ਉਤੇ ਬ੍ਰਾਜਮਾਨ ਸਨ । ਬਹੁਤ ਗਰਮੀ ਸੀ, ਹਵਾ ਬਿਲਕੁਲ ਬੰਦ ਸੀ । ਸੰਗਤ ਦਾ ਗਰਮੀ ਤੇ ਪਸੀਨੇ ਨਾਲ ਬੁਰਾ ਹਾਲ ਸੀ । ਅਜਿਹੇ ਸਮੇਂ ਸੰਗਤ ਦੇ ਠਾਠਾਂ ਮਾਰ ਰਹੇ ਪ੍ਰੇਮ ਨੂੰ ਵੇਖ ਜੋਤ ਸਰੂਪ ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ ਅੱਜ ਮੀਂਹ ਵਰਸੇਗਾ । ਇਹ ਬਚਨ ਸੁਣਕੇ ਸਵਰਨ ਸਿੰਘ ਸਪੁੱਤਰ ਚੇਤ ਸਿੰਘ (ਅਮਲੀ), ਜਿਸ ਦੀ ਉਮਰ ੨੨ ਸਾਲ ਦੀ ਸੀ, ਨੇ ਬੇਨਤੀ ਕਰ ਦਿਤੀ ਕਿ ਸਾਹਿਬ ਬਾਰਿਸ਼ ਵਲੋਂ ਅਜੇ ਕਿਰਪਾ ਰਖਣੀ ਕਿਉਂਕੀ ਕਣਕਾਂ ਅਜੇ ਬਾਹਰ ਖੇਤ ਵਿਚ ਹੀ ਪਈਆਂ ਹਨ, ਭਿਜ ਕੇ ਖਰਾਬ ਹੋ ਜਾਣਗੀਆਂ ਤੇ ਨੁਕਸਾਨ ਹੋ ਜਾਵੇਗਾ । ਸਵਰਨ ਸਿੰਘ ਦੇ ਇਸ ਬਚਨ ਮੋੜਨ ਤੇ ਵਿਹਾਰ ਸਮਾਪਤ ਹੋ ਗਿਆ । ਮਹਾਰਾਜ ਪੂਰਨ ਸਿੰਘ ਚਾਦਰ ਓਡ ਕੇ ਸਿੰਘਾਸਣ ਉੱਪਰ ਹੀ ਲੇਟ ਗਏ ਅਤੇ ਸੰਗਤ ਵੀ ਕੰਮ ਕਾਜ ਵਾਸਤੇ ਏਧਰ ਉਧਰ ਹੋ ਗਈ । ਸਵਰਨ ਸਿੰਘ ਭੀ

ਆਪਣੇ ਘਰ ਚਲਾ ਗਿਆ ਅਤੇ ਕੇਸੀ ਅਸ਼ਨਾਨ ਕਰ ਕੇ ਇਕ ਚਾਰ ਪਾਈ ਤੇ ਲੇਟ ਗਿਆ । ਕੁਝ ਦੇਰ ਬਾਦ ਜਦ ਸਵਰਨ ਸਿੰਘ ਨੂੰ ਆਵਾਜ ਮਾਰ ਕੇ ਉਠਾਲਣ ਦੀ ਕੋਸ਼ਿਸ਼ ਕੀਤੀ ਗਈ ਤਾਂ ਸਵਰਨ ਸਿੰਘ ਵਲੋਂ ਕੋਈ ਉਤਰ ਨਾ ਆਇਆ । ਵੇਖਣ ਤੋਂ ਪਤਾ ਲਗਾ ਕਿ ਸਵਰਨ ਸਿੰਘ ਦੀ ਆਤਮਾ ਉਸ ਦੇ ਸ਼ਰੀਰ ਵਿਚੋਂ ਉਡਾਰੀ ਮਾਰ ਚੁਕੀ ਸੀ । ਸਾਰੇ ਘਰ ਵਿਚ ਹਾਹਾਕਾਰ ਮਚ ਗਈ । ਚੇਤ ਸਿੰਘ, ਸਵਰਨ ਸਿੰਘ ਦੀ ਧਰਮ ਪਤਨੀ ਬੀਬੀ ਮਨਜੀਤ ਕੌਰ (ਬੀਬੀ ਮੰਨੀ) ਅਤੇ ਪਰਿਵਾਰ ਦੇ ਦੂਜੇ ਸਾਰੇ ਜੀਅ ਰੋਂਦੇ ਮਹਾਰਾਜ ਜੀ ਦੇ ਪਾਸ ਪੁਜੇ ਅਤੇ ਤਰਲੇ ਬੇਨਤੀਆਂ ਕਰਨ ਲੱਗੇ ਕਿ ਸਵਰਨ ਸਿੰਘ ਦੇ ਬਦਲੇ ਪਰਿਵਾਰ ਵਿਚੋਂ ਬੇਸ਼ਕ ਕਿਸੇ ਹੋਰ ਦੀ ਦੇਹ ਛੁਡਾ ਦਿਉ ਪਰ ਸਵਰਨ ਸਿੰਘ ਦੀ ਜਾਨ ਬਖਸ਼ ਦਿਉ । ਇਹ ਹਾਲ ਦੁਹਾਈ ਸੁਣ ਕੇ ਜੋਤ ਪ੍ਰਵੇਸ਼ ਮਹਾਰਾਜ ਪੂਰਨ ਸਿੰਘ ਸੱਚੇ ਪਾਤਸ਼ਾਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬਚਨ ਕਰਦੇ ਹਨ - ਅਮਲੀਆ ਜਿਸ ਤਰ੍ਹਾਂ ਅੱਜ ਤੇਰੇ ਘਰ ਹਾਹਾਕਾਰ ਹੋਈ ਹੈ, ਏਸੇ ਹੀ ਤਰ੍ਹਾਂ ਸਚਖੰਡ ਵਿਚ ਵੀ ਹਾਹਾਕਾਰ ਮਚੀ ਹੋਈ ਹੈ । ਅਸਾਂ ਧਰੂ ਨੂੰ ਸਚਖੰਡ ਦੇ ਦੁਆਰਪਾਲ ਦੇ ਪਦ ਤੋਂ ਮੁਕਤ ਕਰ ਕੇ ਉਸ ਦੀ ਥਾਂ ਸਵਰਨ ਸਿੰਘ ਨੂੰ ਮਾਣ ਬਖਸ਼ਿਆ ਹੈ । ਅਗਾਂਹ ਵਾਸਤੇ ਸਾਡਾ ਵਿਹਾਰ ਸਰਬ ਸ੍ਰਿਸ਼ਟੀ, ਬ੍ਰਹਿਮੰਡ ਖੰਡ, ਪੁਰੀ ਲੋਅ, ਅਕਾਸ਼ ਪਤਾਲ, ਗਗਨ ਗਗਨੰਤਰ, ਜਿਮੀਂ ਅਸਮਾਨ ਆਦਿ ਵਿਚ ਸਾਡੇ ਹੁਕਮ ਨਾਲ ਹੋਣਾ ਹੈ । ਸਾਡਾ ਹੁਕਮ ਅਤੇ ਬਚਨ ਕੋਈ ਗੁਰਸਿਖ ਨਾ ਮੋੜੇ । ਮਰਯਾਦਾ ਨੂੰ ਕਠਿਨ ਰੱਖਣ ਕਾਰਨ ਅਸਾਂ ਸਵਰਨ ਸਿੰਘ ਦੀ ਦੇਹ ਛੁਡਾ ਕੇ ਉਸ ਦੇ ਜੀਵਨ ਨੂੰ ਆਪਣੇ ਲੇਖੇ ਲਾਇਆ ਹੈ । ਅਮਲੀਆ ਜੇ ਕਹੇ ਤਾਂ ਸਵਰਨ ਸਿੰਘ ਨੂੰ ਮੁੜ ਜੀਅ ਦਾਨ ਦੇ ਦਿੰਦੇ ਹਾਂ, ਪਰੰਤੂ ਜੋ ਮਾਣ ਸਤਿਕਾਰ ਤੇਰੇ ਸਪੁੱਤਰ ਨੂੰ ਸਚਖੰਡ ਵਿਚ ਅਜੇ ਮਿਲਿਆ ਹੈ, ਇਹ ੯੯੪ ਚੌਕੜੀ ਜੁਗ ਤਕ ਮੁੜ ਕੇ ਨਹੀਂ ਜੇ ਲੱਭਣਾ । ਅਜਿਹੇ ਬਚਨ ਕਰਦਿਆਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨੇ ਨਿਹਕਲੰਕ ਹਰਿ ਸ਼ਬਦ ਦੇ ਅਥਾਹ ਭੰਡਾਰੇ ਨੂੰ ਸੰਸਾਰ ਵਿਚ ਸੰਚਲਿਤ ਕਰ ਦਿੱਤਾ ।

**੭ ਜੇਠ ੨੦੦੬ ਬਿਕ੍ਰਮੀ** - ਸ਼੍ਰੀ ਸਵਰਨ ਸਿੰਘ ਦੀ ਸ਼ਹਾਦਤ ਪਰਵਾਨ ਕਰਕੇ ਉਸ ਨੂੰ ਧ੍ਰੂ ਦਾ ਪਦ ਬਖਸ਼ਿਆ ਅਤੇ ਹਰਬਾਣੀ ਦੀ ਲਿਖਤ ਆਰੰਭ ਹੋਈ ।

**ਬਚਨ ਅਮੋੜੇ ਗੁਰ ਕਾ ਭਾਈ । ਵਿਚ ਸੰਸਾਰ ਰਹਿਣ ਨਾ ਪਾਈ । ਸੰਗਤ ਵਿਚ ਗੁਰ ਅੰਮ੍ਰਿਤ ਬਰਖੇ । ਮੰਗੇ ਕਹਿਰ ਦੇਹ ਤੇ ਵਰਤੇ । ਸੰਗਤ ਨੂੰ ਇਹ ਰਾਹ ਬਤਾਇਆ । ਸਤਿ ਕਰ ਮੰਨੋ ਗੁਰੂ ਸੁਣਾਇਆ । ਵਰਤਾਵੇ ਕਹਿਰ ਨਾ ਮੇਟੇ ਕੋਏ । ਮਹਾਰਾਜ ਸ਼ੇਰ ਸਿੰਘ ਦੀ ਜੋਤ ਪਰਗਟ ਹੋਏ । ਜੋ ਕੁਛ ਹੂਆ ਹੁਕਮ ਅਨੁਸਾਰ । ਰਖੇ ਨਾ ਕੋਏ ਗੁਰ ਕੀ ਮਾਰ । ਜੇਠ ਸੱਤ ਹੋਇਆ ਖੇਲ ਅਪਾਰਾ । ਸਵਰਨ ਸਿੰਘ ਗੁਰ ਪਾਰ ਉਤਾਰਾ । ਤਜੀ ਦੇਹ ਛੁੱਟਾ ਸੰਸਾਰ । ਸਚਖੰਡ ਵਿਚ ਲਿਆ ਉਤਾਰ । ਛੱਡ ਧ੍ਰੂ ਬੈਠਾ ਦਰ ਆਏ । ਨਿਰੰਕਾਰ ਦਾ ਦਰਸ ਨਿਤ ਪਾਏ । ਝੂਠੀ ਦੇਹ ਤਜਾਈ ਆਪ । ਆਪ ਆਪਣੀ ਬਖ਼ਸ਼ੀ ਦਾਤ । ਮਰਿਆ ਸਵਰਨ ਹੋਈ ਆਤਮ ਸ਼ਾਂਤ । ਚੇਤ ਸਿੰਘ ਦਾ ਵਡ ਪ੍ਰਤਾਪ । ਚੇਤ ਸਿੰਘ ਗੁਣ ਗਹਿਰਗੰਭੀਰ । ਸ੍ਰਿਸ਼ਟੀ ਨੂੰ ਇਹ ਵੱਜਾ ਤੀਰ । ਆਪਣੇ ਮਨ ਨੂੰ ਲੈ ਟਿਕਾਏ, ਮਹਾਰਾਜ ਸ਼ੇਰ ਸਿੰਘ ਇਹ ਖੇਲ ਰਚਾਏ ।** (੭ ਜੇਠ ੨੦੦੬ ਬਿਕ੍ਰਮੀ)

ਇਹ ਸ਼ਬਦ ਅਤੇ ਬਚਨ ਸੁਣਕੇ ਚੇਤ ਸਿੰਘ ਦੇ ਸਾਰੇ ਪਰਿਵਾਰ ਦੇ ਦਿਲਾਂ ਵਿਚ ਪ੍ਰਸਨਤਾ ਦੀ ਲਹਿਰ ਦੌੜ ਗਈ । ਚੇਤ ਸਿੰਘ ਨੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਤੇ ਢੈ ਬੇਨਤੀ ਕੀਤੀ ਕਿ ਹੇ ਸਾਹਿਬ ਜੇ ਅਜੇਹੀਆਂ ਦਾਤਾਂ ਆਪ ਜੀ ਮੇਰੇ ਪਰਿਵਾਰ ਦੀ ਝੋਲੀ ਪਾਉਣ ਲੱਗੇ ਜੇ ਤੇ ਫੇਰ ਇੱਕ ਸਵਰਨ ਕੀ, ਮੈਂ ਆਪਣਾ ਸਾਰਾ ਪਰਿਵਾਰ ਆਪ ਜੀ ਦੇ ਚਰਨਾਂ ਤੇ ਭੇਟ ਕਰਦਾ ਹਾਂ ਅਤੇ ਬੇਨਤੀ ਦੇ ਨਾਲ ਹੀ ਸਾਰਾ ਪਰਿਵਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ, ਜੈਕਾਰ ਕਰਨ ਲਗਾ । ਸਵਰਨ ਸਿੰਘ ਦਾ ਸ਼ਬਦ ਬਲੀਦਾਨ ਕੋਈ ਮਾਮੂਲੀ ਘਟਨਾ ਨਹੀਂ ਸੀ । ਇਸ ਘਟਨਾ ਨੇ ਸੰਗਤ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਉਸਨੂੰ ਗੰਭੀਰਤਾ ਨਾਲ ਸੋਚਣ ਤੇ ਮਜਬੂਰ ਕਰ ਦਿੱਤਾ ਕਿ ਸੱਚੇ ਪਾਤਸ਼ਾਹ ਜੀ ਦੇ ਸ਼ਬਦ ਬਚਨ ਕੋਈ ਬੱਚਿਆ ਵਾਲਾ ਮਖੌਲ ਨਹੀਂ ਹਨ ਜਿਨ੍ਹਾਂ ਨੂੰ ਜਦੋਂ ਜੀ ਕੀਤਾ ਓਦੋਂ ਠੁਕਰਾ ਦਿਤਾ । ਇਸ ਬਲਿਦਾਨ ਨੇ ਸੰਗਤ ਨੂੰ ਸਤਿਗੁਰ ਦੀ ਆਗਿਆ ਨੂੰ ਖਿੜੇ ਮੱਥੇ ਪਰਵਾਨ ਕਰਨਾ ਅਤੇ ਉਸ ਦੇ ਭੈ ਵਿਚ ਰਹਿਣਾ ਹੀ ਸਿਖੀ ਦੀ ਨਿੰਵ ਹੈ, ਸਮਝਾ ਦਿੱਤਾ ।

*** ੧ ਮਾਘ ੨੦੦੮ ਬਿਕ੍ਰਮੀ (੧੯੫੧ ਈਸਵੀ) ***

ਸਤਿਗੁਰਾਂ ਸਤਿਜੁਗ ਲਾਇਆ

*** ੧੦ ਚੇਤ ੨੦੦੯ ਬਿਕ੍ਰਮੀ (੧੯੫੨ ਈਸਵੀ) ***

ਸਵਾ ਤਿੰਨ ਵਜੇ ਚੌਮੁਖੀਏ ਦੀਵੇ ਜਗਾ ਕੇ ਗ੍ਰੰਥਾਂ ਤੇ ਲਿਖਤ ਲਿਖਣੀ ਸ਼ੁਰੂ ਕੀਤੀ

*** ੫ ਚੇਤ ੨੦੦੮ ਬਿਕ੍ਰਮੀ ***

ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇ ਜੋਤੀ ਜਾਮਾ ਧਾਰਨ ਕਰਨ ਉਪਰਾਂਤ, ਜਦ ਜੋਤ ਮਹਾਰਾਜ ਪੂਰਨ ਸਿੰਘ ਜੀ ਵਿਚ ਪ੍ਰਗਟ ਹੁੰਦੀ ਤਾਂ ਉਨ੍ਹਾਂ ਦੀ ਦਸਤਾਰ ਸੀਸ ਉਤੋਂ ਉਤਰ ਜਾਂਦੀ, ਕੇਸ਼ ਖੁੱਲ ਜਾਂਦੇ ਅਤੇ ਕੇਸ਼ਾਂ ਦਾ ਚਵਰ ਸ਼ੁਰੂ ਹੋ ਜਾਂਦਾ ।

ਮਹਾਰਾਜ ਪੂਰਨ ਸਿੰਘ ਜੀ **੫ ਚੇਤ ੨੦੦੮ ਬਿਕ੍ਰਮੀ** ਨੂੰ ਪਾਲ ਸਿੰਘ ਦੇ ਗ੍ਰਹਿ ਲੱਲੀਆਂ ਕਲਾਂ ਗਏ । ਜੋਤ ਪ੍ਰਵੇਸ਼ ਸਮੇਂ ਬਾਪੂ ਪਾਲ ਸਿੰਘ ਨੇ ਸੱਚੇ ਪਾਤਸ਼ਾਹ ਮਹਾਰਾਜ ਪੂਰਨ ਸਿੰਘ ਜੀ ਦੇ ਚਰਨਾਂ ਵਿਚ ਬਸਤਰ ਭੇਟ ਕੀਤੇ । ਜੋਤ ਸਰੂਪ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨੇ ਦਸਤਾਰ ਨੂੰ ਪ੍ਰਵਾਨ ਕਰਦਿਆਂ ਫਰਮਾਇਆ ਕਿ ਪਾਲ ਸਿੰਘਾ ਸਾਨੂੰ ਜੋਤੀ ਜਾਮਾ ਧਾਰਨ ਤੋਂ ਬਾਦ ਕਿਸੇ ਗੁਰਸਿਖ ਅੱਜ ਤਕ ਦਸਤਾਰ ਭੇਟ ਨਹੀਂ ਕੀਤੀ ਸੀ । ਅਸੀਂ ਇਹ ਦਸਤਾਰ ਜੋਤ - ਸ਼ਬਦ ਵਿਹਾਰ ਸਮੇਂ ਪਹਿਨਿਆਂ ਕਰਾਂਗੇ ਅਤੇ ਬਾਕੀ ਦੇ ਬਸਤਰ ਪਾਲ ਸਿੰਘ ਨੂੰ ਖੁਦ ਪਹਿਨਣ ਲਈ ਬਖਸ਼ਿਸ਼ ਕਰ ਦਿੱਤੇ । ਮਹਾਰਾਜ ਪੂਰਨ ਸਿੰਘ ਜੀ ਨੇ ਇਹ ਦਸਤਾਰ ਜੇਠੂਵਾਲ ਸਿੰਘਾਸਣ ਤੇ ਲੈ ਜਾ ਰਖੀ ਅਤੇ ਉਸ ਨੂੰ ਜੋਤ - ਸ਼ਬਦ ਵਿਹਾਰ ਸਮੇਂ ਹੀ ਪਹਿਨਦੇ ਸਨ ।

**੫ ਜੇਠ ੨੦੧੦ ਬਿਕ੍ਰਮੀ** ਦੇ ਤਿਉਹਾਰ ਤੇ ਨਿਰਗੁਣ ਸਰਗੁਣ ਧਾਰ ਮਹਾਰਾਜ ਪੂਰਨ ਸਿੰਘ ਜੀ ਹਰਿ ਸੰਗਤ ਪਾਸੋਂ ਦਸਤਾਰਾਂ ਸਵੀਕਾਰ ਕੀਤੀਆਂ ਤਾਂਕੇ ਅਗਾਂਹ ਵਾਸਤੇ ਜੋਤ ਪ੍ਰਵੇਸ਼ ਸਮੇ ਸੀਸ ਤੋਂ ਦਸਤਾਰ ਨਾ ਉੱਤਰੇ ।

ਜੇਠੂਵਾਲ ਜੋੜ ਮੇਲਾ ਮਨਾਉਣ ਤੋਂ ਬਾਦ ਮਹਾਰਾਜ ਪੂਰਨ ਸਿੰਘ ਜੀ ਮਾਝੇ ਦੇਸ ਦਾ ਦੌਰਾ ਕੀਤਾ ਅਤੇ ਬੁਗੀਂ **੧੬ ਜੇਠ ੨੦੧੦ ਬਿਕ੍ਰਮੀ** ਨੂੰ ਪੁੱਜ ਕੇ ਸ਼ਬਦ ਧਾਰ ਦੁਵਾਰਾ ਪੰਜ ਦਸਤਾਰਾਂ ਬੰਧਾਇਆਂ ਗਈਆਂ ਜੋ ਇਸ ਪ੍ਰਕਾਰ ਸਨ :

੧. ਪਹਿਲੀ ਦਸਤਾਰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨੇ ਆਪ ਮਹਾਰਾਜ ਪੂਰਨ ਸਿੰਘ ਦੇ ਸਰੂਪ ਵਿਚ ਆਪਣੇ ਸੀਸ ਸਜਾਈ ।

**ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸੰਗਤ ਤੇਰਾ ਦੀਆ ਤਾਜ ਪਹਿਨਾਏ ਸਿਰ ਬੰਧੇ ਆਪਣੇ ਦਸਤਾਰ ਹੈ । ਸਚ ਦਸਤਾਰ ਹਰਿ ਸੀਸ ਟਿਕਾਏ ।**

੨. ਦੂਸਰੀ ਦਸਤਾਰ ਮਨੀ ਸਿੰਘ ਨੂੰ ਸੂਰਤ ਸਿੰਘ ਦੇ ਸਰੂਪ ਵਿਚ ਬਖਸ਼ੀ ਗਈ ।

**ਸਤਿਗੁਰ ਮਨੀ ਸਿੰਘ ਮੰਗਿਆ ਸਚ ਇਕ ਦੁਆਰਾ । ਸਾਚੇ ਪ੍ਰਭ ਰੰਗਿਆ ਭਰਿਆ ਸ਼ਬਦ ਸੱਚਾ ਭੰਡਾਰਾ । ਸਿਰੋਂ ਕਦੇ ਨਾ ਹੋਏ ਨੰਗਿਆ, ਦੂਜਾ ਸਿਰ ਬੰਧੇ ਆਪ ਤੇਰੇ ਦਸਤਾਰਾ ।**

੩. ਤੀਜੀ ਦਸਤਾਰ ਹਰਿ ਸੰਗਤ ਦੇ ਪ੍ਰਤੀਨਿਧ ਸੇਵਾਦਾਰ ਬਾਬਾ ਗੁਜਰ ਸਿੰਘ ਨੂੰ ਪਰਦਾਨ ਕੀਤੀ ਗਈ ।

**ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੀਜੀ ਦਸਤਾਰ ਗੁੱਜਰ ਸਿੰਘ ਤੇਰੇ ਸੀਸ ਧਰੀ ।**

੪. ਚੌਥੀ ਦਸਤਾਰ ਲਿਖਾਰੀ ਦਰਸ਼ਨ ਸਿੰਘ ਨੂੰ ਪਰਦਾਨ ਕੀਤੀ ਗਈ ।
**ਦਰਸ਼ਨ ਸਿੰਘ ਸਿਰ ਧਰੀ ਚੌਥੀ ਦਸਤਾਰ ।**

੫. ਪੰਜਵੀਂ ਦਸਤਾਰ ਪ੍ਰੀਤਮ ਸਿੰਘ (ਪਿਆਰਾ) ਨੂੰ ਪਰਦਾਨ ਕੀਤੀ ਗਈ ।
**ਪ੍ਰੀਤਮ ਸਿੰਘ ਪੰਜਵੀ ਬੰਨ੍ਹੇ ਸਿਰ ਤੇਰੇ ਦਸਤਾਰ ।**

*** ੫ ਪੋਹ ੨੦੧੧ ਬਿਕ੍ਰਮੀ ***

ਕਾਕੇ ਜਗਦੀਸ਼ ਦੀ ਭਸਮ ਤੇ ਹੱਡੀਆਂ ਨੀਹਾਂ ਵਿਚ ਪਾ ਕੇ ਛੋਟੇ ਦਰਬਾਰ ਦੀ ਨੀਂਹ ਰੱਖੀ । ੨੬ ਪੋਹ ਤੱਕ ਤਿਆਰ ਕੀਤਾ ।

*** ੧੯ ਕੱਤਕ ੨੦੧੮ ਬਿਕ੍ਰਮੀ ***

ਸਰਦਾਰ ਪਾਲ ਸਿੰਘ ਲੱਲੀਆਂ ਵਾਲੇ ਤੋਂ ਇਕ ਚਾਂਦੀ ਦਾ ਰੁਪਈਆ ਮੰਗਵਾ ਕੇ ਸੱਚੇ ਪਾਤਸ਼ਾਹ ਜੀ ਦੇ ਮਸਤਕ ਦਾ ਖੂਨ ਲਗਾ ਕੇ, ਕਾਕਾ ਮਨਜੀਤ ਸਿੰਘ ਤੇ ਕਾਕਾ ਜਗਦੀਸ਼ ਸਿੰਘ ਦੀ ਰਾਖ, ਸਰਦਾਰ ਗੁਰਦਿਆਲ ਸਿੰਘ ਦੀ ਢਾਈ ਮੁੱਠਾਂ ਰਾਖ ਨੀਹਾਂ ਵਿਚ ਦਬਾ ਕੇ ਹਰਿ ਭਗਤ ਦਵਾਰ ਜੇਠੂਵਾਲ ਦੀ ਨੀਂਹ ਹੱਖੀ । ੩੬ ਦਿਨਾਂ ਵਿਚ ਤਿਆਰ ਕੀਤਾ । **(੧੯ ਕੱਤਕ ੨੦੧੮ ਬਿਕ੍ਰਮੀ - ੨੪ ਮੱਘਰ ੨੦੧੮ ਬਿਕ੍ਰਮੀ ਤਕ )**

*** ੯ ਮਾਘ ਸ਼ਹਿਨਸ਼ਾਹੀ ਸੰਮਤ ੧੦ ***

ਹਰਿ ਭਗਤ ਦੁਆਰ ਦਿੱਲੀ ਦੀ ਨੀਂਹ ਹੱਖੀ

*** ਮਹਾਰਾਜ ਪੂਰਨ ਸਿੰਘ ਜੀ ਦਾ ਦੇਹ ਤਜਣਾ ***
**੨੭ ਚੇਤ ਸ਼ਹਿਨਸ਼ਾਹੀ ਸੰਮਤ ੧੨**
**(੯ ਅਪ੍ਰੈਲ ੧੯੭੬ ਈਸਵੀਂ, ੨੦੩੩ ਬਿਕ੍ਰਮੀ)**

ਰੁੜਕਾ ਨਿਵਾਸੀ ਬੇਬੇ ਤੇਜ ਕੌਰ ਨੂੰ ਸੁਪਨੇ ਵਿਚ ਸ਼ਬਦ ਦੇ ਕੇ ਸਤਿਗੁਰ ਸ਼ਬਦ ਮਹਾਰਾਜ ਪੂਰਨ ਸਿੰਘ ਨੇ ਸ਼ਹਿਨਸ਼ਾਹੀ ਸੰਮਤ ੫ ਦੇ ੨੬ ਪੋਹ ਦੇ ਤਿਉਹਾਰ ਦੇ ਮੌਕੇ ਉਤੇ ਇਕ ਸੀੜ੍ਹੀ ਮੰਗਵਾਈ ਸੀ । ਵਿਹਾਰ ਸਮੇਂ ਮਹਾਰਾਜ ਪੂਰਨ ਸਿੰਘ ਆਪ ਉਸ ਸੀੜ੍ਹੀ ਉਤੇ ਲੇਟ ਗਏ ਫਿਰ ਜਦ ਚੌਂਹ ਕਾਨ੍ਹੀਆਂ ਨੇ ਉਸ ਸੀੜ੍ਹੀ ਨੂੰ ਮੋਢਿਆਂ ਤੇ ਚੁਕਿਆ ਤਾਂ ਸਤਿਗੁਰਾਂ ਬਾਣੀ ਉਚਾਰਨ ਕੀਤੀ ।

**ਜਨਭਗਤੋ ਜੇ ਸਤਿਗੁਰੂ ਜਾਏ ਲੁਕ, ਅੱਖੀਂ ਨਜ਼ਰ ਨਾ ਆਈਆ । ਫੇਰ ਦੁਨੀਆ ਦਾ ਪਿਆਰ ਜਾਏ ਮੁਕ, ਮੁਹੱਬਤ ਵਿਚ ਨਾ ਕੋਇ ਵਡਿਆਈਆ । ਖ਼ੁਸ਼ੀ ਵਿਚ ਵੰਡੇ ਕੋਇ ਨਾ ਦੁੱਖ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਗੋਦੀ ਲਏ ਕੋਇ ਨਾ ਚੁੱਕ, ਅੰਮ੍ਰਿਤ ਸੀਰ ਨਾ ਕੋਇ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣੀ ਕਾਰ ਕਮਾਈਆ । ਜਨਭਗਤੋ ਪੂਰਨ ਦਾ ਸਰੀਰ ਗਿਆ ਛੁਟ, ਤਨ ਨਜ਼ਰ ਕੋਇ ਨਾ ਆਈਆ । ਤਤਾਂ ਵਾਲਾ ਨਾਤਾ ਗਿਆ ਟੁੱਟ, ਗੰਢ ਨਾ ਕੋਇ ਪਵਾਈਆ । ਪੰਜਾਂ ਲਿਖਾਰੀਆਂ ਨੇ ਗਾਨੇ ਬੰਨ੍ਹੇ ਗੁੱਟ, ਬਾਂਹ ਕਢ ਕੇ ਦੇਣ ਸਮਝਾਈਆ । ਜਨਭਗਤੋ ਤੁਸੀਂ ਉਸ ਪ੍ਰਭੂ ਦੇ ਪੁਤ, ਜਿਸ ਨੇ ਸਾਡੀ ਸੇਵਾ ਲਿਖਣ ਉਤੇ ਲਾਈਆ । ਤੁਸੀਂ ਆਉਣਾ ਨਹੀਂ ਮਾਤਗਰਭ ਉਲਟੇ ਰੁੱਖ, ਜਨਨੀ ਜਣੇ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪਣੇ ਉਤੇ ਪਾਈਆ । ਪਰਦਾ ਪਾ ਕੇ ਹੋ ਗਿਆ ਓਹਲੇ, ਜਨਭਗਤੋ ਪੂਰਨ ਦੇਹ ਦਾ ਕੀਤਾ ਵਿਹਾਰ, ਅੰਤ ਦਾ**

**ਸਮਾਂ ਦਿਤਾ ਦਰਸਾਈਆ । ਹਰਿਸੰਗਤ ਇਕੱਠੀ ਹੋਈ ਖ਼ੁਸ਼ੀਆਂ ਖਿੜੀ ਬਹਾਰ, ਗੁਲਸ਼ਨ ਆਪਣਾ ਗੁਲ ਮਹਿਕਾਈਆ । ਭਗਤਦੁਆਰੇ ਸੋਹਣਾ ਲੱਗਾ ਦਰਬਾਰ, ਦਰਬਾਰੀ ਦੇਣ ਗਵਾਹੀਆ । ਪਤਾ ਨਹੀਂ ਏਸ ਸਰੀਰ ਦਾ ਅੰਤ ਕਿਥੇ ਹੋਏ ਕਿਥੇ ਦੇਣ ਸਾੜ, ਗੁਰਮੁਖ ਵਿਹਾਰ ਕਰਨ ਕੋਇ ਨਾ ਜਾਈਆ । ਕਿਰਪਾ ਕਰਕੇ ਤੁਹਾਡੇ ਸਾਮ੍ਹਣੇ ਕੀਤੀ ਕਾਰ, ਕਰਤਾ ਆਪ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਨਜ਼ਰ ਇਕ ਉਠਾਈਆ । ਜਨਭਗਤੋ ਤੁਹਾਡੇ ਪ੍ਰੇਮ ਦੀ ਬਣ ਗਈ ਅਰਥੀ, ਸੋਹਣੀ ਸੇਜ ਸੁਹਾਈਆ । ਅਗੇ ਸਿੱਖੀ ਜਾਣੀ ਪਰਖੀ, ਵੇਖਿਓ ਭੁਲ ਰਹੇ ਨਾ ਰਾਈਆ । ਹੁਣ ਚੜ੍ਹਾਉਣਾ ਨਹੀਂ ਉਤੇ ਕੋਈ ਚਰਖੀ, ਦੇਗਾਂ ਵਿਚ ਸੁਟਾਈਆ । ਇਕੋ ਨਿੰਦਿਆ ਕਰਾਉਣੀ ਆਪਣੇ ਘਰ ਦੀ, ਇਹ ਮੇਰੀ ਖੇਲ ਬੇਪਰਵਾਹੀਆ । ਜੇਹੜੀ ਆਤਮਾ ਪਰਮਾਤਮਾ ਵਰਦੀ, ਕੰਤ ਕੰਤ ਕੰਤੂਹਲ ਹੰਢਾਈਆ । ਉਹ ਵਾਜ ਸੁਣੇ ਨਾ ਕਦੇ ਕੰਨ ਦੀ, ਮਨ ਵਿਚ ਹਲਕਾਈਆ । ਤਤਾਂ ਵਾਲੀ ਖੇਲ ਸਦਾ ਤਨ ਦੀ, ਜੁਗ ਚੌਕੜੀ ਚਲੀ ਆਈਆ । ਸਭ ਤੋਂ ਵਖਰੀ ਧਾਰ ਗੋਬਿੰਦ ਚੰਨ ਦੀ, ਚੰਦ ਸਤਾਰੇ ਦੇਣ ਗਵਾਹੀਆ । ਜੇਹੜਾ ਹੁਕਮ ਸੰਦੇਸ਼ਾ ਸ਼ਬਦ ਘਲਦੀ, ਜੋਤ ਨਿਰੰਕਾਰੀ ਇਕ ਅਖਵਾਈਆ । ਉਸ ਨੇ ਸਫਾ ਮੇਟਣੀ ਕਲ ਦੀ, ਕਲਕਾਤੀ ਦਏ ਮਿਟਾਈਆ । ਇਹ ਕਥਾ ਕਹਾਣੀ ਬਲ ਦੀ, ਬਾਵਨ ਰਹਿਆ ਸਮਝਾਈਆ । ਓ ਗੁਰਮੁਖੋ ਕਿਸੇ ਨੂੰ ਖ਼ਬਰ ਨਹੀਂ ਘੜੀ ਪਲ ਦੀ, ਤੇ ਗੁਰੂ ਦੀ ਮੌਤ ਦੀ ਸਮਝ ਕਿਸੇ ਨਾ ਪਾਈਆ । ਜਿਤਨੀ ਖੇਲ ਸੰਮਤ ਪੰਜ ਵਿਚ ਛਲ ਦੀ, ਛਲ ਵਿਚ ਸਾਰੇ ਦਿਤੇ ਭੁਲਾਈਆ । ਇਹ ਧਾਰ ਵਿਕਾਰੀ ਦਲ ਦੀ, ਚਾਰੋਂ ਕੁੰਟ ਦਿਤੀ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਰੰਗਾਈਆ । ਜਨਭਗਤੋ ਵੇਖੋ ਨੌ ਫੁਟ ਦਾ ਦਾਇਰਾ, ਸੋਹਣਾ ਨਜ਼ਰੀ ਆਈਆ ।**
(੨੬ ਪੋਹ ਸ਼ਹਿਨਸ਼ਾਹੀ ਸੰਮਤ ੫)

ਫੱਗਣ ਸ਼ਹਿਨਸ਼ਾਹੀ ਸੰਮਤ ੧੧ (ਜਾਂ ਚੇਤ ਸ਼ਹਿਨਸ਼ਾਹੀ ਸੰਮਤ ੧੨) ਦੀ ਸੰਗਰਾਂਦ ਤੋਂ ਅਗਲੇ ਦਿਨ ਸਚੇ ਪਾਤਸ਼ਾਹ ਮਹਾਰਾਜ ਪੂਰਨ ਸਿੰਘ ਬਾਬਾ ਮਨੀ ਸਿੰਘ ਨਿਵਾਸ (ਕੋਠੀ) ਦੇ ਉਪਰ ਬੈਠੇ ਸਨ, ਕੁਝ ਸੰਗਤ ਵੀ ਚਰਨਾਂ ਵਿਚ ਬੈਠੀ ਹੋਈ ਸੀ । ਸਤਿਗੁਰਾਂ ਬਚਨ ਕੀਤਾ ਕਿ ਜੇ ਅਸੀਂ ਓਹਲਾ ਕਰ ਜਾਈਏ ਤਾਂ ਫਿਰ ਤੁਸੀਂ ਕਿਸ ਨੂੰ ਮਨੋਗੇ । ਇਹ ਬਚਨ ਸੁਣਕੇ ਹਰਿ ਸੰਗਤ ਅੰਦਰ ਚੁੱਪੀ ਛਾ ਗਈ । ਕੁਝ ਦੇਰ ਬਾਦ ਇੱਕ ਸਿਖ ਕਹਿਣ ਲਗਾ ਕਿ ਆਪ ਜੀ ਦੇ ਪਲੰਘ ਨੂੰ । ਇਸ ਤੇ ਸਤਿਗੁਰਾਂ ਬਚਨ ਕੀਤਾ ਕਿ ਜੋ ਆਪਣੇ ਉੱਤੋਂ ਘੱਟਾ ਅਤੇ ਚੂਹਿਆਂ ਦੀ ਮੇਂਗਣਾ ਆਦਿ ਸਾਫ ਨਹੀਂ ਕਰ ਸਕਦਾ ਉਹ ਤੁਸਾਂ ਦੇ ਹਿਰਦੇ ਦੀ ਕੀ ਸਫਾਈ ਕਰ ਸਕੇਗਾ । ਫੇਰ ਇਕ ਸਿਖ ਨੇ ਸਤਿਗੁਰਾਂ ਦੀ ਫੋਟੋ ਦੀ ਪੂਜਾ ਵਲ ਸੰਕੇਤ ਦਿਤਾ, ਇਸ ਤੇ ਸਤਿਗੁਰਾਂ ਟਿੱਪਣੀ ਕਰਦਿਆਂ ਫਰਮਾਇਆ ਕਿ ਜੋ ਆਪ ਅਗਨੀ ਪਾਣੀ ਨਾਲ ਗਲ ਸੜ ਜਾਵੇ ਉਸ ਦੀ ਪੂਜਾ ਤੁਸਾਂ ਦਾ ਬੇੜਾ ਭਵਸਾਗਰ ਤੋਂ ਕਿਵੇਂ ਪਾਰ ਕਰ ਸਕਦੀ ਹੈ ? ਕਿਸ਼ਨ ਸਿੰਘ ਦੇ ਇਹ ਕਹਿਣ ਤੇ ਕਿ ਅਸੀਂ ਹਰਿ ਭਗਤ ਦਵਾਰ ਨੂੰ ਮੰਨਾਗੇ, ਤਾਂ ਸਤਿਗੁਰਾਂ ਫਰਮਾਉਣ ਲਗੇ ਕਿ ਹਰਿ ਭਗਤ ਦਵਾਰ ਤੇ ਆਪਣੀ ਹੀ ਕਲੀ ਚੂਨੇ ਨੂੰ ਨਹੀਂ ਸੰਭਾਲ ਸਕਦਾ, ਉਹ ਤੁਸਾਂ ਦੀ ਕੀ ਸਾਰ ਸੰਭਾਲੇਗਾ । ਸਤਿਗੁਰਾਂ ਦੇ ਫਿਰ ਪੁਛਣ ਤੇ ਕਿ ਕਿਸੇ ਦਾ ਕੋਈ ਹੋਰ ਵੀਚਾਰ ਹੋਵੇ ਤਾਂ ਇਕ ਸਿਖ, ਜੋ ਕਿ ਕੁਝ ਕਿ ਚਿਰ ਪਹਿਲੇ ਹੀ ਸਿਖ ਸਜਿਆ ਸੀ ਨੇ ਬੇਨਤੀ ਕੀਤੀ ਕਿ ਸਾਹਿਬ ਅਸੀਂ ਤੁਸਾਂ ਦੀ ਅੰਮ੍ਰਿਤ ਰੂਪੀ ਬਾਣੀ ਨੂੰ ਮਨਾਂਗੇ । ਇਹ ਬਚਨ ਸੁਣ ਕੇ ਸਤਿਗੁਰਾਂ ਫਰਮਾਇਆ, ਹਾਂ ਇਹ ਕੁਛ ਠੀਕ ਹੈ । ਸਤਿਗੁਰਾਂ ਦੇ ਅਜਿਹੇ ਬਚਨ ਸੁਣ ਕੇ ਫਿਰ ਇਕ ਸਿਖ ਨੇ ਬੇਨਤੀ ਕੀਤੀ-ਸੱਚੇ ਪਾਤਸ਼ਾਹ ਜੀਓ, ਹੁਣ ਤੁਸੀਂ ਆਪ ਹੀ ਸਾਨੂੰ ਸਿੱਧੇ ਰਾਹੇ ਪਾਓ । ਇਸ ਬੇਨਤੀ ਦੇ ਜੁਆਬ ਵਿਚ ਸਤਿਗੁਰਾਂ ਫਰਮਾਉਣ ਲਗੇ, ਕਿ ਜੇ ਅਸੀਂ ਕਹਿ ਦਿਤਾ ਕਿ ਕਾਲੇ ਚੋਰ ਨੂੰ ਮੰਨਿਓ ਤਾਂ ਤੁਸਾਂ ਕਿਹੜਾ ਮੰਨ ਲੈਣਾ ਹੈ ।

ਇਸ ਘਟਨਾ ਤੋਂ ਕੁਛ ਦਿਨ ਬਾਦ ਜਥੇਦਾਰ ਕਿਸ਼ਨ ਸਿੰਘ ਨੇ ਅਕੱਲਿਆਂ ਸਤਿਗੁਰਾਂ ਪਾਸ ਜਦ ਇਸ ਗੁਥੀ ਦੇ ਸਮਾਧਾਨ ਬਾਰੇ ਬੇਨਤੀ ਕੀਤੀ ਤਾਂ ਸਾਹਿਬਾਂ ਫੁਰਮਾਇਆ ਕਿ ਸਾਡੇ ਬਾਦ ਹਰਿ ਸੰਗਤ ਵਿਚ ਇਕ ਨਵਾਂ ਵੀਚਾਰ ਉਠੇਗਾ, ਪਹਿਲਾਂ ਉਸ ਦਾ ਸਖਤ ਵਿਰੋਧ ਹੋਵੇਗਾ ਤੇ ਫਿਰ ਸਹਿਜੇ ਸਹਿਜੇ ਇਹ ਵਿਰੋਧ ਸ਼ਾਂਤ ਹੋ ਜਾਵੇਗਾ ।

੧੨ ਚੇਤ ਸ਼ਹਿਨਸ਼ਾਹੀ ਸੰਮਤ ੧੨ (ਮੁਤਾਬਕ ੨੪ ਮਾਰਚ, ੧੯੭੬ ਈਂ.) ਨੂੰ ਸਤਿਗੁਰਾਂ ਹਰਿ ਸੰਗਤ ਦੇ ਘਰਾਂ ਦੇ ਟੂਰ ਆਰੰਭ ਕਰਨ ਦੀ ਯੋਜਨਾ ਬਣਾਈ ਸੀ ।

੧੨ ਚੇਤ ਸ਼ਹਿਨਸ਼ਾਹੀ ਸੰਮਤ ੧੨ ਨੂੰ ਸਵੇਰੇ ਸੱਚੇ ਪਾਤਸ਼ਾਹ ਕੁਝਕਿ ਸੰਗਤ ਸਮੇਤ ਆਪਣੇ ਅਖੀਰਲੇ ਟੂਰ ਪ੍ਰੋਗਰਾਮ ਲਈ ਦਰਬਾਰ ਵਿਚੋਂ ਰਵਾਨਾ ਹੋਣ ਸਮੇ ਬੀਬੀ ਰਣਜੀਤ ਕੌਰ ਨੂੰ ਆਪਣੇ ਅਖੀਰਲੇ ਸ਼ਬਦ ਕਹੇ " ਰਣਜੀਤ ਕੌਰੇ, ਅਸੀਂ ਏਥੋਂ ਕੁਝ ਨਹੀਂ ਨਾਲ ਲੈ ਕੇ ਜਾ ਰਹੇ " ਅਤੇ ਨਾਲ ਹੀ ਆਪਣੇ ਕੁੜਤੇ ਦਾ ਦਾਮਨ ਝਾੜ ਦਿਤਾ । (ਸਾਕਸ਼ੀ ਭਾਈ ਅਮੀਰ ਸਿੰਘ ਗੁਲ੍ਹਾਟੀ)

ਇਸ ਟੂਰ ਦੇ ਦੌਰਾਨ ਸੱਚੇ ਪਾਤਸ਼ਾਹ ਮਹਾਰਾਜ ਪੂਰਨ ਸਿੰਘ ਆਪਣੇ ਕੁੜਮ ਅਰਜਨ ਸਿੰਘ ਦੇ ਨਗਰ ਬਲੋਚਪੁਰ, ਹਰਿਆਣਾ ਵਿਖੇ ੧੮ ਚੇਤ ਸ਼ਹਿਨਸ਼ਾਹੀ ਸੰਮਤ ੧੨ ਨੂੰ ਪੜਾਓ ਕੀਤਾ । ਅਗਲੇ ਦਿਨ ਓਥੋਂ ਚਾਲੇ ਪਾਉਣ ਤੋਂ ਪਹਿਲਾਂ ਕਹਿਣ ਲੱਗੇ - ਅਰਜਨ ਸਿੰਘ ੨੮ ਚੇਤ (੯ ਅਪ੍ਰੈਲ ੧੯੭੬) ਨੂੰ ਤੂੰ ਜੇਠੂਵਾਲ ਜਰੂਰ ਪੁੱਜ ਜਾਵੀਂ । ਅਸੀਂ ਵੀ ਆ ਜਾਵਾਂਗੇ, ਬਹੁਤ ਜਰੂਰੀ ਕੰਮ ਹੈ । ਭਾਵੇਂ ਨਿਰਧਾਰਤ ਪ੍ਰੋਗ੍ਰਾਮ ਅਨੁਸਾਰ ਸਚੇ ਪਾਤਸ਼ਾਹ ਹੋਰਾਂ ਵੈਸਾਖ ਦੀ ਸੰਗਰਾਂਦ (੧੩ ਅਪ੍ਰੈਲ) ਨੂੰ ਵਾਪਸ ਜੇਠੂਵਾਲ ਪੁਜਣਾ ਸੀ ਤਾਂ ਭੀ ਨਾ ਹੀ ਅਰਜਨ ਸਿੰਘ ਨੇ ਮੁੜ ਕੇ ਪੁਛਿਆ ਅਤੇ ਨਾ ਹੀ ਸਤਿਗੁਰਾਂ ਦੱਸਿਆ ਕਿਹੜਾ ਜਰੂਰੀ ਕੰਮ ਸੀ । ਸਤਿਗੁਰਾਂ ਦੀ ਪੱਕੀ ਕੀਤੀ ਅਨੁਸਾਰ ਜਦ ਅਰਜਨ ਸਿੰਘ ੨੮ ਚੇਤ ਨੂੰ ਅਜੇ ਜੇਠੂਵਾਲ ਨਗਰ ਦੇ ਨੇੜੇ ਹੀ ਪੁੱਜਾ ਸੀ ਕਿ ਉਸ ਨੂੰ ਪਿਛੋਂ ਟ੍ਰਕ ਆ ਮਿਲਿਆ ਜਿਸ ਵਿਚ ਸੱਚੇ ਪਾਤਸ਼ਾਹ ਮਹਾਰਾਜ ਪੂਰਨ ਸਿੰਘ ਜੀ ਦਾ ਮ੍ਰਿਤਕ ਸ਼ਰੀਰ ਲਿਆਇਆ ਜਾ ਰਿਹਾ ਸੀ । ਵਾਹ ਰੇ ਚੋਜੀ ਪ੍ਰੀਤਮ ਅਤੇ ਵਾਹ ਤੇਰੇ ਵਡਾਣੇ ਜਰੂਰੀ ਕੰਮ ।

ਦੋ ਦਿਨ ਦਿੱਲੀ (੧੯ ਅਤੇ ੨੦ ਚੇਤ) ਅਤੇ ਇਕ ਦਿਨ ਗੁੜਗਾਉਂ (੨੧ ਚੇਤ) ਪੜਾ ਕਰਨ ਮਗਰੋਂ ੨੨ ਚੇਤ ਨੂੰ ਵਾਪਸੀ ਤੋਂ ਦਿੱਲੀ ਵਿਚੋਂ ਲੰਘਦਿਆਂ ਹੋਇਆ ਸੱਚੇ ਪਾਤਸ਼ਾਹ ਜੀ ਆਪਣੀ ਸਪੁੱਤਰੀ ਬੀਬੀ ਬਲਵਿੰਦਰ ਕੌਰ ਨੂੰ ਮਿਲਣ ਵਾਸਤੇ ਬਵਾਨੇ (ਦਿੱਲੀ) ਚਲੇ ਗਏ ਜਿਥੇ ਬੀਬੀ ਬਲਵਿੰਦਰ ਕੌਰ ਉਨ੍ਹੀ ਦਿਨੀ ਪੜ੍ਹਾਈ ਕਰਨ ਆਏ ਹੋਏ ਸਨ । ਉਥੇ ਚੱਲਣ ਲੱਗਿਆਂ ਸੱਚੇ ਪਾਤਸ਼ਾਹ ਜੀ ਨੇ ਆਪਣੀ ਸਪੁੱਤਰੀ ਨੂੰ ਘੁੱਟ ਕੇ ਗਲ ਨਾਲ ਲਾਉਂਦਿਆ ਫਰਮਾਇਆ - ਬਿੰਦਰ, ਜੇ ਕੋਈ ਐਸੀ ਵੈਸੀ ਗੱਲ ਹੋ ਜਾਵੇ ਤਾਂ ਦਿਲ ਨਹੀਂ ਛੱਡ ਦੇਣਾ । ਤਕੜੇ ਹੋ ਕੇ ਇਮਤਿਹਾਨ ਦੇਣਾ ਹੈ । ਬੀਬੀ ਬਲਵਿੰਦਰ ਇਸ ਰਮਜ ਦਾ ਭਾਵ ਉਦੋਂ ਨਾ ਸਮਝ ਸਕੀ, ਕਿ ਇਹ ਸੈਨਤ ਸਦੀਵੀ ਵਿਛੋੜੇ ਦਾ ਸੀ । ਇਮਤਿਹਾਨ ਸ਼ੁਰੂ ਹੋਣ ਦੇ ਨਾਲ ਹੀ ਜਦ ਸਤਿਗੁਰਾਂ ਦੇ ਦੇਹ ਛਡ ਜਾਣ ਦਾ ਸੰਦੇਸ਼ ਪੁਜਾ ਤਾਂ ਉਸਨੂੰ ਆਪਣੇ ਨੇਤਰਾਂ ਵਿਚੋਂ ਵਗਦੇ ਹੰਝੂਆਂ ਦੇ ਪਰਤੇਕ ਮੋਤੀ ਵਿਚ ਆਪਣੇ ਪਿਤਾ ਮਹਾਰਾਜ ਪੂਰਨ ਸਿੰਘ ਦੀ ਇਹ ਮੂਰਤ ਇਹ ਕਹਿੰਦੀ ਨਜ਼ਰ ਆਉਣ ਲਗੀ - ਬਿੰਦਰ ਦਿਲ ਨਹੀ ਛੱਡਣਾ । ਤਕੜੇ ਹੋ ਕੇ ਇਮਤਿਹਾਨ ਦੇਣਾ ਹੈ । ਧੰਨ ਦੀਨਾ ਬੰਧਨ ਤੇ ਧੰਨ ਉਸਦੀ ਸਪੁੱਤਰੀ ਜਿਸ ਨੇ ਆਪਣੇ ਪਿਤਾ ਸ਼ਬਦ ਗੁਰਦੇਵ ਦੀ ਆਖੀ ਤੇ ਫੁਲ ਚੜ੍ਹਾਏ ਅਤੇ ਪ੍ਰੀਖਿਆ ਵਿਚੋਂ ਸਰਬ ਪ੍ਰਥਮ ਸਥਾਨ ਪ੍ਰਾਪਤ ਕਰਨ ਦਾ ਮਾਣ ਪ੍ਰਾਪਤ ਕੀਤਾ ।

ਅਜਿਹੇ ਅਨੇਕ ਸਾਧਾਰਨ ਬਚਨਾਂ ਤੋਂ ਅਤ੍ਰਿਕਤ ਸਮੇਂ ਸਮੇਂ ਕੁਝ ਇੱਕ ਗੁਰਸਿਖਾਂ ਨੂੰ ਸੁਪਨ ਅਵਸਥਾ ਵਿਚ ਵੀ ਸ਼ਬਦ ਰਾਹੀਂ ਸ਼ਰੀਰ ਛਡ ਜਾਣ ਦਾ ਬੋਧ ਕਰੌਂਦੇ ਰਹੇ ।

ਆਪਣੇ ਚੇਤ ਦੇ ਆਖਰੀ ਟੂਰ ਤੋਂ ਕੁਝ ਚਿਰ ਪਹਿਲਾਂ ਧਨੌਰੀ ਨਿਵਾਸੀ ਸੂਬੇਦਾਰ ਲਛਮਣ ਸਿੰਘ ਨੂੰ ਸੁਪਨ-ਸ਼ਬਦ ਵਿਚ ਜਣਾਈ ਕਰਾਈ ਕਿ ਜਦ ਮਹਾਰਾਜ ਪੂਰਨ ਸਿੰਘ ਗਿਆਨੀ ਗੁਰਮੁਖ ਸਿੰਘ ਆਦਿ ਕਿਤੇ ਜਾ ਰਹੇ ਹੁੰਦੇ ਹਨ ਤਾਂ ਏਕਾ ਏਕ ਇਕ ਬੜੇ ਜੋਰ ਦਾ ਵਾਵਰੋਲਾ ਉਠਦਾ ਹੈ ਜੋ ਮਹਾਰਾਜ ਜੀ ਨੂੰ ਅੱਕਲਿਆਂ ਹੀ ਆਪਣੀ ਲਪੇਟ ਵਿਚ ਲੈ ਲੈਂਦਾ ਹੈ ਅਤੇ ਫਿਰ ਮਹਾਰਾਜ ਜੀ ਅਤੇ ਵਾਵਰੋਲਾ ਦੋਵੇਂ ਅਲੋਪ ਹੋ ਜਾਂਦੇ ਹਨ । ਸੂਬੇਦਾਰ ਨੇ ਜਦ ਪਤਰ ਰਾਂਹੀ ਇਸ ਸੁਪਨ ਸ਼ਬਦ ਬਾਰੇ ਸੱਚੇ ਪਾਤਸ਼ਾਹ ਜੀ ਨੂੰ ਬੇਨਤੀ ਲਿਖ ਭੇਜੀ ਤਾਂ ਸਤਿਗੁਰਾਂ ਫਰਮਾਇਆ ਕਿ ਜੋ ਕੁਝ ਤੁਸਾਂ ਵੇਖਿਆ ਹੈ, ਸਤਿ ਹੈ । ਕੁਝ

ਦਿਨਾਂ ਬਾਦ ਜਦ ਸਚੇ ਪਾਤਸ਼ਾਹ ਜੀ ੨੫ ਚੇਤ ਸ਼ਹਿਨਸ਼ਾਹੀ ਸੰਮਤ ੧੨ (੬ ਅਪ੍ਰੈਲ ੧੯੭੬) ਨੂੰ ਧਨੌਰੀ ਪੁਜੇ ਤਾਂ ਉਪਰੋਤਕ ਸੁਪਨ ਲੀਲਾ ਸੂਬੇਦਾਰ ਦੀ ਆਤਮਾ ਵਿਚ ਅਸੁਤੇ ਹੀ ਬਾਰ ਬਾਰ ਉਠ ਰਹੀ ਸੀ ਤੇ ਕਹਿ ਰਹੀ ਕਿ ' ਪੂਰਨ ਸਿੰਘ ' ਦਾ ਪ੍ਰਸਾਦ ਕਰਾਇਆ ਜਾਵੇ । ਸੂਬੇਦਾਰ ਨੇ ਕੁਝਕਿ ਸੰਗਤ ਨੂੰ ਨਾਲ ਲੈ ਕੇ ਤਿੰਨ ਚਾਰ ਵੇਰਾਂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਕੇ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ ਜੀਉ, ਅਸਾਂ ਨੂੰ ਆਪ ਜੀ ਦੀ ਅਜੇ ਬਹੁਤ ਲੋੜ ਹੈ, ਆਪ ਜੀ ਦੀ ਆਗਿਆ ਹੋਵੇ ਤਾਂ ਪੂਰਨ ਸਿੰਘ ਦੇ ਨਵਿਤ ਪ੍ਰਸਾਦ ਕਰਵਾ ਦਈਏ । ਹਰਿ ਸੰਗਤ ਦੀ ਇਹ ਬੇਨਤੀ ਸਚੇ ਪਾਤਸ਼ਾਹ ਜੀ ਇਹ ਕਹਿ ਕੇ ਹਰ ਵਾਰ ਟਾਲ ਦਿੰਦੇ ਕਿ ਪੂਰਨ ਦਾ ਅਰਥ ਤਾਂ ਪਰਮੇਸ਼ਵਰ ਹੈ ਤੇ ਕੀ ਪਰਮੇਸ਼ਵਰ ਦਾ ਵੀ ਪ੍ਰਸਾਦ ਕੀਤਾ ਜਾਂਦਾ ਹੈ ? ਅਜਿਹੇ ਉਤਰ ਸੁਣ ਕੇ ਸੰਗਤ ਚੁਪ ਹੋ ਬੈਠ ਜਾਂਦੀ । ਵਲ-ਛਲਧਾਰੀ ਅਜ ਵੀ ਹਰਿ ਸੰਗਤ ਨਾਲ ਵਲ ਛਲ ਕਰ ਰਿਹਾ ਸੀ ਕਿਉਂਕੀ " ਪੂਰਨ ਸਿੰਘ " ਨਵਿਤ ਪ੍ਰਸਾਦ ਕਰਵਾਉਣ ਦਾ ਕਾਰਜ ਅਜੇ ਦੋ ਦਿਨ ਹੋਰ ਦੂਰ ਸੀ ।

੨੬ ਚੇਤ ਸ਼ਹਿਨਸ਼ਾਹੀ ਸੰਮਤ ੧੨ ਦੀ ਰਾਤ ਦਾ ਪ੍ਰੋਗਰਾਮ ਰਾਜੇ ਮਾਜਰੇ ਪ੍ਰੀਤਮ ਸਿੰਘ ਦੇ ਗ੍ਰਹਿ ਅਤੇ ੨੭ ਚੇਤ ਦੀ ਸਵੇਰ ਦਾ ਪ੍ਰੋਗਰਾਮ ਪ੍ਰੀਤਮ ਸਿੰਘ ਦੇ ਭਾਈ ਸਰਜੀਤਮ ਸਿੰਘ ਦੇ ਗ੍ਰਹਿ ਸੀ । ੨੭ ਚੇਤ ਦੀ ਸਵੇਰ ਨੂੰ ਛੇ ਬਜੇ ਦੇ ਲਗਭਗ ਜੁਗਿੰਦਰ ਕੌਰ 'ਲਿਖਾਰੀ' ਅਜੇ ਸੌਂ ਹੀ ਰਹੀ ਸੀ ਕਿ ਸੱਚੇ ਪਾਤਸ਼ਾਹ ਜੀ ਜੰਗਲ ਪਾਣੀ ਹੋ ਕੇ ਪਰਤ ਆਏ । ਜੁਗਿੰਦਰ ਕੌਰ ਨੂੰ ਸੁੱਤਿਆਂ ਵੇਖ ਸੱਚੇ ਪਾਤਸ਼ਾਹ ਜੀ ਨੇ ਜੁਗਿੰਦਰ ਕੌਰ ਨੂੰ ਆਵਾਜ਼ ਮਾਰੀ ਕਿ ਉਠਣਾ ਨਹੀਂ ? ਸੱਚੇ ਪਾਤਸ਼ਾਹ ਜੀ ਦੀ ਆਵਾਜ਼ ਸੁਣ ਕੇ ਜੁਗਿੰਦਰ ਕੌਰ ਅਬੜਵਾਹੇ ਉਠ ਬੈਠੀ ਅਤੇ ਹੱਥ ਮੂੰਹ ਧੋ ਕੇ ਮਹਾਰਾਜ ਜੀ ਜੋ ਬਿਸਰਾਮ ਅਵਸਥਾ ਵਿਚ ਲੇਟੇ ਸਨ ਚਰਨ ਕਵਲ ਫੜ ਲਏ ਅਤੇ ਬੇਨਤੀ ਕੀਤੀ ਕਿ ਜਦ ਤੁਸੀ ਆਵਾਜ਼ ਲਗਾਈ ਉਸ ਸਮੇਂ ਮੈਂ ਇਕ ਬੜਾ ਭਯੰਕਰ ਸੁਪਨਾ ਵੇਖ ਰਹੀ ਸਾਂ ਕਿ ਆਪਣੀ ਜੀਪ ਦਾ ਟ੍ਰਕ ਨਾਲ ਐਕਸੀਡੈਂਟ ਹੋ ਗਿਆ ਹੈ । ਆਪਾਂ ਸਾਰਿਆਂ ਦੇ ਸੱਟਾਂ ਲਗੀਆਂ ਹਨ । ਆਪ ਦੇ ਮਥੇ ਤੇ ਲਗੀ ਤੇ ਆਪ ਨੂੰ ਆਪ੍ਰੇਸ਼ਨ ਥੇਟਰ ਵਿਚ ਲੇਜਾ ਰਹੇ ਸਨ ਜੀ । ਸਾਰੀ ਵਿਥਿਆ ਸੁਣ ਕੇ ਮਹਾਰਾਜ ਜੀ ਨੇ ਬਚਨ ਕਿਤਾ ਕਿ ਤੁਹਾਨੂੰ ਕਿਸੇ ਨੂੰ ਕੁਛ ਨਹੀਂ ਹੁੰਦਾ ਕਿਰਪਾ ਰਹੇਗੀ । ਫੇਰ ਵੀ ਕਿਸੇ ਨੂੰ ਹੋਸ਼ ਨਾ ਆਈ ਕਿ ਉਹ ਬੇਨਤੀ ਕਰਦਾ ਕਿ ਆਪ ਜੀ ਨੇ ਸਾਡੇ ਉਤੇ ਕਿਰਪਾ ਕਰ ਦਿਤੀ ਹੈ ਪਰ ਆਪ ਵੀ ਸਾਡੇ ਵਿਚ ਹਾਜ਼ਰ ਰਹਿਣਾ ਜੀ । ਸਾਹਿਬ ਹੁਣ ਫਿਰ ਸੰਗਤ ਨਾਲ ਵਲ ਛਲ ਕਰ ਗਏ ।

੨੭ ਚੇਤ ਦੀ ਸ਼ਾਮ ਦਾ ਪ੍ਰੋਗ੍ਰਾਮ ਨਗਰ ਖੋਜੇ ਪ੍ਰੀਤਮ ਸਿੰਘ ਦੇ ਗ੍ਰਹਿ ਸੀ । ਪ੍ਰੀਤਮ ਸਿੰਘ ਨੇ ਸਵੇਰੇ ਹੀ ਸੱਚੇ ਪਾਤਸ਼ਾਹ ਪਾਸੋਂ ਆਪਣੇ ਪਿੰਡ ਖੋਜੇ ਜਾਣ ਵਾਸਤੇ ਖੁਸ਼ੀਆਂ ਮੰਗੀਆਂ ਤਾਂ ਜੋ ਉਹ ਪਿੰਡ ਜਾ ਕੇ ਸ਼ਾਮ ਦੇ ਲੰਗਰ ਨੂੰ ਤਿਆਰ ਕਰਵਾ ਸਕੇ । ਉਸ ਦੀ ਬੇਨਤੀ ਤੇ ਸੱਚੇ ਪਾਤਸ਼ਾਹ ਜੀ ਨੇ ਪ੍ਰੀਤਮ ਸਿੰਘ ਨੂੰ ਖੋਜੇ ਜਾਣ ਦੀ ਇਜਾਜ਼ਤ ਤਾਂ ਦੇ ਦਿੱਤੀ ਪਰ ਨਾਲ ਹੀ ਹਸ ਕੇ ਕਹਿ ਦਿਤਾ ਕਿ ਅਸੀਂ ਵੀ ਤੁਹਾਡੇ ਪਿਛੇ ਪਿਛੇ ੩-੪ ਬਜੇ ਆਪਣੀ ਮੰਜ਼ਲ ਤੇ ਪੁਜ ਜਾਵਾਂਗੇ, ਲੰਗਰ ਸਾਡੇ ਆਇਆਂ ਤੇ ਤਿਆਰ ਕਰਵਾਉਣਾ । ਉਹ ਇਹ ਸੋਚ ਕੇ ਕੀ ਝਟ ਹੀ ਸਾਡੇ ਪਿਛੇ ਪਿਛੇ ਮਹਾਰਾਜ ਜੀ ਨੇ ਖੋਜੇ ਪੁੱਜ ਜਾਣਗੇ ਤੇ ਫੇਰ ਲੰਗਰ ਬਣਾ ਲਵਾਂਗੇ, ਖੁਸ਼ਿਆਂ ਨਾਲ ਪਿੰਡ ਵਲ ਨਸ ਉਠਿਆ । ਪਰੰਤੂ ਸਤਿਗੁਰਾਂ ਪ੍ਰੀਤਮ ਸਿੰਘ ਨਾਲ ਇਹ ਵਲ ਛਲ ਇਸ ਕਰਕੇ ਖੇਲਿਆ ਸੀ ਕਿ ਉਨ੍ਹਾਂ ਦੀ ਦੇਹ ਛੱਡਣ ਦੀ ਖਬਰ ਸੁਣ ਕੇ ਕੋਈ ਵੀ ਗੁਰਸਿਖ ਲੰਗਰ ਪਾਣ ਨਹੀਂ ਕਰ ਸਕੇਗਾ ਅਤੇ ਇਸ ਪ੍ਰਕਾਰ ਲੰਗਰ ਦਾ ਅਨਾਦਰ ਹੋਵੇਗਾ । ਪ੍ਰੀਤਮ ਸਿੰਘ ਘਰ ਲੰਗਰ ਤਿਆਰ ਕਰਨ ਦਾ ਕੰਮ ਨਾ ਹੋਣ ਕਰਕੇ ਆਪਣੇ ਪਰਿਵਾਰ ਅਤੇ ਸੰਗਤ ਸਹਿਤ ਸੜਕ ਤੇ ਆ ਕੇ ਸਤਿਗੁਰਾਂ ਦੇ ਇੰਤਜ਼ਾਰ ਵਿਚ ਰਸਤੇ ਵਿਚ ਅੱਖਾਂ ਵਛਾ ਬੈਠ ਗਏ । ਉਨ੍ਹਾਂ ਨੂੰ ਵੇਖ, ਉਸ ਦੇ ਘਰ ਆਉਣ ਵਾਲੀ ਸੰਗਤ ਵੀ ਸੜਕ ਤੇ ਹੀ ਰੁਕ ਜਾਂਦੀ । ਇਸ ਪ੍ਰਕਾਰ ਹਰਿ ਸੰਗਤ ਦਾ ਕਾਫੀ ਇਕੱਠ ਸੜਕ ਤੇ ਜਮਾਂ ਹੋ ਗਿਆ । ਸਤਿਗੁਰਾਂ ਸ਼ਾਮ ਦੇ ਚਾਰ ਵਜੇ ਖੋਜੇ ਪੁਜ ਜਾਣਾ ਸੀ । ਚਾਰ ਕਦੋਂ ਦੇ ਵਜ ਚੁਕੇ ਸਨ, ਸੂਰਜ ਡੁਬਦਾ ਜਾ ਰਿਹਾ ਸੀ, ਜਿਉਂ ਜਿਉਂ ਦੇਰ ਹੁੰਦੀ ਜਾਂਦੀ ਤਿਉਂ ਤਿਉਂ ਹਰਿ ਸੰਗਤ ਦੇ ਹਿਰਦੇ ਨੂੰ ਅੰਦਰੋਂ ਅੰਦਰ ਇਕ ਧੂ ਪੈਂਦੀ ਜਾ ਰਹੀ ਸੀ ।

ਓਧਰ, ਇਹ ਮੰਨ ਕੇ ਕਿ ਸਤਿਗੁਰਾਂ ਜੀਪ ਉਤੇ ਛੇਤੀ ਆ ਜਾਣਾ ਹੈ ਸੰਗਤਾਂ ਨੇ ਸਤਿਗੁਰਾਂ ਪਾਸੋਂ ਖੁਸ਼ੀਆਂ ਪ੍ਰਾਪਤ ਕਰ ਕੇ ਸਤਿਗੁਰਾਂ ਤੋਂ ਪਹਿਲਾਂ ਹੀ ਰਾਜੇ ਮਾਜਰੇ ਤੋਂ ਰੋਪੜ ਵਲ ਨੂੰ ਵਹੀਰ ਘਤ ਲਈਆਂ ਸਨ ਪਰ ਸਤਿਗੁਰਾਂ ਦਾ ਵਾਹਣ ਅਜ

ਅੜੀ ਕਰ ਬੈਠਾ ਕਿ ਸ਼ਾਇਦ ਉਸ ਦੀ ਅੜੀ ਨਾਲ ਜੁਦਾਈ ਦੀ ਘੜੀ ਟਲ ਜਾਵੇ । ਪਰ ਉਸ ਸਾਹਿਬ ਦਾ ਭਾਣਾ ਅਟਲ ਹੈ । ਉਹ ਕਿਸੇ ਦੇ ਰੋਕਿਆਂ ਨਹੀਂ ਰੁਕਦਾ । ਹਾਂ, ਇਹ ਵੀ ਕਿਵੇਂ ਹੋ ਸਕਦਾ ਸੀ ਕਿ ਅੰਤਮ ਵਿਛੋੜੇ ਵੇਲੇ ਸੰਗਤ ਆਪਣੇ ਸਤਿਗੁਰ ਨੂੰ ਆਪ ਵਿਦਾਈ ਨਾ ਦੇਂਦੀ । ਜੀਪ ਦੋ ਵੇਰ ਕਾਫੀ ਧੱਕਾ ਲਾ ਲਾ ਕੇ ਸਟਾਰਟ ਕੀਤੀ ਗਈ ਪਰੰਤੂ ਜਦੋਂ ਮਹਾਰਾਜ ਜੀ ਉਸ ਵਿਚ ਆਪਣਾ ਚਰਨ ਰਖਦੇ ਉਹ ਰੁਕ ਜਾਂਦੀ । ਸਰਜੀਤਮ ਸਿੰਘ ਨੇ ਇਹ ਸੋਚ ਕੇ ਕਿ ਸ਼ਾਇਦ ਸੰਗਤ ਨੇ ਪਹਿਲਾਂ ਚਾਲੇ ਪਾ ਕੇ ਗਲਤੀ ਕੀਤੀ ਹੈ ਤੇ ਜੀਪ ਇਸੇ ਕਰ ਕੇ ਰੁਕਦੀ ਹੈ ਉਸ ਨੇ ਸਤਿਗੁਰਾਂ ਪਾਸ ਬੇਨਤੀ ਕਰ ਕੇ ਚਲੀ ਗਈ ਸੰਗਤ ਨੂੰ ਫਿਰ ਵਾਪਸ ਬੁਲਵਾ ਲਿਆ । ਸਾਰੀ ਸੰਗਤ ਨੇ ਰਲ ਕੇ ਜੀਪ ਨੂੰ ਧੱਕਾ ਲਾ ਕੇ ਸਟਾਰਟ ਕੀਤਾ ਅਤੇ ਮਹਾਰਾਜ ਜੀ ਨੇ ਜੀਪ ਤੇ ਸਵਾਰ ਹੋਣ ਲਗਿਆਂ ਇਹ ਬਚਨ ਕੀਤਾ - " ਹੁਣ ਤਾਂ ਸਾਨੂੰ ਕਿਸੇ ਤਨ ਪਤਨ ਲਾ ਦੇ, ਫੇਰ ਤੇ ਭਾਵੇਂ ਆਪ ਕਿਸੇ ਖੁਡੇ ਲਗ ਕੇ ਖਲੋ ਜਾਵੀਂ । " ਇਸ ਤੋਂ ਬਾਦ ਜੀਪ ਨਹੀਂ ਬੰਦ ਹੋਈ ।

ਰਸਤੇ ਵਿਚ ਇਕ ਦੋ ਛੋਟੇ ਛੋਟੇ ਪੜਾ ਕਰਦੇ ਹੋਏ ਕੋਈ ਤਿੰਨ ਸਵਾ ਤਿੰਨ ਕੁ ਬਜੇ ਦੇ ਲਗਭਗ ਸਤਿਗੁਰਾਂ ਆਪਣੀ ਜੀਪ ਨੂੰ ਰਸਤੇ ਵਿਚ ਰੁਕਵਾ ਕੇ ਉਨ੍ਹਾਂ ਨਾਲ ਜੀਪ ਵਿਚ ਆਈ ਹਰਿ ਸੰਗਤ ਨੂੰ ਕੇਲਿਆਂ ਦਾ ਪ੍ਰਸਾਦ ਵੰਡਿਆ ਅਤੇ ਨਾਲ ਹੀ ਹੁਕਮ ਕੀਤਾ ਕਿ ਇਸ ਨੂੰ ਸਾਰੇ ਹੁਣ ਛੇਤੀ ਛੇਤੀ ਛਕ ਲਉ । ਅਸਾਂ ਆਪਣੀ ਮੰਜ਼ਲ ਤੇ ਬਹੁਤ ਛੇਤੀ ਪੁਜਣਾ ਹੈ । ਜੀਪ ਮੁੜ ਚਲ ਪਈ । ਸਤਿਗੁਰਾਂ ਡਾਕਟਰ ਪਾਲ ਸਿੰਘ ਨੂੰ ਸੰਬੋਧਨ ਕਰਦਿਆਂ ਬਚਨ ਕੀਤਾ ਕਿ ਡਾਕਟਰ ਜੇ ਅਸੀਂ ਉਹਲਾ ਕਰ ਜਾਈਏ ਤਾਂ ਫਿਰ ਮਗਰੋਂ ਤੁਸੀਂ ਕੀ ਕਰੋਗੇ । ਇਹ ਬਚਨ ਸੁਣ ਕੇ ਡਾਕਟਰ ਸਾਹਿਬ ਦਾ ਕਲੇਜਾ ਮੂੰਹ ਨੂੰ ਆ ਗਿਆ ਤੇ ਭਰੇ ਦਿਲ ਨਾਲ ਸਤਿਗੁਰਾਂ ਪਾਸ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ ਜੀਉ, ਤੁਸਾਂ ਬਿਨਾ ਸੰਸਾਰ ਅੰਦਰ ਸਾਡਾ ਕੀ ਧਰਿਆ ਹੈ । ਜੇ ਤੁਸਾਂ ਓਹਲਾ ਕਰ ਜਾਣਾ ਹੈ ਫਿਰ ਸਾਨੂੰ ਭੀ ਨਾਲ ਲੈ ਜਾਣਾ । ਸਚੇ ਪਾਤਸ਼ਾਹ ਜੀ ਫਿਰ ਗਲ ਨੂੰ ਟਾਲਦਿਆਂ ਪੁਛਿਆ - ਨਹੀਂ, ਅਸੀਂ ਤੇ ਸਭਾਵਕ ਹੀ ਪੁਛ ਰਹੇ ਹਾਂ । ਦੋਬਾਰਾ ਉਹੀ ਸਵਾਲ ਸੁਣ ਕੇ ਡਾਕਟਰ ਸਾਹਿਬ ਪੱਥਰ ਦੀ ਮੂਰਤ ਬਣ ਕੇ ਰਹਿ ਗਏ ਜਿਵੇਂ ਕਿਸੇ ਭਾਵੀ ਭਯੰਕਰ ਅਦ੍ਰਿਸ਼ ਹੋਣੀ ਨੇ ਕੋਈ ਜਾਦੂ ਕਰ ਦਿਤਾ ਹੋਵੇ । ਉਸ ਦੇ ਮੁਖ ਵਿਚੋਂ ਕੋਈ ਸ਼ਬਦ ਨਿਕਲਦਾ ਨਾ ਵੇਖ ਕੇ ਸਤਿਗੁਰਾਂ ਆਪਣਾ ਅੰਤਮ ਸੰਦੇਸ਼ ਇਸ ਪ੍ਰਕਾਰ ਦਿਤਾ : **ਸਾਡੇ ਪਿਛੋਂ ਸਾਡੇ ਗ੍ਰੰਥ ਪੜਿਉ ਤੇ ਵਿਚਾਰਿਉ ।**

ਇਹ ਬਚਨ ਕਰਨ ਤੋਂ ਤੁਰੰਤ ਬਾਦ, ਦੁਪਿਹਰ ਦੇ ੩-੪ ਬਜੇ ਦਾ ਸੰਗਮ (ਭਾਵ ਸਾਢੇ ਤਿੰਨ) ਹੋ ਗਿਆ । ਓਧਰੋਂ ਜੀਪ ਭੀ ਨਵੇਂ ਸ਼ਹਿਰੋਂ ੫-੬ ਮੀਲ ਦੂਰ ਵੀਰੋਵਾਲ ਪਿੰਡ ਦੇ ਪਾਸ ਰੋਪੜ-ਨਵਾਂ ਸ਼ਹਿਰ ਸੜਕ ਅਤੇ ਰਾਹੋਂ ਤੋ ਆ ਰਹੀ ਸੜਕ ਦੇ ਸੰਗਮ ਤੇ ਪੁਜ ਗਈ । ਮਹਾਰਾਜ ਪੂਰਨ ਸਿੰਘ ਦੇ ਮੁੱਖੋਂ ' ਪ੍ਰੀਤਮਾ ਬਚਾਈ ' ਦੀ ਇਕ ਅਵਾਜ਼ ਨਿਕਲੀ ਤੇ ਫਿਰ ਇਕ ਜ਼ੋਰ ਦਾ ਧਮਾਕਾ, ਅਤੇ ਇਸ ਦੇ ਨਾਲ ਸ਼ੋਰ ਮਚ ਗਿਆ । ਸੜਕ ਤੇ ਜਾਂਦੇ ਪਾਂਧੀ ਥਮ ਗਏ, ਟਾਂਗੇ ਮੋਟਰਾਂ ਦੀ ਆਵਾ ਜਾਈ ਰੁਕ ਗਈ । ਜੀਪ ਵਿਚੋਂ ਕਈ ਗੁਰਸਿਖ ਭੁੜਕ ਭੁੜਕ ਕੇ ਸੜਕ ਵਿਚ ਡਿਗ ਪਏ । ਬੀਬੀ ਜੁਗਿੰਦਰ ਕੌਰ ਲਿਖਾਰੀ ਦੇ ਇਕ ਗੋਡੇ ਦੀ ਚੱਪਣੀ ਅਤੇ ਗਿਆਨੀ ਗੁਰਮੁਖ ਸਿੰਘ ਪਿਆਰਾ ਦੀ ਸੱਜੀ ਬਾਂਹ ਟੁੱਟ ਗਈ, ਡਾਕਟਰ ਪਾਲ ਸਿੰਘ ਪਿਆਰਾ ਦੀਆਂ ਪਸਲੀਆਂ ਜੀਪ ਦੇ ਪਹਿਏ ਨਾਲ ਦੱਬ ਖਾ ਗਈਆਂ ਅਤੇ ਬਾਕੀ ਦੀ ਸੰਗਤ ਨੂੰ ਵੀ ਕਾਫੀ ਸੱਟਾਂ ਲਗੀਆਂ । ਮਹਾਰਾਜ ਪੂਰਨ ਸਿੰਘ ਜੀਪ ਵਿਚ ਆਪਣੀ ਸੀਟ ਤੇ ਹੀ ਬ੍ਰਾਜੇ ਰਹੇ ਪਰ ਉਨ੍ਹਾਂ ਦੇ ਮਸਤਕ ਦੇ ਠੀਕ ਮੱਧ ਵਿਚ ਤਿਲਕ-ਨੁਮਾ ਇੱਕ ਇੰਚ ਉਚਾ ਘਾਉ ਹੋ ਗਿਆ ਜਿਸ ਵਿਚੋਂ ਕਾਫੀ ਖੂਨ ਵਗਣ ਨਾਲ ਉਨ੍ਹਾਂ ਦੇ ਬਸਤਰ ਲਹੂ ਨਾਲ ਲਤ ਪਤ ਹੋ ਗਏ । ਕੁਝ ਗੁਰਸਿਖਾਂ, ਜਿਨ੍ਹਾਂ ਦੇ ਘੱਟ ਸੱਟਾਂ ਲਗੀਆਂ ਸਨ ਉਨ੍ਹਾਂ ਨੇ ਫੁਰਤੀ ਨਾਲ ਮਹਾਰਾਜ ਜੀ ਨੂੰ ਸਹਾਰਾ ਦੇਂਦਿਆਂ ਹੋਇਆਂ ਜੀਪ ਵਿਚੋਂ ਉਤਾਰਿਆ ਅਤੇ ਪਾਸ ਪਏ ਪੱਥਰਾਂ ਦੇ ਢੇਰ ਉੱਤੇ ਲਿਟਾ ਦਿੱਤਾ ।

ਏਨੇ ਚਿਰ ਨੂੰ, ਸੰਜੋਗ ਨਾਲ, ਨਵੇਂ ਸ਼ਹਿਰ ਦੇ ਸਿਵਲ ਹਸਪਤਾਲ (ਸਿਵਲ ਸਰਜਨ) ਦਾ ਵੱਡਾ ਡਾਕਟਰ ਓਧਰੋਂ ਦੀ ਗੁਜ਼ਰਦਾ ਹੋਇਆ ਦੁਰਘਟਨਾ ਸਥਲ ਤੇ ਆ ਪੁਜਾ । ਉਸਨੇ ਸਾਰਿਆਂ ਜਖ਼ਮੀਆਂ ਨੂੰ ਤੁਰੰਤ ਪ੍ਰਾਥਮਿਕ ਮਰਹਮ-ਪੱਟੀ ਕਰ ਦਿੱਤੀ । ਉਸ ਤੋਂ ਮਗਰੋਂ ਫਟੜਾਂ ਨੂੰ ਜਾਂਦੀ ਇੱਕ ਬਸ ਦੁਆਰਾ ਨਵੇਂ ਸ਼ਹਿਰ ਦੇ ਸਿਵਲ ਹਸਪਤਾਲ ਵਿਚ ਲੇ ਜਾਇਆ ਗਿਆ । ਸਾਰਾ ਰਸਤਾ ਮਹਾਰਾਜ ਜੀ ਨੇਤਰ ਮੀਟੀ ਖਾਮੋਸ਼ ਰਹੇ ਸਵਾਏ ਦੋ ਤਿੰਨ ਬਾਰ ਇਹ ਕਹਿਣ ਦੇ ਕਿ "ਸਾਡੇ ਹਾਲ

ਤੇ ਰਹਿਮ ਕਰੋ" । ਹਸਪਤਾਲ ਵਿਚ ਮਹਾਰਾਜ ਜੀ ਦੀ ਚੰਗੀ ਤਰਾਂ ਜਾਂਚ ਪੜਤਾਲ ਕਰਨ ਤੋਂ ਪਤਾ ਲੱਗਾ ਕਿ ਉਨ੍ਹਾਂ ਨੂੰ ਕੋਈ ਏਨੀ ਕਾਰੀ ਚੋਟ ਨਹੀਂ ਸੀ ਲਗੀ ਜੋ ਜਾਨ ਲੇਵਾ ਬਣ ਜਾਂਦੀ । ਮਹਾਰਾਜ ਜੀ ਬਿਲਕੁਲ ਹੋਸ਼ੋ ਹਵਾਸ ਵਿਚ ਸਨ ਪਰ ਚੁੱਪ ਸਾਧੀ ਬੈਠੇ ਸਨ । ਸਿਵਲ ਸਰਜਨ ਦੇ ਬਾਰ ਬਾਰ ਪੁਛਣ ਤੇ ਕਿ ਕਿਥੇ ਸੱਟ ਲੱਗੀ ਹੈ ਸਤਿਗੁਰਾਂ ਕੋਈ ਉੱਤਰ ਨਾ ਦਿੱਤਾ । ਸਲੀਮਪੁਰ ਵਾਸੀ ਡਾ: ਅਰਜਨ ਸਿੰਘ ਵੀ ਸਤਿਗੁਰਾਂ ਨਾਲ ਜੀਪ ਵਿਚ ਸੀ । ਉਸ ਨੇ ਸਤਿਗੁਰਾਂ ਨੂੰ ਕੁਝਕ ਝੰਜੋੜ ਕੇ ਪੁਛਿਆ ਸਤਿਗੁਰੋਂ ਤੁਸੀਂ ਦੱਸਦੇ ਕਿਉਂ ਨਹੀਂ ਕਿ ਚੋਟ ਕਿਥੇ ਆਈ ਹੈ ਤਾਂ ਕਾਫੀ ਦੇਰ ਬਾਦ ਮੌਨ ਤੋੜਦਿਆਂ ਮਹਾਰਾਜ ਪੂਰਨ ਸਿੰਘ ਜੀ ਨੇ ਫਰਮਾਇਆ - " ਡਾਕਟਰ, ਸਾਨੂੰ ਬੁਲਾਉ ਨਾ, ਸਾਨੂੰ ਬਾਹਰੀ ਤੌਰ ਤੇ ਤਾਂ ਭਾਵੇਂ ਸੱਟ ਘੱਟ ਲੱਗੀ ਹੈ, ਪਰ ਅੰਦਰੇ ਅੰਦਰ ਸਾਡੀਆਂ ਹੱਡੀਆਂ ਚਕਨਾ ਚੂਰ ਹੋ ਗਈਆਂ ਹਨ । ਪਤਾ ਨਹੀਂ ਸਾਡਾ ਦਿਲ ਕਿਉਂ ਬੈਠੀ ਜਾ ਰਿਹਾ ਹੈ " । ਸਿਵਲ ਸਰਜਨ ਨੇ ਹਰਿ ਸੰਗਤ ਨੂੰ ਸਲਾਹ ਦਿਤੀ ਕਿ ਮਹਾਰਾਜ ਸ਼ਾਇਦ ਬਹੁਤ ਘਬਰਾ ਗਏ ਹਨ, ਉਂਝ ਠੀਕ ਠਾਕ ਹਨ । ਫਿਕਰ ਵਾਲੀ ਕੋਈ ਗਲ ਨਹੀਂ । ਤੁਸਾਂ ਇਨ੍ਹਾਂ ਨੂੰ ਲੁਧਿਆਣੇ ਯਾ ਅੰਮ੍ਰਿਤਸਰ ਸਿਵਲ ਹਸਪਤਾਲ ਲੈ ਜਾਓ । ਮਹਾਰਾਜ ਛੇਤੀ ਠੀਕ ਹੋ ਜਾਣਗੇ । ਸਿਵਲ ਸਰਜਨ ਦੀ ਸਲਾਹ ਮਨ ਕੇ ਪਹਿਲਾਂ ਮਹਾਰਾਜ ਜੀ ਨੂੰ ਇਕ ਅੰਬੈਸਟਰ ਕਾਰ ਦੀ ਪਿਛਲੀ ਸੀਟ ਤੇ ਲਿਟਾਇਆ । ਪਰ ਲੇਟ ਕੇ ਥੋੜੀ ਤੰਗੀ ਮਹਿਸੂਸ ਕੀਤੀ । ਫਿਰ ਟ੍ਰਕ ਮੰਗਵਾਇਆ ਗਿਆ । ਪਤਾ ਨਹੀਂ ਕਿਥੋਂ ਪਿਛਲੇ ਲਹਿਣੇ ਦੇਣੇ ਅਨੁਸਾਰ ਇਕ ਨਿਹੰਗ ਆ ਗਿਆ । ਉਹ ਜਲਦੀ ਨਾਲ ਇਕ ਮੰਜੀ ਲੈ ਆਇਆ ਜਿਸ ਉਪਰ ਮਹਾਰਾਜ ਜੀ ਨੂੰ ਜਦੋਂ ਲਿਟਾਇਆ ਗਿਆ ਤਾ ਮਹਾਰਾਜ ਜੀ ਨੇ ਪਾਣੀ ਮੰਗਿਆ । ਉਹ ਜਲ ਵੀ ਨਿਹੰਗ ਸਿੰਘ ਹੀ ਲਿਆਇਆ । ਜੋ ਬੱਸਾਂ ਵਿਚ ਲੀਟਰ ਦੇ ਡੱਬੇ, ਸਾਫ ਕਰਨ ਵਾਸਤੇ ਡ੍ਰਾਈਵਰਾਂ ਨੇ ਰੱਖੇ ਹੁੰਦੇ ਹਨ । ਉਸ ਡੱਬੇ ਵਿਚ ਹੀ ਪਾਣੀ ਲਿਆਇਆ ਤੇ ਮਹਾਰਾਜ ਜੀ ਨੂੰ ਦਿਤਾ । ਜੋ ਮਹਾਰਾਜ ਜੀ ਸ਼ਕ ਕੇ ਸਦਾ ਲਈ ਨਿਰਗੁਣ ਧਾਰ ਵਿਚ ਅਲੋਪ ਹੋ ਗਏ । ਉਸ ਨਿਹੰਗ ਦੇ ਪਿਛਲੇ ਲਹਿਣੇ ਨੂੰ ਪੂਰਾ ਕਰਨ ਦੇ ਉਪਰਾਂਤ ਜੀ ।

ਓਧਰ ਖੋਜੇ ਇਕੱਤਰ ਹੋਈ ਹਰਿ ਸੰਗਤ ਸਤਿਗੁਰਾਂ ਦੇ ਸਮੇਂ ਸਿਰ ਅਜੇ ਨਾ ਪੁੱਜਣ ਤੇ ਬੜੀ ਚਿੰਤਿਤ ਹੋ ਰਹੀ ਸੀ । ਸੂਰਜ ਡੁੱਬਣ ਵਾਲਾ ਹੋ ਗਿਆ । ਏਨੇ ਚਿਰ ਨੂੰ ਇਕ ਮੋਟਰ-ਸਾਈਕਲ ਸਵਾਰ ਨਵੇਂ ਸ਼ਹਿਰ ਵਲੋਂ ਹਰਿ ਸੰਗਤ ਦੇ ਪਾਸ ਆ ਕੇ ਰੁੱਕ ਗਿਆ ਅਤੇ ਪੁੱਛਣ ਲੱਗਾ - ਆਪ ਜੀ ਕਿਸ ਦਾ ਇੰਤਜ਼ਾਰ ਕਰ ਰਹੇ ਹੋ ? ਜਾਂ ਹਰਿ ਸੰਗਤ ਨੇ ਆਪਣੇ ਸਤਿਗੁਰਾਂ ਦੀ ਆਮਦ ਬਾਰੇ ਦੱਸਿਆ ਤਾਂ ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰ ਆਈਆਂ ਤੇ ਕਹਿਣ ਲੱਗਾ : ਵੀਰ ਜੀਉਂ, ਮੈਂ ਅਭਾਗਾ ਆਪ ਜੀ ਵਾਸਤੇ ਇਕ ਦੁਖਦਾਈ ਖਬਰ ਲੈ ਕੇ ਆਇਆ ਹਾਂ । ਜਿਨ੍ਹਾਂ ਮਹਾਂਪੁਰਸ਼ਾਂ ਦੀ ਆਪ ਜੀ ਨੂੰ ਉਡੀਕ ਹੈ, ਉਹ ਇਸ ਛਿਪਦੇ ਸੂਰਜ ਵਾਂਗ, ਇਕ ਦੁਰਘਟਨਾ-ਗ੍ਰਸਤ ਹੋ ਜਾਣ ਨਾਲ ਇਸ ਸੰਸਾਰ ਵਿਚੋਂ ਅਲੋਪ ਹੋ ਗਏ ਹਨ । ਜਦ ਇਸ ਬਾਰੇ ਹਰਿ ਸੰਗਤ ਨੂੰ ਪਤਾ ਚਲਾ, ਤਾਂ ਭੁਖ ਨਾ ਪਾਣੀ ਬਿਰਹੋਂ- ਸਲੀ ਰੋਂਦੀ ਧੋਂਦੀ ਸੰਗਤ ਨਵੇਂ ਸ਼ਹਿਰ ਨੂੰ ਭੱਜ ਉਠੀ ।

੨੭ ਚੇਤ ਸ਼ਹਿਨਸ਼ਾਹੀ ਸੰਮਤ ੧੨ (੯ ਅਪ੍ਰੈਲ ੧੯੭੬ ਈਸਵੀਂ ਨੂੰ ਰਾਮਨੌਮੀ ਦਾ ਉਤਸਵ ਸੀ) ਸ਼ਾਮ ਨੂੰ ਹੀ ਨੇੜੇ ਤੇੜੇ ਦੀਆਂ ਸੰਗਤਾਂ ਵਲ ਇਸ ਦੁਖਭਰੀ ਘਟਨਾ ਦੀ ਸੂਚਨਾ ਦੇਣ ਲਈ ਕਈ ਸਿੰਘ ਦੁੜਾ ਦਿਤੇ ਗਏ ਅਤੇ ਦੂਰ ਦਰਾਜ ਦੀਆਂ ਸੰਗਤਾਂ ਨੂੰ ਤਾਰਾਂ ਭੇਜ ਦਿਤੀਆਂ ਗਈਆਂ । ੨੭ ਚੇਤ ਦੀ ਰਾਤ ਨੂੰ ਸਤਿਗੁਰਾਂ ਦਾ ਪਾਰਥਵ ਸ਼ਰੀਰ ਨਵੇਂ ਸ਼ਹਿਰ ਦੇ ਸਿਵਲ ਹਸਪਤਾਲ ਦੇ ਹਾਲ ਵਿਚ ਇਕ ਸਿੰਘਾਸਨ ਉਤੇ ਹੀ ਰਖਿਆ ਗਿਆ, ਜਰੂਰੀ ਡਾਕਟਰੀ ਅਤੇ ਪੁਲਿਸ ਕਾਰਵਾਈ ਤੋਂ ਬਾਦ, ਸਤਿਗੁਰਾਂ ਦੀ ਮਿਰਤਕ ਦੇਹੀ ਅਗਲੇ ਦਿਨ ੨੮ ਚੇਤ ਨੂੰ ਹਰਿ ਭਗਤ ਦੁਆਰ ਜੇਠੂਵਾਲ ਲੈ ਜਾਈ ਗਈ ।

੨੯ ਚੇਤ ਸਵੇਰ ਦੇ ਠੀਕ ਸਾਢੇ ਦਸ ਵਜੇ ਸਤਿਗੁਰਾਂ ਦੇ ਪਾਰਥਵ ਸ਼ਰੀਰ ਦਾ ੨੧ ਗੁਰਸਿਖਾਂ ਨੇ ਦਹੀ ਅਤੇ ਜਲ ਨਾਲ ਅਸ਼ਨਾਨ ਕਰਾਇਆ ਅਤੇ ਫਿਰ ਸ਼ਬਦ ਹੁਕਮਾਨੁਸਾਰ ਪਾਰਥਵ ਸ਼ਰੀਰ ਨੂੰ ਪੀਲੇ ਬਸਤਰ ਆਦਿ ਸਜਾ ਕੇ, ਸੰਬਲ ਨਗਰੀ ਨੂੰ ਇਕ ਲਾਲ ਰੰਗ ਦੇ ਰੇਸ਼ਮੀ ਦੁਸ਼ਾਲੇ ਵਿਚ ਲਪੇਟ ਕੇ, ਹਰਿ ਸੰਗਤ ਅਤੇ ਜੰਤਾ ਦੇ ਦਰਸ਼ਨ ਵਾਸਤੇ ਹਰਿ ਭਗਤ ਦਵਾਰ ਦੇ ਸਾਮ੍ਹਨੇ ਮੀਨਾਰ ਪਾਸ ਸਸ਼ੋਭਤ ਕਰ ਦਿੱਤਾ ਗਿਆ । ਦੁਪਹਿਰ ਦੇ ਢਾਈ ਵਜੇ ਦੇ ਲਗਭਗ ਹਰਿ ਭਗਤ ਦੁਆਰ ਦੇ ਆਂਗਣ ਦੇ ਦਰਮਿਆਨ ਚਿਤਾ ਨੂੰ ਚਿਣਨਾ ਸ਼ੁਰੂ ਕਰ ਦਿੱਤਾ ਗਿਆ । ਜਿਸ ਵੇਲੇ ਸੰਬਲ ਨਗਰੀ ਨੂੰ ਸਿੰਘਾਸਣ ਤੋਂ ਚੁੱਕ ਕੇ ਸੇਜਾ ਤੇ ਸੁਆਇਆ ਤਾਂ ਹਰਿ ਸੰਗਤ ਅੰਦਰ ਧਾਹਾਂ ਦਾ ਉਮੇਹ ਫੁੱਟ ਪਿਆ । ਕਦੀ ਕਦੀ ਇਹ ਆਹਾਂ ਸੋਹੰ ਮਹਾਰਾਜ ਸ਼ੇਰ

ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦੇ ਨਾਅਰਿਆਂ ਵਿਚ ਬਦਲ ਜਾਂਦੀਆਂ । ਪਰ ਜੈਕਾਰਿਆਂ ਦੀ ਜੈ ਜੈਕਾਰ ਦੀ ਲੰਬੀ ਗੂੰਜਣ ਮੁੜ ਸਿਸਕੀਆਂ ਵਿਚ ਬਦਲ ਜਾਂਦੀ । ਜਿਉਂ ਜਿਉਂ ਚਿਤਾ ਉਪਰ ਨੂੰ ਉਸਰਦੀ ਆਉਂਦੀ ਤਿਉਂ ਤਿਉਂ ਸੰਬਲ ਨਗਰ ਦੇ ਦਰਸ਼ਨ ਦੀ ਲਾਲਸਾ ਹਰਿਸੰਗਤ ਦੇ ਹਿਰਦੇ ਵਿਚ ਹੋਰ ਵੀ ਤੇਜ ਹੁੰਦੀ ਜਾਂਦੀ ਅਤੇ ਸੰਗਤ ਦਾ ਹੜ੍ਹ ਸਾਗਰ ਦੀਆਂ ਛਲਾਂ ਵਾਂਗ ਅਗਾਂਹ ਨੂੰ ਵਧਣ ਲਗ ਪੈਂਦਾ । ਠੀਕ ਸਾਢੇ ਤਿੰਨ ਵਜੇ ਅਮਰਜੀਤ ਸਿੰਘ ਸਰਪੰਚ ਅਤੇ ਸੁਰਜੀਤ ਸਿੰਘ ਲਿਖਾਰੀ ਅਤੇ ਪੰਜ ਪਿਆਰਿਆਂ ਰਲ ਕੇ ਚਿਤਾ ਨੂੰ ਅਗਨੀ ਦਿਖਾਈ ।

ਅਕਾਲ ਪੁਰਖ ਨੇ ਆਪਣੀ ਨਿਹਕਲੰਕੀ ਖੇਡ ਦਾ ਦੂਸਰਾ ਅੱਧਾ ਭਾਗ ਮਹਾਰਾਜ ਪੂਰਨ ਸਿੰਘ ਦੀ ਦੇਹੀ (ਸੰਬਲ ਨਗਰੀ) ਅੰਦਰ ਬੈਠ **ਸਾਢੇ ਸੈਂਤੀ ਸਾਲ (੩੭-੧/੨) ਤਕ ਖੇਡਣੀ ਸੀ ਪਰ ਕਿਸੇ ਅਗੰਮੀ ਕਾਰਨਵਸ਼ ਨਿਹਕਲੰਕ ਨਰਾਇਣ ਨਰ ਨੇ ਆਪਣੀ ਲੀਲ੍ਹਾ ਦਾ ਇਹ ਅੱਧਾ ਹਿੱਸਾ ਕੇਵਲ ਸਵਾ ਬੱਤੀ ਸਾਲ (੩੨-੧/4) ਵਿਚ ਸਮੇਟ ਲਿਆ ਸੀ । (੨੬ ਪੋਹ ੨000 ਬਿ ਤੋਂ ੨੭ ਚੇਤ ੨੦੩੩ ਬਿ (ਸ਼ਹਿਨਸ਼ਾਹੀ ਸੰਮਤ - ੧੨) ਯਾਨੀ ੯ ਜਨਵਰੀ ੧੯੪੪ ਤੋਂ ੯ ਅਪ੍ਰੈਲ ੧੯੭੬ ਈਸਵੀਂ ਤਕ)**

**ਸਾਚੇ ਪ੍ਰਭ ਸਤਿ ਕਰਮ ਕਮਾਵਣਾ । ਲਿਖਿਆ ਲੇਖ ਸੰਤ ਮਨੀ ਸਿੰਘ ਸਤਿ ਕਰਾਵਣਾ । ਪ੍ਰਭ ਅਬਿਨਾਸ਼ੀ ਕੀਆ ਭੇਸ, ਮਾਝਾ ਦੇਸ ਵਿਚ ਖ਼ਾਕ ਮਿਲਾਵਣਾ । ਵੱਡੇ ਵੱਡੇ ਜੋ ਨਰੇਸ਼, ਸਭ ਤਖ਼ਤੋਂ ਲਾਹ ਬਹਾਵਣਾ । ਜੋਤ ਸਰੂਪ ਗੁਰਸਿਖ ਸਾਚੇ ਸਦਾ ਪਰਵੇਸ਼, ਸਾਢੇ ਸੈਂਤੀ ਸਾਲ ਵਿਚ ਸਮਾਵਣਾ । ਮਹਾਰਾਜ ਸ਼ੇਰ ਸਿੰਘ ਸਦਾ ਆਦੇਸ, ਸਾਧਸੰਗਤ ਤੇਰਾ ਵਕਤ ਕਰੇ ਸੁਹਾਵਣਾ ।** (ਪਹਿਲੀ ਮਾਘ ੨੦੦੮ ਬਿਕ੍ਰਮੀ)

**ਸਤਿਗੁਰ ਸ਼ਬਦ ਕਹੇ ਨੌਂ ਰਤੀਆਂ ਖਾਧਾ ਜ਼ਹਿਰ, ਨੌਂ ਦਿਨ ਆਪਣੇ ਬਗਲ ਵਿਚ ਛੁਪਾਈਆ । ਫੇਰ ਕੀਤੀ ਮਿਹਰ, ਮਿਹਰ ਨਜ਼ਰ ਉਠਾਈਆ । ਕਿਉਂ, ਜਿਸ ਦਾ ਮਾਲਕ ਸਿੰਘ ਸ਼ੇਰ, ਸ਼ਰਾ ਤੋਂ ਬਾਹਰ ਸੋਭਾ ਪਾਈਆ । ਉਹ ਆਦਿ ਅੰਤ ਦੇ ਲਹਿਣੇ ਦੇਣੇ ਦਏ ਨਿਬੇੜ, ਜਗਤ ਵਿਚ ਨਾ ਕੋਇ ਸਮਝਾਈਆ । ਸਾਢੇ ਸੈਂਤੀ ਸਾਲ ਬੁਕਣਾ ਵਾਂਗ ਕੇਹਰ, ਕਾਇਆ ਮਾਟੀ ਰੰਗ ਰੰਗਾਈਆ । ਝਗੜਾ ਮੁਕਾ ਕੇ ਜ਼ਬਰ ਜ਼ੇਰ, ਜਾਹਰ ਜਹੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।** (੨੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੫)

**" ਓ ਜਨਭਗਤੋ ਜੇ ਤਤਾਂ ਵਾਲਾ ਜਾਏ ਮਰ, ਤੇ ਖ਼ੁਸ਼ੀ ਲਓ ਮਨਾਈਆ । ਪੂਰਨ ਗਿਆ ਤੇ ਫੇਰ ਕਾਹਦਾ ਡਰ, ਮਜ਼ੇ ਨਾਲ ਆਪਣਾ ਝਟ ਲੰਘਾਈਆ । ਜੇ ਮੈਂ ਸਤਿਗੁਰ ਹੋਇਆ ਤੁਹਾਡੇ ਅੰਦਰ ਜਾਵਾਂਗਾ ਵੜ, ਇਹ ਮੇਰੀ ਬੇਪਰਵਾਹੀਆ । ਜਿਥੇ ਹੋਵੋਗੇ ਉਥੇ ਜਾਵਾਂਗਾ ਖੜ, ਰਾਤੀ ਸੁੱਤਿਆਂ ਲਵਾਂ ਜਗਾਈਆ । ਜੇ ਤੁਸੀਂ ਮੇਰੇ ਨਾਲ ਪਉਗੇ ਲੜ, ਹੱਥ ਜੋੜ ਕੇ ਵਾਸਤਾ ਪਾਈਆ । ਕਿਉਂ ਤੁਸੀਂ ਮੇਰਾ ਰਹਿਣ ਵਾਲਾ ਘਰ, ਤੁਹਾਡੇ ਬਿਨਾ ਦਰ ਨਾ ਕੋਇ ਸੁਹਾਈਆ । ਤੁਸੀਂ ਮੇਰਾ ਦੇਣ ਵਾਲਾ ਵਰ, ਵਰ ਦਾਤਾ ਤੁਹਾਡਾ ਇਕੋ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । "**

(੨੬ ਪੋਹ ਸ਼ਹਿਨਸ਼ਾਹੀ ਸੰਮਤ ੫ )

**" ਸਤਿਗੁਰੂ ਸ਼ਰੀਰ ਨਹੀਂ ਹੈ । ਸਤਿਗੁਰੂ ਪਰਮਾਤਮਾ ਦੀ ਤਾਕਤ ਹੈ । ਜਿਸ ਸ਼ਰੀਰ ਅੰਦਰ ਪਰਮਾਤਮਾ ਦੀ ਸ਼ਬਦ ਦੀ ਧਾਰ ਆ ਜਾਵੇ, ਉਹ ਆਪਣੀ ਜੋਤ ਦਾ ਪ੍ਰਕਾਸ਼ ਰੱਖ ਦੇਵੇ, ਉਸ ਸ਼ਰੀਰ ਦਾ ਸਤਿਕਾਰ ਹੋ ਸਕਦਾ ਹੈ, ਲੇਕਿਨ ਸਤਿਗੁਰੂ ਸ਼ਬਦ ਹੈ, ਸ਼ਰੀਰ ਸਤਿਗੁਰੂ ਨਹੀਂ ਹੈ । "** (ਮੁੱਖਬਚਨ)

## * ਵਿਸ਼ੇਸ਼ *

### * ਬਾਬਾ ਮਹਤਾਬ ਸਿੰਘ *

ਬਾਬਾ ਮਹਤਾਬ ਸਿੰਘ / ਸਿੰਘਸਾਹਿਬ
ਪੂਰਬਲਾ ਜਨਮ :
- ੬ ਵੇਂ ਗੁਰੂ, **ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਸੀ**

ਪਿੰਡ : ਬਰਕੀ (ਵਿਚ ਰਹਿੰਦੇ ਸਨ)

### * ਸੰਤ ਮਨੀ ਸਿੰਘ *

ਪੂਰਬਲਾ ਜਨਮ :
- ਦਵਾਪਰ ਜੁਗ ਵਿਚ, ਕ੍ਰਿਸ਼ਨ ਜੀ ਵੇਲੇ **ਅਰਜਨ**

• ਸੰਤ ਮਨੀ ਸਿੰਘ ਪਿੰਡ ਮਲ੍ਹਾ ਜਿਲਾ ਲੁਧਿਆਣਾ ਦੇ ਰਹਿਣ ਵਾਲੇ ਸੀ ।
• ਸੰਤ ਮਨੀ ਸਿੰਘ **ਤਿੰਨ ਸਾਲ ਸੱਤ ਦਿਨ** ਬਾਬਾ ਮਹਤਾਬ ਸਿੰਘ ਜੀ ਦੀ ਸੇਵਾ ਵਿਚ ਸਨ ।
• ਫੇਰ ਬਾਬਾ ਮਹਤਾਬ ਸਿੰਘ ਦਾ ਅੰਤ ਸਮਾਂ ਆ ਗਿਆ । ਮਨੀ ਸਿੰਘ ਨੂੰ ਕੋਲ ਬਿਠਾ ਕੇ ਬਾਬਾ ਮਹਤਾਬ ਸਿੰਘ ਬਚਨ ਦਸਦੇ ਹਨ ਕਿ ਅਜ ਤੋਂ **੨੦ ਸਾਲ** ਨੂੰ ਨਿਹਕਲੰਕ ਅਵਤਾਰ ਘਵਿੰਡ ਵਿਚ ਅਵਤਾਰ ਧਾਰਨਗੇ । ਜਦੋਂ ਅਵਤਾਰ ਧਾਰਨਗੇ ਪ੍ਰੀ ਪੂਰਨ ਮਹਾਰਾਜ ਸ਼ੇਰ ਸਿੰਘ ਆਪੇ ਵਾਜ ਮਾਰ ਲੈਣਗੇ । (ਜਨਮ ਸਾਖੀ)

**ਸੰਤ ਮਨੀ ਸਿੰਘ ਨੇ ੧੮੯੧ ਈਸਵੀਂ (੧੯੪੮ ਬਿਕ੍ਰਮੀ) ਤੋਂ ੨੬-੯-੧੯੧੮ ਈਸਵੀਂ (੧੦ ਅਸੂ ੧੯੭੬ ਬਿਕ੍ਰਮੀ) ਤਕ ਲਗਭਗ ੨੭ ਸਾਲ ਸੇਵਾ ਕੀਤੀ ।**

ਮਹਾਰਾਜ ਸ਼ੇਰ ਸਿੰਘ ਨੇ ਆਕਾਸ਼ਬਾਣੀ ਰਾਹੀ ਸੰਤ ਮਨੀ ਸਿੰਘ ਤੋਂ ਬਾਣੀ ਲਿਖਾਈ ਜਿਸ ਦਾ ਭਾਰ **ਅੱਠ ਮਣ ਸਾਢੇ ਸੱਤ ਛਟਾਂਕ** ਸੀ ।
ਸੰਤ ਮਨੀ ਸਿੰਘ **੨੬-੯-੧੯੧੮ ਈਸਵੀਂ (੧੦ ਅਸੂ ੧੯੭੬ ਬਿਕ੍ਰਮੀ)** ਨੂੰ ਜੋਤੀ ਜੋਤ ਸਮਾ ਗਏ ।

### * ਮਹਾਰਾਜ ਸ਼ੇਰ ਸਿੰਘ, ਨਿਹਕਲੰਕ ਨਰਾਇਣ ਨਰ *

**੧੮ ਮਈ ੧੮੯੧ ਈਸਵੀਂ (੫ ਜੇਠ ੧੯੪੮ ਬਿਕ੍ਰਮੀ) ਮੰਗਲਵਾਰ ਸਵੇਰੇ ੧੦:੩੦ ਵਜੇ, ਮਾਝੇ ਦੇਸ਼ ਅੰਦਰ, ਪਿੰਡ ਘਵਿੰਡ ਥਾਣਾ ਖਾਲੜਾ, ਤਹਿਸੀਲ ਕਸੂਰ, ਜ਼ਿਲਾ ਲਾਹੌਰ, ਰਾਮਗੜੀਆਂ ਦੀ ਜੰਡੂ ਕੁਲ ਵਿਚ ਅਵਤਾਰ ਧਾਰਨ ਕੀਤਾ ।**

**ਬਾਣੀ ਵਿਚ ਉਂਨੀ ਸੌ ਪੰਜਾਹ ਬਿਕ੍ਰਮੀ ਨੂੰ ਪਰਗਟ ਹੋਣ ਦਾ ਲੇਖ ਔਂਦਾ ਹੈ**

**੧੯੫੦** - (ਭਾਵ)
੧. ਏਕੰਕਾਰ ਜੋ ਨੌਂ ਦੁਵਾਰਿਆਂ ਅਤੇ ਪੰਜਾਂ ਤਤਾਂ ਦੇ ਅਧੀਨ ਨਹੀਂ ਅਤੇ ਜਿਸ ਨੂੰ ਕੋਈ ਜਾਣ ਨਹੀ ਸਕਦਾ, ਉਸਨੇ ਪੰਜ ਜੇਠ ਨੂੰ ਅਵਤਾਰ ਧਾਰਿਆ । ਜੋਤ ਸਰੂਪੀ ਪਰਗਟ ਹੋਣ ਦਾ ਵੀ ਦਿਵਸ ਹੈ ।

੨. ਸੰਤ ਮਨੀ ਸਿੰਘ ਨੇ ਜਗਤ ਜੀਵਾਂ ਸਾਮ੍ਹਣੇ ਕੇਵਲ ੧੯੫੦ ਬਿਕ੍ਰਮੀ ਵਿਚ ਖੋਲਣਾ ਸ਼ੁਰੂ ਕੀਤਾ ਸੀ ।( ਮਹਾਰਾਜ ਜੀ ਨੂੰ ਸੰਸਾਰ ਅੰਦਰ ਪਰਗਟ ਕਰਨ ਅਤੇ ਗੁਰ ਅਰਜਨ ਦਾ ਬਚਨ ਪੂਰਾ ਕਰਨ ਵਾਸਤੇ ੧੯੫੦ ਬਿਕ੍ਰਮੀ ਵਿਚ ਹਰਿਮੰਦਰ ਸਾਹਿਬ ਲੈ ਕੇ ਗਏ ।)

੩. ਇਹ ਭੀ ਸਚ ਹੈ ਜਿਸ ਕਮਰੇ ਵਿੱਚ ਬੈਠ ਕੇ ਬਾਬਾ ਮਨੀ ਸਿੰਘ ਨੇ ਪਹਿਲੇ ਦਿਨ ਲਿਖਤ ਲਿਖਣੀ ਅਰੰਭ ਕੀਤੀ ਸੀ ਉਸ ਵੇਲੇ ਉਸ ਕਮਰੇ ਵਿੱਚ ਜੋਤ ਦਾ ਪ੍ਰਕਾਸ਼ ਹੋ ਗਿਆ ਸੀ । ਓਦੋਂ ਸ਼ਾਇਦ ੧੯੫0 ਬਿਕ੍ਰਮੀ ਸੀ ।

**ਮਾਤਾ** - ਤਾਬੋ (ਮਤਾਬ ਕੌਰ)
**ਪਿਤਾ** - ਭਾਈ ਜਵੰਦ ਸਿੰਘ ਪੁਤਰ ਭਾਈ ਜੇਠਾ ਸਿੰਘ

**ਜਵੰਦ ਸਿੰਘ ਦੇ ਭਰਾ** : ਸ਼੍ਰੀ ਆਸਾ ਸਿੰਘ, ਸ਼੍ਰੀ ਰੰਗਾ ਸਿੰਘ (ਮਹਾਰਾਜ ਸ਼ੇਰ ਸਿੰਘ ਜੀ ਦੇ ਖਜਾਂਚੀ), ਸ਼੍ਰੀ ਹਜ਼ਾਰਾ ਸਿੰਘ

**ਮਹਾਰਾਜ ਸ਼ੇਰ ਸਿੰਘ ਜੀ ਦੇ ਭਰਾ :**
- ਸ਼੍ਰੀ ਠਾਕਰ ਸਿੰਘ
- ਸ਼੍ਰੀ ਫੌਂਜਾ ਸਿੰਘ
- ਸ਼੍ਰੀ ਹਰਨਾਮ ਸਿੰਘ

**ਮਹਾਰਾਜ ਸ਼ੇਰ ਸਿੰਘ ਜੀ ਦੀ ਭੈਣ :**
- ਬੀਬੀ ਠਾਕਰੀ
- ਬੀਬੀ ਨਾਮੋ

### * ਮਹਾਰਾਜ ਸ਼ੇਰ ਸਿੰਘ ਜੀ ਦੇ ਮਹਲ ਅਤੇ ਸੰਤਾਨ *

੧. **ਬੀਬੀ ਨੌ ਨਿਧਾ**
੨. **ਮਾਤਾ ਨਰੈਣ ਕੌਰ** (ਮਾਤਾ ਨੈਣੋਂ) :
   ੧. ਬਾਬਾ ਮੋਤਾ ਸਿੰਘ @ ਭਗਵਾਨ ਸਿੰਘ (ਪੂਰਬਲਾ ਜਾਮਾ - **ਭਰਥਰੀ**)
   ੨. ਬਾਬਾ ਉਧਮ ਸਿੰਘ (ਪੂਰਬਲਾ ਜਾਮਾ - **ਗੋਪੀ ਚੰਦ**)
   ੩. ਬਾਬਾ ਦਲੀਪ ਸਿੰਘ (ਪੂਰਬਲਾ ਜਾਮਾ - **ਪ੍ਰਹਿਲਾਦ**)
   ੪. ਦੋ ਲੜਕੀਆਂ - ਬੀਬੀ ਸੇਵੀ ਅਤੇ ਬੀਬੀ ਕਰਤਾਰ ਕੌਰ
੩. ਮਾਤਾ ਬੰਤੀ :
   ੧. ਬਾਬਾ ਸੂਰਤ ਸਿੰਘ @ ਕਰਤਾਰ ਸਿੰਘ (ਪੂਰਬਲਾ ਜਾਮਾ - **ਸੰਤ ਮਨੀ ਸਿੰਘ, ਕ੍ਰਿਸ਼ਨ ਜੀ ਵੇਲੇ ਅਰਜਨ**)

੪. **ਮਾਤਾ ਹਰਭਜਨ ਕੌਰ** :
   ੧. ਬਾਬਾ ਸ਼ਾਮ ਸਿੰਘ (ਪੂਰਬਲਾ ਜਾਮਾ - **ਬੈਣੀ**)
੫. **ਬੀਬੀ ਗੁਰਦੇਵ ਕੌਰ**

**ਹਰਿ ਬਾਣੀ ਅੰਦਰ ਮਹਾਰਾਜ ਸ਼ੇਰ ਸਿੰਘ ਦੇ ਤਨ ਵਜੂਦ ਨੂੰ ਘਨਕਪੁਰੀ ਕਿਹਾ ਗਿਆ ਹੈ ।**

**ਬਾਬਾ ਮਨੀ ਸਿੰਘ ਜੀ ਨੇ ਘਵਿੰਡ ਨੂੰ ਵੀ ਘਨਕਪੁਰੀ ਕਿਹਾ ।**

ਮਹਾਰਾਜ ਸ਼ੇਰ ਸਿੰਘ ਜੀ ਦੇ ਸ਼ਰੀਰ ਅਤੇ ਪਸੀਨੇ ਤੋਂ ਫੁਲਾਂ ਦੀ ਖੁਸ਼ਬੂ ਆਇਆ ਕਰਦੀ ਸੀ ।

**੧੯੫੨ ਬਿਕ੍ਰਮੀ** - ਮਹਾਰਾਜ ਸ਼ੇਰ ਸਿੰਘ ਜੀ ਬਾਲ ਅਵਸਥਾ ਹਰਮੰਦਰ ਸਾਹਿਬ ਅੰਮ੍ਰਿਤਸਰ ਗਏ ।

**੧੯੫੫ ਬਿਕ੍ਰਮੀ** - ਮਹਾਰਾਜ ਸ਼ੇਰ ਸਿੰਘ ਜੀ ਬਾਲ ਅਵਸਥਾ ਅਨੰਦਪੁਰ ਸਾਹਿਬ ਗਏ ।

**ਮਹਾਰਾਜ ਸ਼ੇਰ ਸਿੰਘ ਜੀ ਦਾ ਦੇਹ ਤਜਣਾ - ੨੬ ਪੋਹ ੨੦੦੦ ਬਿਕ੍ਰਮੀ (੯ ਜਨਵਰੀ ੧੯੪੪ ਈਸਵੀਂ) , ਔਰ ਮੁੜ ਕੇ ਮਹਾਰਾਜ ਪੂਰਨ ਸਿੰਘ ਜੀ ਦੇ ਸ਼ਰੀਰ ਵਿਚ ਜੋਤ ਪਰਵੇਸ਼ ਹੋ ਗਈ ।**

ਮਹਾਰਾਜ ਪੂਰਨ ਸਿੰਘ ਜੀ ਦੇ ਸ਼ਰੀਰ ਨੂੰ **ਸੰਭਲ ਨਗਰ** ਅਥਵਾ **ਮਸਤੂਆਣੇ** ਦਾ ਨਾਮ ਦਿਤਾ ਗਿਆ ।

*** ਮਹਾਰਾਜ ਪੂਰਨ ਸਿੰਘ ਜੀ ***

**ਪੂਰਬਲੇ ਜਾਮੇ :**

੧. ਭਰਿੰਗ ਰਿਸ਼ੀ
੨. ਰਿਸ਼ੀ ਵੇਦਵਯਾਸ
੩. ਦੁਸਟ ਦਮਨ
੪. ਗੁਰੂ ਗੋਬਿੰਦ ਸਿੰਘ

**ਜਨਮ** : ੫ ਜੇਠ ੧੯੭੧ ਬਿਕ੍ਰਮੀ (੧੮ ਮਈ ੧੯੧੪ ਈਸਵੀ)

**ਪਿਤਾ** : ਬਾਪੂ ਪਾਲ ਸਿੰਘ
ਪੂਰਬਲਾ ਜਾਮਾ : **ਸ਼੍ਰੀ ਗੁਰ ਤੇਗਬਹਾਦਰ, ਭਗਤ ਨਾਮਦੇਵ**
**੨੪ ਚੇਤ ੧੯੯੮ ਬਿਕ੍ਰਮੀ** (੬ ਅਪ੍ਰੈਲ ੧੯੪੧ ਈ) ਨੂੰ ਸ਼ਰੀਰ ਛਡਿਆ ਅਤੇ **ਬ੍ਰਹਮਾ** ਦੀ ਪਦਵੀ ਮਿਲੀ

**ਮਾਤਾ : ਬਿਸ਼ਨ ਕੌਰ**
ਪੂਰਬਲਾ ਜਾਮਾ : **ਮਾਤਾ ਗੁਜਰੀ**
**੯ ਮਾਘ ਸ਼ਹਿਨਸ਼ਾਹੀ ਸੰਮਤ ੮** – ਮਾਤਾ ਜੀ ਬਿਸ਼ਨ ਕੌਰ ਦਾ ਸਸਕਾਰ ਹੋਇਆ ।

*** ਮਹਾਰਾਜ ਪੂਰਨ ਸਿੰਘ ਜੀ ਦੇ ਮਹਲ ਅਤੇ ਸੰਤਾਨ ***

**ਮਾਤਾ ਗੁਰਦੀਪ ਕੌਰ :**

**੧. ਅਮਰਜੀਤ ਸਿੰਘ**

ਪੂਰਬਲਾ ਜਾਮਾ :
- ਬਾਵਨ ਵੇਲੇ ਰਿਸ਼ੀ
- ਰਾਮ ਵੇਲੇ ਸਚਿਆਰਾ

- ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦੇ - ਅਜੀਤ ਸਿੰਘ

ਪੰਚਾਇਤੀ ਇੱਕੀ ਦੇ ਮੁਖੀਆ ਸਨ

**ਮਾਤਾ ਰਣਜੀਤ ਕੌਰ :**

**੧. ਸੁਰਜੀਤ ਸਿੰਘ**

ਪੂਰਬਲਾ ਜਾਮਾ :

- ਰਾਮ ਵੇਲੇ - ਅਤੀਤ
- ਮੋਹਣ ਸਿੰਘ : ਕਲਸੀਆਂ
- ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦੇ - ਜੁਝਾਰ ਸਿੰਘ

ਪੰਜਾਂ ਲਿਖਾਰੀਆਂ ਵਿਚੋਂ ਹਨ

**੨. ਜਗਦੀਸ਼ ਸਿੰਘ**

ਪੂਰਬਲਾ ਜਾਮਾ :

- ਰਾਮ ਵੇਲੇ - ਲਵ
- ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦੇ - ਜੋਰਾਵਰ ਸਿੰਘ
- ਬਾਬਾ ਸਾਵਣ ਸਿੰਘ ਬਿਆਸ ਵਾਲੇ

ਸ਼ੰਕਰ ਦੀ ਪਦਵੀ ਮਿਲੀ

**੩. ਮਨਜੀਤ ਸਿੰਘ**

ਪੂਰਬਲਾ ਜਾਮਾ :

- ਰਾਮ ਵੇਲੇ - ਕੁਸ਼
- ਹਰੀਚੰਦ ਭਗਤ
- ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦੇ - ਫਤੇ ਸਿੰਘ
- ਘੋੜਾ
- ਕਰਮਚੰਦ ਗਾਂਧੀ

ਇੰਦ੍ਰ ਦੀ ਪਦਵੀ ਮਿਲੀ

**੪. ਬਲਵਿੰਦਰ ਕੌਰ**

ਪੂਰਬਲਾ ਜਾਮਾ :

- ਰਾਮ ਵੇਲੇ - ਨੰਨ੍ਹੀ ਬੱਚੀ
- ਹਰਿਗੋਬਿੰਦ ਵੇਲੇ ਮੌਜੀ

੫. **ਦਵਿੰਦਰ ਕੌਰ** @ ਭੈਣ ਸੁਚੋ

ਪੂਰਬਲਾ ਜਾਮਾ :

- ਰਾਮ ਵੇਲੇ - ਨੰਨ੍ਹੀ ਬੱਚੀ,
- ਬਾਵਨ ਵੇਲੇ ਪੰਜਵਾਂ ਭਾਈ ਦਾ ਲੇਖ

**ਹਰਿ ਬਾਣੀ ਵਿਚ ਔਣ ਵੇਲੇ ਚਾਰੇ ਜੁਗਾ (ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ ) ਦੇ ਨਾਮ ਅਜੀਤ ਸਿੰਘ, ਜੁਝਾਰ ਸਿੰਘ, ਜੋਰਾਵਰ ਸਿੰਘ, ਫਤੇ ਸਿੰਘ ਜੋ ਹੁਣ ਅਮਰਜੀਤ ਸਿੰਘ, ਸੁਰਜੀਤ ਸਿੰਘ, ਜਗਦੀਸ਼ ਸਿੰਘ, ਮਨਜੀਤ ਸਿੰਘ ਹਨ , ਦਾ ਵੇਰਵਾ ਹੈ ।**

*** ਜੋਤ ਪਰਵੇਸ਼ ***
**੨੬ ਪੋਹ ੨੦੦੦ ਬਿਕ੍ਰਮੀ ( ੯ ਜਨਵਰੀ ੧੯੪੩ ਈਸਵੀਂ )**

**੨੬ ਪੋਹ ੨੦੦੦ ਬਿਕ੍ਰਮੀ - ਸਰਬ ਮਾਨਵ ਜਾਤੀ ਵਾਸਤੇ - ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ, ਜੈਕਾਰਾ ਪ੍ਰਸਿੱਧ ਕੀਤਾ ।** (ਮੁਖਬੰਦ)

**ਜੋਤ ਸਰੂਪ ਵੇਸ ਦੇ ਪਹਿਲੇ ਛੇ ਸਾਲ ਤਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇ ਬਚਨਾਂ ਨੂੰ, ਜੋ ਸਾਧਾਰਣ ਵਾਰਤਾ ਵਿਚ ਹੁੰਦੇ ਸਨ, ਬੇਬੇ ਬੰਸੋ ਦੇਵੀ ਸੁਪਤਨੀ ਬਾਬਾ ਮੋਤਾ ਸਿੰਘ ਉਲਕਿਆ ਕਰਦੇ ਸਨ ।**

**੭ ਜੇਠ ੨੦੦੬ ਬਿਕ੍ਰਮੀ** - ਸਵਰਨ ਸਿੰਘ ਦੀ ਸ਼ਹਾਦਤ ਪਰਵਾਨ ਕਰਕੇ ਉਸ ਨੂੰ ਧ੍ਰੂ ਦਾ ਪਦ ਬਖਸ਼ਿਆ ਅਤੇ ਹਰਿਬਾਣੀ ਦੀ ਲਿਖਤ ਆਰੰਭ ਹੋਈ ।

**੧ ਮਾਘ ੨੦੦੮ ਬਿਕ੍ਰਮੀ** - ਸਤਿਗੁਰਾਂ ਸਤਿਜੁਗ ਲਾਇਆ
**੧੦ ਚੇਤ ੨੦੦੯ ਬਿਕ੍ਰਮੀ** - ਸਵਾ ਤਿੰਨ ਵਜੇ ਚੌਮੁਖੀਏ ਦੀਵੇ ਜਗਾ ਕੇ ਗ੍ਰੰਥਾਂ ਤੇ ਲਿਖਤ ਲਿਖਣੀ ਸ਼ੁਰੂ ਕੀਤੀ

*** ਮਹਾਰਾਜ ਪੂਰਨ ਸਿੰਘ ਜੀ ਦਾ ਦੇਹ ਤਜਣਾ ***
**੨੭ ਚੇਤ ਸ਼ਹਿਨਸ਼ਾਹੀ ਸੰਮਤ ੧੨**
**(੯ ਅਪ੍ਰੈਲ ੧੯੭੬ ਈਸਵੀਂ, ੨੦੩੩ ਬਿਕ੍ਰਮੀ)**

**ਸਵਾ ਬੱਤੀ ਸਾਲ (੩੨-੧/੪)** ਜੋਤੀ ਜਾਮੇ ਦੀ ਖੇਡ ਮਾਤਲੋਕ ਅੰਦਰ ਹੋਈ - **(੨੬ ਪੋਹ ੨੦੦੦ ਬਿ ਤੋਂ ੨੭ ਚੇਤ ੨੦੩੩ ਬਿ (ਸ਼ਹਿਨਸ਼ਾਹੀ ਸੰਮਤ - ੧੨) ਯਾਨੀ ੯ ਜਨਵਰੀ ੧੯੪੪ ਤੋਂ ੯ ਅਪ੍ਰੈਲ ੧੯੭੬ ਈਸਵੀਂ ਤਕ)**

# * ਖਾਸ ਤਿਥੀਆਂ *

## ਗੁਰੂ ਗੋਬਿੰਦ ਸਿੰਘ ਜੀ

| | | |
|---|---|---|
| ਜਨਮ | ੧੭੨੩ ਬਿ | ੨੨-੧੨-੧੬੬੬ ਈ<br>22 Dec 1666 AD |
| ਪੰਜ ਪਿਆਰੇ ਸਾਜਣਾ | ੧੭੫੬ ਬਿ | ੫-੪-੧੬੯੯ ਈ<br>4 Apr 1699 AD |
| ਦੇਹ ਤੱਜਣਾ | ੧੭੬੫ ਬਿ | ੭-੧੦-੧੭੦੮ ਈ<br>7 Oct 1708 AD |

## ਬਾਬਾ ਮਹਿਤਾਬ ਸਿੰਘ ਜੀ

| | | |
|---|---|---|
| ਜਨਮ | ੧੮੪੬ ਬਿ | ੧੭੮੯ ਈ<br>1789 AD |
| ਦੇਹ ਤੱਜਣਾ | ੨੬ ਚੇਤ ੧੯੨੮ ਬਿ | ੧੮੭੧ ਈ<br>1871 AD |

## ਸੰਤ ਮਨੀ ਸਿੰਘ ਜੀ

| | | |
|---|---|---|
| ਦੇਹ ਤੱਜਣਾ | ੧੦ ਅੱਸੂ ੧੯੭੬ ਬਿ | ੨੬ ਸਤੰਬਰ ੧੯੧੮ ਈ<br>26 Sep 1918 AD |

## ਮਹਾਰਾਜ ਸ਼ੇਰ ਸਿੰਘ ਜੀ

| | | |
|---|---|---|
| ਅਵਤਾਰ ਧਾਰਨਾ | ੫ ਜੇਠ ੧੯੪੮ ਬਿ | ੧੮ ਮਈ ੧੮੯੧ ਈ<br>18 May 1891 AD |
| ਹਰਿਮੰਦਰ ਜਾਣਾ | ੧੯੫੨ ਬਿ | ੧੮੯੫ ਈ<br>1895 AD |
| ਅਨੰਦਪੁਰ ਜਾਣਾ | ੧੯੫੫ ਬਿ | ੧੮੯੮ ਈ<br>1898 AD |
| ਜੋਤੀ ਜੋਤ ਸਮਾਣਾ | ੨੬ ਪੋਹ ੨੦੦੦ ਬਿ | ੯ ਜਨਵਰੀ ੧੯੪੪ ਈ<br>9 Jan 1944 AD |

## ਮਹਾਰਾਜ ਪੂਰਨ ਸਿੰਘ ਜੀ

| | | |
|---|---|---|
| ਜਨਮ | ੫ ਜੇਠ ੧੯੭੧ ਬਿ | ੧੮ ਮਈ ੧੯੧੪ ਈ<br>18 May 1914 AD |
| ਜੋਤ ਪ੍ਰਵੇਸ਼ | ੨੬ ਪੋਹ ੨੦੦੦ ਬਿ | ੯ ਜਨਵਰੀ ੧੯੪੪ ਈ<br>9 Jan 1944 AD |
| ਜੈਕਾਰਾ ਪ੍ਰਸਿਧ ਕਰਨਾ | ੨੬ ਪੋਹ ੨੦੦੦ ਬਿ | ੧੯੪੪ ਈ<br>1944 AD |
| ਲਿਖਤ ਆਰੰਭ | ੭ ਜੇਠ ੨੦੦੬ ਬਿ | ੧੯੪੯ ਈ<br>1949 AD |
| ਸਤਿਜੁਗ ਲਾਇਆ | ੧ ਮਾਘ ੨੦੦੮ ਬਿ | ੧੯੫੧ ਈ<br>1951 AD |
| ਗ੍ਰੰਥਾਂ ਵਿਚ ਲਿਖਤ ਚੜ੍ਹਾਣਾ | ੧੦ ਚੇਤ ੨੦੦੯ ਬਿ | ੧੯੫੨ ਈ<br>1952 AD |
| ਨੀਂਹ-ਛੋਟੇ ਦਰਬਾਰ | ੫ ਪੋਹ ੨੦੧੧ ਬਿ | ੧੯੫੪ ਈ<br>1954 AD |
| ਨੀਂਹ-ਜੇਠੂਵਾਲ ਦਰਬਾਰ | ੧੮ ਕੱਤਕ ੨੦੧੮ ਬਿ | ੧੯੬੧ ਈ<br>1961 AD |
| ਨੀਂਹ-ਦਿੱਲੀ ਦਰਬਾਰ | ੯ ਮਾਘ ਸ਼ ਸੰ ੧੦ | ੧੯੭੫ ਈ<br>1975 AD |
| ਜੋਤੀ ਜੋਤ ਸਮਾਣਾ | ੨੭ ਚੇਤ ਸ਼ ਸੰ ੧੨ | ੯ ਅਪ੍ਰੈਲ ੧੯੭੬ ਈ<br>9 Apr 1976 AD |



* * * * *

